25-NOV-PAGE-1.qxd 11/24/2024 8:32 PM Page 1


ਸੋਮਵਾਰ, 25 ਨਵੰਬਰ, 2024

10 ਮੱਘਰ { ਨਾਨਕਸ਼ਾਹੀ 556 / ਬਿਕਰਮੀ 2081 }

ਜਿਲਦ/VOL. : 73

ਅੰਕ/NO. : 175

# ਨਵਾਂ ਜ਼ਮਾਨਾ

DAILY NAWAN ZAMANA • MONDAY, 25 NOVEMBER, 2024

ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 12


# ਸੰਭਲ 'ਚ ਜਜ਼ਬਾਤ ਭੜਕੇ, ਗੋਲੀਆਂ ਨਾਲ 3 ਮੌਤਾਂ

## ਜਾਮਾ ਮਸਜਿਦ ਦੇ ਸਰਵੇਖਣ ਦੌਰਾਨ ਲੋਕਾਂ ਤੇ ਪੁਲਸ ਵਿਚਾਲੇ ਟਕਰਾਅ







**ਸੰਭਲ (ਯੂ ਪੀ) :** ਇੱਥੇ ਮੁਗਲ ਕਾਲ ਵੇਲੇ ਦੀ ਇਕ ਮਸਜਿਦ ਦੇ ਐਤਵਾਰ ਸਰਵੇਖਣ ਦੌਰਾਨ ਹਿੰਸਾ ਭੜਕ ਗਈ ਤੇ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਇਸ ਸਰਵੇਖਣ ਦਾ ਲੋਕਾਂ ਵੱਲੋਂ ਵਿਰੋਧ ਕੀਤਾ ਗਿਆ ਤੇ ਉਨ੍ਹਾਂ ਦਾ ਪੁਲਸ ਨਾਲ ਟਕਰਾਅ ਹੋ ਗਿਆ। ਪਥਰਾਅ ਤੋਂ ਬਾਅਦ ਪੁਲਸ ਨੇ ਅੱਥਰੂ ਗੈਸ ਛੱਡੀ ਤੇ ਲਾਠੀਚਾਰਜ ਕੀਤਾ।

ਇਸ ਖੇਤਰ ਵਿਚ ਪਿਛਲੇ ਕੁਝ ਦਿਨਾਂ ਤੋਂ ਤਣਾਅ ਵਧਿਆ ਹੋਇਆ ਹੈ, ਕਿਉਂਕਿ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਥਾਂ 'ਤੇ ਅਸਲ 'ਚ ਇੱਕ ਪ੍ਰਾਚੀਨ ਹਿੰਦੂ ਮੰਦਰ ਸੀ। ਇਸ ਸੰਬੰਧੀ ਸਥਾਨਕ ਅਦਾਲਤ ਵਿਚ ਪਟੀਸ਼ਨ ਦਾਇਰ ਕੀਤੀ ਗਈ ਸੀ ਤੇ ਅਦਾਲਤ ਦੇ ਹੁਕਮਾਂ 'ਤੇ ਪਿਛਲੇ ਮੰਗਲਵਾਰ ਵੀ ਜਾਮਾ ਮਸਜਿਦ ਦਾ ਸਰਵੇਖਣ ਕੀਤਾ ਗਿਆ ਸੀ, ਜਿਸ 'ਚ ਦਾਅਵਾ ਕੀਤਾ ਗਿਆ ਸੀ ਕਿ ਇਸ ਥਾਂ 'ਤੇ ਇੱਕ ਮੰਦਰ ਹੈ।

ਭੀੜ ਬੇਕਾਬੂ ਹੋ ਗਈ ਅਤੇ ਉਸ ਨੇ ਕਈ ਥਾਈਂ ਅੱਗ ਲਾ ਦਿੱਤੀ ਤੇ ਪੁਲਸ ਤੇ ਪ੍ਰਸ਼ਾਸਨ ਦੀਆਂ ਟੀਮਾਂ 'ਤੇ ਪਥਰਾਅ ਕੀਤਾ। ਮਰਨ ਵਾਲੇ ਨੌਜਵਾਨਾਂ ਦੇ ਪਰਵਾਰਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਬੱਚਿਆਂ ਦੀ ਮੌਤ ਪੁਲਸ ਦੀਆਂ ਗੋਲੀਆਂ ਨਾਲ ਹੋਈ ਹੈ। ਮੁਰਾਦਾਬਾਦ ਦੇ ਡਵੀਜ਼ਨਲ ਕਮਿਸ਼ਨਰ ਔਜੰਨਯਾ ਕੁਮਾਰ ਸਿੰਘ ਨੇ ਕਿਹਾ ਕਿ ਨਈਮ, ਬਿਲਾਲ ਤੇ ਨੌਮਾਨ ਨਾਂ ਦੇ ਵਿਅਕਤੀਆਂ ਦੀ ਮੌਤ ਹੋਈ ਹੈ। ਐੱਸ ਪੀ ਦੇ ਗੰਨਰ ਸਣੇ ਕੁਝ ਪੁਲਸ ਵਾਲੇ ਵੀ ਜ਼ਖਮੀ ਹੋਏ ਹਨ। 10 ਵਿਅਕਤੀਆਂ ਨੂੰ ਹਿਰਾਸਤ 'ਚ ਲਿਆ ਗਿਆ ਹੈ।

ਅਧਿਕਾਰੀਆਂ ਨੇ ਕਿਹਾ ਹੈ ਕਿ ਨੌਜਵਾਨਾਂ ਦੀ ਮੌਤ ਸ਼ਰਾਰਤੀਆਂ ਦੀਆਂ ਗੋਲੀਆਂ ਨਾਲ ਹੋਈ ਹੈ। ਕਮਿਸ਼ਨਰ ਨੇ ਕਿਹਾ ਕਿ ਛੱਤਾਂ ਤੋਂ ਗੋਲੀਆਂ ਚਲਾਈਆਂ ਗਈਆਂ ਸਨ, ਜਿਸ ਕਾਰਨ ਮੌਤਾਂ ਹੋਈਆਂ। ਗੜਬੜ ਕਰਨ ਵਾਲਿਆਂ ਖਿਲਾਫ ਐੱਨ ਐੱਸ ਏ ਤਹਿਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਡੀ ਆਈ ਜੀ ਤੇ ਆਈ ਜੀ ਕਾਫੀ ਫੋਰਸ ਨਾਲ ਮੌਜੂਦ ਸਨ।

ਇਸ ਤੋਂ ਪਹਿਲਾਂ ਵਿਵਾਦਤ ਸਥਾਨ 'ਤੇ ਅਦਾਲਤ ਦੇ ਹੁਕਮਾਂ ਵਜੋਂ ਐਡਵੋਕੇਟ ਕਮਿਸ਼ਨਰ ਵੱਲੋਂ ਦੂਜਾ ਸਰਵੇਖਣ ਸਵੇਰੇ 7 ਵਜੇ ਸ਼ੁਰੂ ਕਰਵਾਇਆ ਗਿਆ, ਇਸ ਦੌਰਾਨ ਭੀੜ ਇਕੱਠੀ ਹੋਣ ਲੱਗੀ ਤੇ ਉਨ੍ਹਾਂ ਨੇ ਪੁਲਸ ਤੇ ਟੀਮ ਦਾ ਵਿਰੋਧ ਕੀਤਾ, ਜਿਸ ਤੋਂ ਬਾਅਦ ਪੁਲਸ ਬਲਾਂ ਨੇ ਸਖਤੀ ਵਰਤੀ।

ਇਸੇ ਦੌਰਾਨ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਹੁਕਮਰਾਨ ਭਾਜਪਾ ਤੇ ਪ੍ਰਸ਼ਾਸਨ ਨੇ ਮਿਲ ਕੇ ਹਿੰਸਾ ਕਰਵਾਈ ਹੈ, ਤਾਂ ਜੋ ਜ਼ਿਮਨੀ ਚੋਣਾਂ ਵਿੱਚ ਕੀਤੀ ਹੇਰਾਫੇਰੀ ਤੋਂ ਲੋਕਾਂ ਦਾ ਧਿਆਨ ਭਟਕਾਇਆ ਜਾ ਸਕੇ। ਉਨ੍ਹਾ ਕਿਹਾ ਕਿ ਸਰਵੇਖਣ ਟੀਮ ਜਾਣਬੁੱਝ ਕੇ ਸਵੇਰੇ ਘੱਲੀ ਗਈ, ਜਦੋਂ ਚੋਣਾਂ ਬਾਰੇ ਚਰਚਾ ਹੋ ਰਹੀ ਸੀ। ਇਰਾਦਾ ਅਫਰਾਤਫਰੀ ਦਾ ਮਾਹੌਲ ਪੈਦਾ ਕਰਨ ਦਾ ਸੀ, ਤਾਂ ਜੋ ਚੋਣ ਮੁੱਦਿਆਂ 'ਤੇ ਬਹਿਸ ਨਾ ਹੋ ਸਕੇ। ਉਨ੍ਹਾ ਲਖਨਊ ਵਿੱਚ ਪ੍ਰੈਸ ਕਾਨਫਰੰਸ 'ਚ ਕਿਹਾ—ਮੈਂ ਕਾਨੂੰਨੀ ਜਾਂ ਪ੍ਰਕਿਰਿਆ ਦੇ ਪੱਖਾਂ 'ਤੇ ਨਹੀਂ ਜਾਣਾ ਚਾਹੁੰਦਾ ਪਰ ਦੂਜੀ ਧਿਰ ਨੂੰ ਸੁਣਿਆ ਨਹੀਂ ਗਿਆ। ਚੋਣਾਂ ਵਿਚ ਕੀਤੀ ਗਈ ਹੇਰਾਫੇਰੀ ਤੋਂ ਧਿਆਨ ਭਟਕਾਉਣ ਲਈ ਜਾਣਬੁੱਝ ਕੇ ਜਜ਼ਬਾਤ ਭੜਕਾਏ ਗਏ।

# ਬਰਫ 'ਤੇ ਹੀ ਬੱਚੇ ਨੂੰ ਜਨਮ ਦੇਣ ਲਈ ਮਜਬੂਰ



**ਸ੍ਰੀਨਗਰ :** ਉੱਤਰੀ ਕਸ਼ਮੀਰ ਦੇ ਕੁਪਵਾੜਾ ਜ਼ਿਲ੍ਹੇ ਦੇ ਦੂਰ-ਦਰਾਜ ਵਸੇ ਛੋਟੇ ਜਿਹੇ ਪਿੰਡ ਮਾਛਿਲ 'ਚ ਬਰਫ ਨਾਲ ਲੱਦੀ ਸੜਕ ਸਾਫ ਨਾ ਕੀਤੇ ਜਾਣ ਕਾਰਨ ਹਸਪਤਾਲ ਪੁੱਜਣ 'ਚ ਨਾਕਾਮ ਰਹੀ ਗਰਭਵਤੀ ਮਹਿਲਾ ਬਰਫ 'ਤੇ ਹੀ ਬੱਚੇ ਨੂੰ ਜਨਮ ਦੇਣ ਲਈ ਮਜਬੂਰ ਹੋ ਗਈ।

ਸਥਾਨਕ ਲੋਕਾਂ ਨੇ ਇਸ ਨੂੰ ਪ੍ਰਸ਼ਾਸਨ ਦੀ ਲਾਪਰਵਾਹੀ ਦੱਸਦੇ ਹੋਏ ਕਿਹਾ ਕਿ ਕੁਝ ਇੰਚ ਬਰਫਬਾਰੀ ਨਾਲ ਹੀ ਸੜਕ ਚੱਲਣ ਦੇ ਲਾਇਕ ਨਹੀਂ ਰਹਿ ਜਾਂਦੀ, ਇਹ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸੜਕਾਂ ਨੂੰ ਸਾਫ ਕਰੇ। ਸਿਰਫ ਕੁਝ ਇੰਚ ਬਰਫ ਨੂੰ ਸੜਕ ਤੋਂ ਹਟਾਉਣ ਤੋਂ ਪ੍ਰਸ਼ਾਸਨ ਫੇਲ੍ਹ ਰਿਹਾ ਤੇ ਗਰਭਵਤੀ ਨੂੰ ਬਰਫ 'ਤੇ ਬੱਚੇ ਨੂੰ ਜਨਮ ਦੇਣਾ ਪਿਆ। ਸਥਾਨਕ ਨਿਵਾਸੀ ਮੁਹੰਮਦ ਜਮਾਲ ਨੇ ਖੇਤਰ 'ਚ ਸਿਹਤ ਸਹੂਲਤਾਂ ਨਾ ਹੋਣ 'ਤੇ ਪ੍ਰਸ਼ਾਸਨ ਦੀ ਆਲੋਚਨਾ ਕਰਦਿਆਂ ਕਿਹਾ ਕਿ ਹੈਲਥ ਸੈਂਟਰ ਤਾਂ ਹੈ ਪਰ ਡਾਕਟਰ ਨਹੀਂ, ਮਾਂ ਅਤੇ ਬੱਚੇ ਨੂੰ ਬਚਾਉਣ ਲਈ ਉਨ੍ਹਾਂ ਕਈ ਘੰਟੇ ਸੰਘਰਸ਼ ਕੀਤਾ। ਇਸ ਘਟਨਾ ਕਰਕੇ ਲੋਕਾਂ 'ਚ ਗੁੱਸਾ ਹੈ। ਇਸੇ ਦੌਰਾਨ ਤਹਿਸੀਲਦਾਰ ਸਾਕਿਬ ਅਹਿਮਦ ਨੇ ਦੋਸ਼ਾਂ ਦਾ ਖੰਡਨ ਕਰਦੇ ਹੋਏ ਇਸ ਨੂੰ ਝੂਠ ਦੱਸਿਆ। ਉਨ੍ਹਾ ਕਿਹਾ ਕਿ ਮਹਿਲਾ ਨੂੰ ਤੇਜ਼ ਦਰਦ ਹੋਇਆ ਅਤੇ ਉਸ ਨੇ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਬੱਚੇ ਨੂੰ ਜਨਮ ਦੇ ਦਿੱਤਾ। ਉਨ੍ਹਾ ਕਿਹਾ ਕਿ ਮਾਂ ਅਤੇ ਬੱਚਾ ਦੋਵੇਂ ਸਹੀ ਸਲਾਮਤ ਹਨ। ਸਾਕਿਬ ਅਹਿਮਦ ਨੇ ਕਿਹਾ ਕਿ ਪ੍ਰਸ਼ਾਸਨ ਨੇ ਪਹਿਲਾਂ ਹੀ ਗਰਭਵਤੀ ਮਹਿਲਾਵਾਂ ਨੂੰ ਬਰਫਬਾਰੀ ਕਾਰਨ ਤੱਤਕਾਲ ਸਿਹਤ ਸਹੂਲਤਾਂ ਲਈ ਕੁਪਵਾੜਾ 'ਚ ਰਹਿਣ ਦੀ ਸਲਾਹ ਦਿੱਤੀ ਸੀ।

ਬਰਫ਼ ਹਟਾਉਣ ਦੇ ਸੰਬੰਧ 'ਚ ਤਹਿਸੀਲਦਾਰ ਨੇ ਕਿਹਾ ਕਿ ਪ੍ਰਮੁੱਖ ਸੜਕਾਂ ਨੂੰ ਸਾਫ ਕਰ ਦਿੱਤਾ ਗਿਆ ਹੈ ਅਤੇ ਬਾਕੀ ਸਾਫ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਦਰਮਿਆਨ ਗੁਲਮਰਗ ਸਣੇ ਹੋਰ ਉੱਚੇ ਇਲਾਕਿਆਂ 'ਚ ਬਰਫਬਾਰੀ ਹੋਈ, ਜਿਸ ਨਾਲ ਕਸ਼ਮੀਰ ਵਾਦੀ ਦੇ ਮੈਦਾਨੀ ਇਲਾਕਿਆਂ 'ਚ ਮੀਂਹ ਪੈਣ ਦੀ ਸੰਭਾਵਨਾ ਵਧ ਗਈ ਹੈ। ਗੁਲਮਰਗ 'ਚ ਸਨੀਵਾਰ ਸ਼ਾਮ ਤੋਂ ਦਰਮਿਆਨੀ ਬਰਫਬਾਰੀ ਹੋਈ, ਜੋ ਐਤਵਾਰ ਤੜਕੇ ਤੱਕ ਜਾਰੀ ਰਹੀ। ਕੁਪਵਾੜਾ ਜ਼ਿਲ੍ਹੇ ਦੇ ਕਰਨਾਹ ਅਤੇ ਬਾਂਦੀਪੋਰਾ ਜ਼ਿਲ੍ਹੇ ਦੇ ਤੁਲੈਲ 'ਚ ਵੀ ਦਰਮਿਆਨੀ ਬਰਫਬਾਰੀ ਹੋਈ ਹੈ। ਰਾਤ ਸਮੇਂ ਸ੍ਰੀਨਗਰ ਅਤੇ ਬਡਗਾਮ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਸਮੇਤ ਕਸ਼ਮੀਰ ਦੇ ਮੈਦਾਨੀ ਇਲਾਕਿਆਂ 'ਚ ਮੀਂਹ ਪਿਆ, ਜਿਸ ਕਾਰਨ ਦਿਨ ਦਾ ਤਾਪਮਾਨ ਡਿਗ ਗਿਆ। ਸ੍ਰੀਨਗਰ ਸ਼ਹਿਰ ਦਾ ਘੱਟ ਤੋਂ ਘੱਟ ਤਾਪਮਾਨ 4.8 ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ, ਜੋ ਸਾਲ ਦੇ ਇਸ ਸਮੇਂ ਲਈ ਆਮ ਵਾਂਗ ਹੈ। ਪਹਿਲਗਾਮ ਅਤੇ ਗੁਲਮਰਗ ਦਾ ਤਾਪਮਾਨ ਸਿਫਰ ਤੋਂ ਹੇਠਾਂ ਦਰਜ ਕੀਤਾ ਗਿਆ, ਦੋਵਾਂ ਥਾਵਾਂ 'ਤੇ ਘੱਟੋ-ਘੱਟ ਤਾਪਮਾਨ ਆਮ ਨਾਲੋਂ ਥੋੜ੍ਹਾ ਵੱਧ ਸੀ।

## ਧਮਾਕੇ ਨਾਲ ਜਵਾਨ ਜ਼ਖਮੀ

**ਸੁਕਮਾ (ਛੱਤੀਸਗੜ੍ਹ) :** ਨਕਸਲੀਆਂ ਨੇ ਰਾਏਗੁਡਾਮ ਅਤੇ ਤੁਮਾਲਪਾੜ ਦਰਮਿਆਨ ਆਈ ਈ ਡੀ ਧਮਾਕਾ ਕੀਤਾ, ਜਿਸ ਨਾਲ ਇਕ ਜਵਾਨ ਜ਼ਖਮੀ ਹੋ ਗਿਆ। ਇਸ ਤੋਂ ਦੋ ਦਿਨ ਪਹਿਲਾਂ ਸੁਕਮਾ ਜ਼ਿਲ੍ਹੇ 'ਚ ਮੁਕਾਬਲੇ 'ਚ ਦਸ ਨਕਸਲੀ ਮਾਰੇ ਗਏ ਸਨ।

## ਸੋਰੇਨ ਵੱਲੋਂ ਦਾਅਵਾ ਪੇਸ਼



**ਰਾਂਚੀ :** ਝਾਰਖੰਡ ਮੁਕਤੀ ਮੋਰਚਾ ਦੇ ਕਾਰਜਕਾਰੀ ਪ੍ਰਧਾਨ ਹੇਮੰਤ ਸੋਰੇਨ ਨੇ ਐਤਵਾਰ ਰਾਜਪਾਲ ਸੰਤੋਸ਼ ਗੰਗਵਾਰ ਨਾਲ ਮੁਲਾਕਾਤ ਕੀਤੀ ਅਤੇ ਅਗਲੀ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਉਨ੍ਹਾ ਨਾਲ ਝਾਰਖੰਡ ਦੇ ਕਾਂਗਰਸ ਇੰਚਾਰਜ ਜੀ ਏ ਮੀਰ ਅਤੇ ਇੰਡੀਆ ਗੱਠਜੋੜ 'ਚ ਭਾਈਵਾਲ ਪਾਰਟੀਆਂ ਦੇ ਨੁਮਾਇੰਦੇ ਵੀ ਸਨ। ਮੌਜੂਦਾ ਮੁੱਖ ਮੰਤਰੀ ਹੇਮੰਤ ਸੋਰੇਨ ਦੇ 26 ਨਵੰਬਰ ਨੂੰ ਮੁੜ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੀ ਉਮੀਦ ਹੈ। ਜੇ ਐੱਮ ਐੱਮ ਦੀ ਅਗਵਾਈ ਵਾਲੇ ਗੱਠਜੋੜ ਨੇ 81 ਮੈਂਬਰੀ ਝਾਰਖੰਡ ਵਿਧਾਨ ਸਭਾ 'ਚ ਬਹੁਮਤ ਹਾਸਲ ਕੀਤਾ ਹੈ। ਸੋਰੇਨ ਨੇ ਕਿਹਾ ਕਿ ਉਹ ਆਪਣੇ ਸੂਬੇ ਦੇ ਲੋਕਾਂ ਦੀ ਬਿਹਤਰੀ ਲਈ ਕੰਮ ਕਰਨਗੇ ਤੇ ਸਰਕਾਰ ਦੀਆਂ ਨੀਤੀਆਂ ਤੇ ਸਹੂਲਤਾਂ ਘਰ-ਘਰ ਪਹੁੰਚਾਈਆਂ ਜਾਣਗੀਆਂ।

## ਪੰਤ 27 ਕਰੋੜ 'ਚ ਵਿਕਿਆ

**ਜੇਦਾਹ (ਸਾਊਦੀ ਅਰਬ)**-ਭਾਰਤੀ ਕ੍ਰਿਕਟ ਟੀਮ ਦਾ ਵਿਕਟਕੀਪਰ ਰਿਸ਼ਭ ਪੰਤ ਇੰਡੀਅਨ ਪ੍ਰੀਮੀਅਰ ਲੀਗ ਦੇ ਇਤਿਹਾਸ 'ਚ ਸਭ ਤੋਂ ਮਹਿੰਗਾ ਖਿਡਾਰੀ ਬਣ ਗਿਆ ਹੈ। ਲਖਨਊ ਸੁਪਰ ਜਾਇੰਟਸ ਨੇ ਉਸ 'ਤੇ 27 ਕਰੋੜ ਰੁਪਏ ਦੀ ਬੋਲੀ ਲਾਈ, ਜਦਕਿ ਪੰਜਾਬ ਕਿੰਗਜ਼ ਨੇ ਕੇ ਕੇ ਆਰ ਨੂੰ ਇਸ ਸਾਲ ਖਿਤਾਬ ਦਿਵਾਉਣ ਵਾਲੇ ਕਪਤਾਨ ਸ਼੍ਰੇਅਸ ਅਈਅਰ ਨੂੰ 26.75 ਕਰੋੜ ਰੁਪਏ 'ਚ ਖਰੀਦਿਆ। ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ ਪੰਜਾਬ ਕਿੰਗਜ਼ ਨੇ 18 ਕਰੋੜ ਰੁਪਏ 'ਚ ਖਰੀਦਿਆ। ਦਿੱਲੀ ਕੈਪੀਟਲਜ਼ ਨੇ ਸਟਾਰਕ 'ਤੇ 11.75 ਕਰੋੜ ਰੁਪਏ ਦੀ ਬੋਲੀ ਲਾਈ।

# ਵੋਟਿੰਗ ਮਸ਼ੀਨਾਂ 'ਚ ਹੇਰ-ਫੇਰ ਦੀ ਆਮ ਚਰਚਾ : ਮਾਇਆਵਤੀ



**ਲਖਨਊ :** ਮਹਾਰਾਸ਼ਟਰ ਤੇ ਝਾਰਖੰਡ ਅਸੰਬਲੀ ਅਤੇ ਯੂ ਪੀ 'ਚ ਜ਼ਿਮਨੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਬਸਪਾ ਦੀ ਕੌਮੀ ਪ੍ਰਧਾਨ ਮਾਇਆਵਤੀ ਨੇ ਐਤਵਾਰ ਐਲਾਨ ਕੀਤਾ ਕਿ ਉਨ੍ਹਾਂ ਦੀ ਪਾਰਟੀ ਉਦੋਂ ਤੱਕ ਦੇਸ਼ 'ਚ ਕੋਈ ਵੀ ਜ਼ਿਮਨੀ ਚੋਣ ਨਹੀਂ ਲੜੇਗੀ, ਜਦੋਂ ਤੱਕ ਚੋਣ ਕਮਿਸ਼ਨ ਇਨ੍ਹਾਂ ਚੋਣਾਂ 'ਚ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਨੂੰ ਰੋਕਣ ਲਈ ਸਖਤ ਕਦਮ ਚੁੱਕਣ ਦਾ ਭਰੋਸਾ ਨਹੀਂ ਦਿੰਦਾ। ਬਸਪਾ ਪ੍ਰਧਾਨ ਨੇ ਦੋਸ਼ ਲਾਇਆ ਕਿ ਯੂ ਪੀ ਦੀਆਂ ਜ਼ਿਮਨੀ ਚੋਣਾਂ ਦੌਰਾਨ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਗਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਇਆਵਤੀ ਨੇ ਕਿਹਾ ਕਿ ਯੂ ਪੀ ਅਸੰਬਲੀ ਦੀਆਂ ਨੌਂ ਸੀਟਾਂ 'ਤੇ ਹੋਈਆਂ ਜ਼ਿਮਨੀ ਚੋਣਾਂ 'ਚ ਇਹ ਆਮ ਚਰਚਾ ਰਹੀ ਕਿ ਇਨ੍ਹਾਂ ਵਿਚ ਈ ਵੀ ਐੱਮ ਵਿਚ ਹੇਰ-ਫੇਰ ਕਰਕੇ ਵੋਟਾਂ ਪਵਾਈਆਂ ਗਈਆਂ। ਉਨ੍ਹਾ ਕਿਹਾ ਕਿ ਪਹਿਲਾਂ ਬੈਲਟ ਪੇਪਰ ਰਾਹੀਂ ਦੁਰਵਰਤੋਂ ਹੋਣ ਦੀਆਂ ਗੱਲਾਂ ਹੁੰਦੀਆਂ ਸਨ, ਪਰ ਹੁਣ ਈ ਵੀ ਐੱਮ 'ਚ ਵੀ ਅਜਿਹਾ ਹੀ ਕੀਤਾ ਜਾ ਰਿਹਾ ਹੈ, ਜਿਹੜਾ ਲੋਕਤੰਤਰ 'ਚ ਗਲਤ ਹੈ। ਹੁਣ ਮਹਾਰਾਸ਼ਟਰ ਦੇ ਚੋਣ ਨਤੀਜਿਆਂ 'ਤੇ ਵੀ ਸਵਾਲ ਉਠਾਏ ਜਾ ਰਹੇ ਹਨ। ਇਹ ਦੇਸ਼ ਲਈ ਚਿੰਤਾਜਨਕ ਹੈ। ਇਸ ਕਰਕੇ ਉਨ੍ਹਾਂ ਦੀ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਜਦੋਂ ਤੱਕ ਦੇਸ਼ ਦਾ ਚੋਣ ਕਮਿਸ਼ਨ ਇਸ ਸਥਿਤੀ ਨੂੰ ਰੋਕਣ ਲਈ ਕੁਝ ਸਖਤ ਕਦਮ ਨਹੀਂ ਚੁੱਕਦਾ, ਉਦੋਂ ਤੱਕ ਉਨ੍ਹਾਂ ਦੀ ਪਾਰਟੀ ਕੋਈ ਵੀ ਜ਼ਿਮਨੀ ਚੋਣ ਨਹੀਂ ਲੜੇਗੀ।

# ਜੀ ਪੀ ਐੱਸ ਨੇ ਲੈ ਲਈਆਂ ਤਿੰਨ ਜਾਨਾਂ



**ਬਰੇਲੀ :** ਜੀ ਪੀ ਐੱਸ ਸਿਸਟਮ ਦੇ ਭਰੋਸੇ ਆਪਣੀ ਮੰਜ਼ਲ ਤੱਕ ਪਹੁੰਚਣ ਦੀ ਕੋਸ਼ਿਸ਼ ਕਿਸੇ ਦੀ ਜ਼ਿੰਦਗੀ ਦਾ ਆਖਰੀ ਪਲ ਵੀ ਹੋ ਸਕਦਾ ਹੈ। ਉਤਰ ਪ੍ਰਦੇਸ਼ 'ਚ ਇੱਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਨਾਲ ਵਿਆਹ ਸਮਾਰੋਹ 'ਚ ਜਾ ਰਹੇ ਕਾਰ 'ਚ ਸਵਾਰ 3 ਦੋਸਤਾਂ ਦੀ ਮੌਤ ਹੋ ਗਈ। ਪਰਵਾਰਕ ਮੈਂਬਰਾਂ ਦਾ ਦਾਅਵਾ ਹੈ ਕਿ ਹਾਦਸਾ ਜੀ ਪੀ ਐੱਸ ਸਿਸਟਮ ਦੇ ਚਲਦੇ ਹੋਏ ਹੋਇਆ, ਕਿਉਂਕਿ ਕਾਰ ਜੀ ਪੀ ਐੱਸ ਸਿਸਟਮ ਦੇ ਸਹਾਰੇ ਜਾ ਰਹੀ ਸੀ। ਹਾਲਾਂਕਿ ਹਾਦਸਾ ਜੀ ਪੀ ਐੱਸ ਸਿਸਟਮ ਦੇ ਚਲਦੇ ਹੋਇਆ ਜਾ ਨਹੀਂ, ਇਸ ਨੂੰ ਲੈ ਕੇ ਪੁਲਸ ਨੇ ਬਿਆਨ ਜਾਰੀ ਨਹੀਂ ਕੀਤਾ।

ਪੁਲਸ ਦਾ ਕਹਿਣਾ ਹੈ ਕਿ ਰਾਮਗੰਗਾ ਪੁਲ ਦੇ ਨੇੜੇ ਇੱਕ ਗੱਡੀ ਪੁਲ ਤੋਂ ਡਿਗ ਕੇ ਹਾਦਸਾਗ੍ਰਸਤ ਹੋ ਗਈ। ਸੂਚਨਾ 'ਤੇ ਫਰੀਦਪੁਰ ਅਤੇ ਦਾਤਾਗੰਜ ਬਦਾਯੂੰ ਦੀ ਪੁਲਸ ਮੌਕੇ 'ਤੇ ਪਹੁੰਚੀ ਤੇ ਮੌਕੇ ਤੋਂ ਤਿੰਨ ਲੋਕਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ।

ਪੁਲਸ ਨੇ ਦੱਸਿਆ ਕਿ ਪੁਲ ਤੋਂ ਕਾਰ ਥੱਲੇ ਡਿਗਣ ਦੀ ਸੂਚਨਾ ਪਿੰਡ ਵਾਸੀਆਂ ਨੇ ਦਿੱਤੀ। ਜਿਸ ਤੋਂ ਬਾਅਦ ਮੌਕੇ 'ਤੇ ਪਹੁੰਚੀ ਪੁਲਸ ਨੇ ਲਾਸ਼ਾਂ ਨੂੰ ਕੱਢਿਆ ਅਤੇ ਪੋਸਟਮਾਰਟਮ ਲਈ ਭੇਜ ਦਿੱਤਾ। ਤਿੰਨੇ ਕਾਰ ਸਵਾਰ ਮੈਨਪੁਰੀ ਨਿਵਾਸੀ ਕੌਸ਼ਲ ਕੁਮਾਰ, ਫਰੁਖਾਬਾਦ ਦੇ ਵਿਵੇਕ ਕੁਮਾਰ ਅਤੇ ਅਮਿਤ ਸਨ। ਕਾਰ ਦਾਤਾਗੰਜ ਵੱਲ ਜਾ ਰਹੀ ਸੀ। ਇਸ ਦੌਰਾਨ ਕਾਰ ਅਧੂਰੇ ਪੁਲ 'ਤੇ ਚੜ੍ਹ ਗਈ ਅਤੇ ਫਿਰ ਪੁਲ ਖ਼ਤਮ ਹੁੰਦੇ ਹੀ ਕਾਰ ਨਦੀ 'ਚ ਡਿਗ ਗਈ।

# ਕੋਹਲੀ ਦਾ ਤੀਹਵਾਂ ਟੈਸਟ ਸੈਂਕੜਾ

**ਪਰਥ :** ਭਾਰਤ ਨੇ ਆਸਟਰੇਲੀਆ ਖਿਲਾਫ ਬਾਰਡਰ ਗਵਾਸਕਰ ਟਰਾਫੀ ਦੇ ਪਰਥ ਟੈਸਟ ਦੇ ਤੀਜੇ ਦਿਨ ਦੀ ਖੇਡ ਖਤਮ ਹੋਣ ਤੋਂ ਪਹਿਲਾਂ ਮੇਜ਼ਬਾਨ ਟੀਮ ਨੂੰ ਜਿੱਤਣ ਲਈ 534 ਦੌੜਾਂ ਦਾ ਟੀਚਾ ਦਿੱਤਾ ਹੈ। ਭਾਰਤ ਨੇ ਆਪਣੀ ਦੂਜੀ ਪਾਰੀ ਛੇ ਵਿਕਟਾਂ ਦੇ ਨੁਕਸਾਨ ਨਾਲ 487 ਦੌੜਾਂ 'ਤੇ ਐਲਾਨ ਦਿੱਤੀ। ਇਸ ਪਾਰੀ ਵਿਚ ਯਸ਼ੱਸਵੀ ਜੈਸਵਾਲ ਦੀਆਂ 161 ਦੌੜਾਂ ਤੋਂ ਇਲਾਵਾ ਵਿਰਾਟ ਕੋਹਲੀ ਦਾ ਸੈਂਕੜਾ ਵੀ ਹੈ। ਵਿਰਾਟ ਨੇ ਟੈਸਟ ਕਰੀਅਰ ਦਾ 30ਵਾਂ ਸੈਂਕੜਾ ਜੜਿਆ। ਇਸ ਟੀਚੇ ਦਾ ਪਿੱਛਾ ਕਰਦਿਆਂ ਸਟੰਪ ਤੱਕ ਆਸਟਰੇਲੀਆ ਦੇ ਤਿੰਨ ਖਿਡਾਰੀ ਸਿਰਫ 12 ਦੌੜਾਂ 'ਤੇ ਆਊਟ ਵੀ ਹੋ ਗਏ ਹਨ। ਇਸ ਤੋਂ ਪਹਿਲਾਂ ਆਸਟਰੇਲੀਆਈ ਟੀਮ ਪਹਿਲੀ ਪਾਰੀ 'ਚ 104 ਦੌੜਾਂ ਬਣਾ ਕੇ ਆਲ ਆਊਟ ਹੋ ਗਈ ਸੀ ਜਦਕਿ ਭਾਰਤ ਨੇ ਪਹਿਲੀ ਪਾਰੀ ਵਿੱਚ 150 ਦੌੜਾਂ ਬਣਾਈਆਂ ਸਨ।

# ਕਾਂਗਰਸ ਵੱਲੋਂ ਸੰਸਦ 'ਚ ਅਡਾਨੀ ਮੁੱਦੇ 'ਤੇ ਚਰਚਾ ਕਰਾਉਣ ਲਈ ਜ਼ੋਰ

**ਨਵੀਂ ਦਿੱਲੀ :** ਸੋਮਵਾਰ ਸ਼ੁਰੂ ਹੋ ਰਹੇ ਸੰਸਦ ਦੇ ਸਰਦ ਰੁੱਤ ਅਜਲਾਸ ਤੋਂ ਪਹਿਲਾਂ ਐਤਵਾਰ ਸਰਕਾਰ ਵੱਲੋਂ ਸੱਦੀ ਗਈ ਰਵਾਇਤੀ ਸਰਬ ਪਾਰਟੀ ਮੀਟਿੰਗ 'ਚ ਕਾਂਗਰਸ ਨੇ ਅਡਾਨੀ ਸਮੂਹ 'ਤੇ ਰਿਸ਼ਵਤਖੋਰੀ ਦੇ ਲੱਗੇ ਦੋਸ਼ਾਂ 'ਤੇ ਚਰਚਾ ਦੀ ਮੰਗ ਕੀਤੀ। ਇਸ ਤੋਂ ਇਲਾਵਾ ਵਿਰੋਧੀ ਪਾਰਟੀ ਨੇ ਮਨੀਪੁਰ ਮੁੱਦੇ, ਉੱਤਰੀ ਭਾਰਤ 'ਚ ਪ੍ਰਦੂਸ਼ਣ ਅਤੇ ਰੇਲ ਹਾਦਸਿਆਂ 'ਤੇ ਵੀ ਚਰਚਾ ਦੀ ਮੰਗ ਕੀਤੀ। ਕਾਂਗਰਸ ਆਗੂ ਪ੍ਰਮੋਦ ਤਿਵਾੜੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਅਜਲਾਸ ਵਿੱਚ ਅਡਾਨੀ ਸਮੂਹ 'ਤੇ ਰਿਸ਼ਵਤਖੋਰੀ ਦੇ ਦੋਸ਼ਾਂ 'ਤੇ ਚਰਚਾ ਦੀ ਇਜਾਜ਼ਤ ਦਿੱਤੀ ਜਾਵੇ। ਉਨ੍ਹਾਂ ਦੀ ਪਾਰਟੀ ਚਾਹੁੰਦੀ ਹੈ ਕਿ ਸੋਮਵਾਰ ਨੂੰ ਇਸ ਮੁੱਦੇ ਨੂੰ ਸੰਸਦ ਵਿਚ ਸਭ ਤੋਂ ਪਹਿਲਾਂ ਉਠਾਇਆ ਜਾਵੇ। ਰਾਜ ਸਭਾ ਮੈਂਬਰ ਨੇ ਕਿਹਾ ਕਿ ਇਹ ਦੇਸ਼ ਦੇ ਆਰਥਿਕ ਅਤੇ ਸੁਰੱਖਿਆ ਹਿੱਤਾਂ ਨਾਲ ਜੁੜਿਆ ਗੰਭੀਰ ਮੁੱਦਾ ਹੈ ਕਿਉਂਕਿ ਇਸ ਕੰਪਨੀ ਵੱਲੋਂ ਆਪਣੇ ਸੌਰ ਊਰਜਾ ਪ੍ਰਾਜੈਕਟਾਂ ਲਈ ਅਨੁਕੂਲ ਸੌਦੇ ਲਈ ਸਿਆਸਤਦਾਨਾਂ ਤੇ ਨੌਕਰਸ਼ਾਹਾਂ ਨੂੰ 2,300 ਕਰੋੜ ਰੁਪਏ ਤੋਂ ਵੱਧ ਦਾ ਭੁਗਤਾਨ ਕੀਤਾ ਗਿਆ ਸੀ।

ਕਾਂਗਰਸ ਆਗੂ ਨੇ ਕਿਹਾ ਕਿ ਕਾਂਗਰਸ ਉੱਤਰੀ ਭਾਰਤ 'ਚ ਗੰਭੀਰ ਹਵਾ ਪ੍ਰਦੂਸ਼ਣ, ਮਨੀਪੁਰ ਦੀ ਸਥਿਤੀ, ਜੋ ਕਾਬੂ ਤੋਂ ਬਾਹਰ ਹੋ ਗਈ ਹੈ ਅਤੇ ਰੇਲ ਹਾਦਸਿਆਂ ਵਰਗੇ ਮੁੱਦਿਆਂ 'ਤੇ ਵੀ ਚਰਚਾ ਚਾਹੁੰਦੀ ਹੈ। ਇਸ ਵੇਲੇ ਦਿੱਲੀ ਤੇ ਆਸ-ਪਾਸ ਦੇ ਖੇਤਰਾਂ ਵਿੱਚ ਪ੍ਰਦੂਸ਼ਣ ਨੇ ਲੋਕਾਂ ਦਾ ਨੱਕ ਵਿਚ ਦਮ ਕੀਤਾ ਹੋਇਆ ਹੈ ਤੇ ਲੋਕ ਗੰਭੀਰ ਬਿਮਾਰੀਆਂ ਦੀ ਮਾਰ ਹੇਠ ਆ ਰਹੇ ਹਨ।

# ਐੱਨ ਸੀ ਸੀ ਨਾਲ ਜੁੜਨ ਦਾ ਸੱਦਾ

**ਨਵੀਂ ਦਿੱਲੀ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਰੇਡੀਓ ਟਾਕ ਸ਼ੋਅ 'ਮਨ ਕੀ ਬਾਤ' ਵਿੱਚ ਵਿਦਿਆਰਥੀਆਂ ਨੂੰ ਨੈਸ਼ਨਲ ਕੈਡੇਟ ਕੋਰ (ਐੱਨ ਸੀ ਸੀ) ਨਾਲ ਜੁੜਨ ਲਈ ਪ੍ਰੇਰਿਆ। ਮੋਦੀ ਨੇ ਕਿਹਾ ਕਿ ਅੱਜ ਦਾ ਦਿਨ ਬਹੁਤ ਖਾਸ ਹੈ, ਕਿਉਂਕਿ ਅੱਜ ਐੱਨ ਸੀ ਸੀ ਦਿਵਸ ਹੈ। ਐੱਨ ਸੀ ਸੀ ਸਾਨੂੰ ਸਾਡੇ ਸਕੂਲ ਅਤੇ ਕਾਲਜ ਦੇ ਦਿਨਾਂ ਦੀ ਯਾਦ ਦਿਵਾਉਂਦੀ ਹੈ। ਮੋਦੀ ਨੇ ਕਿਹਾ ਕਿ ਉਹ ਵੀ ਇੱਕ ਐੱਨ ਸੀ ਸੀ ਕੈਡਿਟ ਰਹੇ ਹਨ ਅਤੇ ਇਸ ਲਈ ਉਹ ਪੂਰੇ ਵਿਸ਼ਵਾਸ ਨਾਲ ਕਹਿ ਸਕਦੇ ਹਨ ਕਿ ਇਸ ਤੋਂ ਮਿਲਿਆ ਤਜਰਬਾ ਅਨਮੋਲ ਹੈ। ਐੱਨ ਸੀ ਸੀ ਨੌਜਵਾਨਾਂ ਵਿੱਚ ਅਨੁਸ਼ਾਸਨ, ਅਗਵਾਈ ਅਤੇ ਸੇਵਾ ਦੀ ਭਾਵਨਾ ਪੈਦਾ ਕਰਦੀ ਹੈ, ਤੁਸੀਂ ਆਪਣੇ ਆਸ-ਪਾਸ ਦੇਖਿਆ ਹੋਵੇਗਾ, ਹੜ੍ਹ ਹੋਵੇ ਜਾਂ ਭੁਚਾਲ ਹੋਵੇ ਜਾਂ ਕੋਈ ਹਾਦਸਾ ਹੋਵੇ, ਐੱਨ ਸੀ ਸੀ ਕੈਡਿਟ ਉੱਥੇ ਜ਼ਰੂਰ ਪੁੱਜਦੇ ਹਨ ਤੇ ਲੋਕਾਂ ਦੀ ਮਦਦ ਕਰਦੇ ਹਨ। ਉਨ੍ਹਾ ਕਿਹਾ ਕਿ ਅੱਜ ਐੱਨ ਸੀ ਸੀ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। 2014 'ਚ ਲੱਗਭੱਗ 14 ਲੱਖ ਨੌਜਵਾਨ ਐੱਨ ਸੀ ਸੀ ਵਿੱਚ ਸ਼ਾਮਲ ਸਨ ਤੇ ਹੁਣ 2024 'ਚ ਦੋ ਲੱਖ ਤੋਂ ਵੱਧ ਨੌਜਵਾਨ ਐੱਨ ਸੀ ਸੀ ਵਿੱਚ ਸ਼ਾਮਲ ਹੋਏ। ਪਹਿਲਾਂ ਦੇ ਮੁਕਾਬਲੇ ਹੁਣ 5,000 ਤੋਂ ਵੱਧ ਸਕੂਲ ਅਤੇ ਕਾਲਜ ਐੱਨ ਸੀ ਸੀ ਦਾ ਹਿੱਸਾ ਹਨ ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਕਿ ਐੱਨ ਸੀ ਸੀ 'ਚ ਕੁੜੀਆਂ ਦੀ ਗਿਣਤੀ ਲੱਗਭੱਗ 25 ਫੀਸਦੀ ਸੀ, ਜੋ ਹੁਣ 40 ਫੀਸਦੀ ਦੇ ਕਰੀਬ ਹਨ।

# ਮਹੂਰਤ ਤੋਂ ਪਹਿਲਾਂ ਹੀ ਸੜ ਗਿਆ ਰੈਸਟੋਰੈਂਟ



**ਭੁੱਚੋ ਮੰਡੀ :** ਬਠਿੰਡਾ-ਜ਼ੀਰਕਪੁਰ ਕੌਮੀ ਮਾਰਗ 'ਤੇ ਆਦੇਸ਼ ਹਸਪਤਾਲ ਭੁੱਚੋ ਕਲਾਂ ਸਾਹਮਣੇ ਨਵੇਂ ਬਣੇ ਮਹਿਫੀਲੀਓ ਰੈਸਟੋਰੈਂਟ 'ਚ ਐਤਵਾਰ ਸਵੇਰੇ ਅੱਗ ਨਾਲ ਵੱਡਾ ਨੁਕਸਾਨ ਹੋ ਗਿਆ। ਇਸ ਮੌਕੇ ਸੌਂ ਰਹੇ ਰੈਸਟੋਰੈਂਟ ਦੇ ਛੇ ਕਰਮਚਾਰੀਆਂ ਨੇ ਗੁਆਂਢੀਆਂ ਦੇ ਸਹਿਯੋਗ ਨਾਲ ਬਾਹਰ ਨਿਕਲ ਕੇ ਜਾਨ ਬਚਾਈ। ਭੁੱਚੋ ਮੰਡੀ ਅਤੇ ਬਠਿੰਡਾ ਤੋਂ ਪਹੁੰਚੀਆਂ ਅੱਗ ਬੁਝਾਊ ਗੱਡੀਆਂ ਦੇ ਅਮਲੇ ਨੇ ਭਾਰੀ ਮੁਸ਼ੱਕਤ ਦੇ ਬਾਅਦ ਅੱਗ 'ਤੇ ਕਾਬੂ ਪਾਇਆ। ਉਸ ਸਮੇਂ ਤੱਕ ਸਭ ਕੁਝ ਸੜ ਕੇ ਸੁਆਹ ਹੋ ਚੁੱਕਾ ਸੀ। ਨਵੇਂ ਬਣੇ ਇਸ ਰੈਸਟੋਰੈਂਟ ਦਾ ਮਹੂਰਤ ਛੇ ਦਸੰਬਰ ਨੂੰ ਹੋਣਾ ਸੀ। ਸ਼ਨੀਵਾਰ ਰਾਤ ਇੱਥੇ ਪਾਰਟੀ ਰੱਖੀ ਗਈ ਸੀ ਤੇ ਸਵੇਰੇ ਸਭ ਕੁਝ ਖਤਮ ਹੋ ਗਿਆ। ਸ਼ੱਕ ਜਤਾਇਆ ਜਾ ਰਿਹਾ ਹੈ ਕਿ ਇਹ ਅੱਗ ਬਿਜਲੀ ਦੇ ਸ਼ਾਰਟ ਸਰਕਟ ਕਾਰਨ ਲੱਗੀ। ਰੈਸਟੋਰੈਂਟ ਦੇ ਮਾਲਕ ਵਿਪਨ ਬਾਂਸਲ ਅਤੇ ਉਸ ਦੇ ਪੁੱਤਰ ਵਰੁਣ ਬਾਂਸਲ ਨੇ ਦੱਸਿਆ ਕਿ ਉਹ ਅੱਗ ਲੱਗਣ ਤੋਂ ਦੋ ਘੰਟੇ ਪਹਿਲਾਂ ਹੀ ਰੈਸਟੋਰੈਂਟ ਬੰਦ ਕਰਵਾ ਕੇ ਘਰ ਆਏ ਸਨ। ਇਸ ਰੈਸਟੋਰੈਂਟ ਨੂੰ ਸ਼ਾਨਦਾਰ ਬਣਾਉਣ ਲਈ ਉਨ੍ਹਾਂ ਨੇ ਭਾਰੀ ਰਕਮ ਖਰਚ ਕੀਤੀ ਸੀ, ਜੋ ਮਿੱਟੀ 'ਚ ਮਿਲ ਗਈ। ਮੁਲਾਜ਼ਮ ਅਮਿਤ ਕੁਮਾਰ ਨੇ ਦੱਸਿਆ ਕਿ ਪਾਰਟੀ ਖਤਮ ਹੋਣ ਤੋਂ ਬਾਅਦ ਉਹ ਅਤੇ ਉਸ ਦੇ ਸਾਥੀ ਉਪਰਲੀ ਮੰਜ਼ਿਲ 'ਤੇ ਬਣੇ ਕਮਰਿਆਂ 'ਚ ਸੌਂ ਗਏ ਸਨ। ਕੁਝ ਦੇਰ ਬਾਅਦ ਗੁਆਂਢੀ ਨੇ ਫੋਨ ਕਰਕੇ ਉਸ ਨੂੰ ਦੱਸਿਆ ਕਿ ਰੈਸਟੋਰੈਂਟ ਵਿੱਚੋਂ ਧੂੰਆਂ ਨਿਕਲ ਰਿਹਾ ਹੈ। ਜਦੋਂ ਉਨ੍ਹਾਂ ਨੇ ਦੇਖਿਆ ਤਾਂ ਪੂਰੀ ਇਮਾਰਤ 'ਚ ਧੂੰਆਂ ਫੈਲਿਆ ਹੋਇਆ ਸੀ। ਇਹ ਸਭ ਕੁਝ ਦੇਖ ਕੇ ਉਹ ਘਬਰਾ ਗਏ ਅਤੇ ਆਪਣੀ ਆਪਣੀ ਜਾਨ ਬਚਾਉਣ ਲਈ ਭੱਜ ਗਏ। ਇਸ ਦੌਰਾਨ ਗੁਆਂਢੀਆਂ ਦੇ ਸਹਿਯੋਗ ਸਦਕਾ ਉਹ ਬਾਲਕੋਨੀ ਜ਼ਰੀਏ ਬਾਹਰ ਨਿਕਲੇ। ਬਠਿੰਡਾ ਛਾਉਣੀ ਦੀ ਪੁਲਸ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ।

## ਅੱਜ-ਨਾਮਾ

ਆਈ ਰਿਪੋਰਟ ਕਿਸਾਨ ਦੇ ਮਸਲਿਆਂ ਦੀ,
ਕਈਆਂ ਲੋਕਾਂ ਨੂੰ ਖੁਸ਼ੀ ਦੀ ਲਹਿਰ ਬੇਲੀ।
ਚਿਰਾਂ ਦੀ ਹੱਲ ਕਿਰਸਾਨੀ ਉਡੀਕਦੀ ਆ,
ਜਿਹੜੀ ਭੁਗਤਦੀ ਪਈ ਹੈ ਕਹਿਰ ਬੇਲੀ।
ਕੋਈ ਸਕੀਮ ਸਰਕਾਰਾਂ ਦੀ ਆਉਣ ਲੱਗੇ,
ਜਾਪਦੀ ਖੁੱਲ੍ਹਦੀ ਲਹਿਰ ਜਾਂ ਬਹਿਰ ਬੇਲੀ।
ਝੋਲੀ ਅੰਨ ਨਹੀਂ ਪਾਣੀ ਦੀ ਬੂੰਦ ਪਾਉਂਦੀ,
ਸੁੱਕੀ ਰੇਤ ਜਿਹੀ ਹੁੰਦੀ ਆ ਨਹਿਰ ਬੇਲੀ।
ਆ ਗਈ ਨਵੀਂ ਰਿਪੋਰਟ ਤੇ ਹੋਏ ਚਰਚਾ,
ਹੋਇਆ ਅਮਲ ਤਾਂ ਜਾਨਣਗੇ ਸੱਚ ਬੇਲੀ।
ਨਹੀਂ ਤਾਂ ਢੇਰਾਂ ਦੇ ਢੇਰ ਵਿੱਚ ਰੁਲੀ ਜਾਊ,
ਖਾਊ ਸਿਉਂਕ ਜਾਂ ਜਾਊ ਉਹ ਮੱਚ ਬੇਲੀ।

-ਤੀਸ ਮਾਰ ਖਾਂ

# ਜ਼ਿਮਨੀ ਚੋਣਾਂ 'ਚ ਲੋਕ ਪੱਖੀ ਨੀਤੀਆਂ ਦੇ ਹੱਕ 'ਚ ਜ਼ਬਰਦਸਤ ਫਤਵਾ : ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਕਿਹਾ ਕਿ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦਾ ਨਤੀਜਾ ਸੂਬਾ ਸਰਕਾਰ ਦੀਆਂ ਲੋਕ ਪੱਖੀ ਅਤੇ ਵਿਕਾਸ ਪੱਖੀ ਨੀਤੀਆਂ ਦੇ ਹੱਕ ਵਿੱਚ ਲੋਕਾਂ ਦਾ ਜ਼ਬਰਦਸਤ ਫਤਵਾ ਹੈ।ਨਵੀਂ ਦਿੱਲੀ 'ਚ ਪੰਜਾਬ ਭਵਨ ਵਿਖੇ ਲੋਕਾਂ ਲਈ ਡਾਇਨਿੰਗ ਹਾਲ ਖੋਲ੍ਹਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਤਿੰਨ ਸੀਟਾਂ 'ਤੇ 'ਆਪ' ਦੀ ਜਿੱਤ ਨੇ ਸੂਬੇ ਅਤੇ ਇਸ ਦੇ ਲੋਕਾਂ ਦੀ ਸੇਵਾ ਕਰਨ ਲਈ ਉਨ੍ਹਾਂ ਨੂੰ ਹੋਰ ਨਿਮਰਤਾ ਅਤੇ ਸਮਰਪਣ ਭਾਵਨਾ ਨਾਲ ਭਰ ਦਿੱਤਾ ਹੈ। ਉਨ੍ਹਾਂ ਕਿਹਾ ਕਿ 'ਆਪ' ਨੇ ਇਹ ਤਿੰਨ ਸੀਟਾਂ ਚੱਬੇਵਾਲ, ਡੇਰਾ ਬਾਬਾ ਨਾਨਕ ਅਤੇ ਗਿੱਦੜਬਾਹਾ ਕਾਂਗਰਸ ਤੋਂ ਖੋਹ ਲਈਆਂ ਹਨ। ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਅਤੇ ਸੂਬੇ ਦੀ ਤਰੱਕੀ ਲਈ ਬਣਾਈਆਂ ਜਾ ਰਹੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਲੋਕਾਂ ਨੇ ਪ੍ਰਵਾਨ ਕੀਤਾ ਹੈ।ਇਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਕਿਸਾਨਾਂ ਨੂੰ ਦੇਸ਼ ਦੀ ਰਾਜਧਾਨੀ ਦਿੱਲੀ ਆਉਣ ਤੋਂ ਰੋਕਣ ਦੀ ਬਜਾਏ ਕੇਂਦਰ ਸਰਕਾਰ ਨੂੰ ਉਨ੍ਹਾਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੇ ਲਟਕਦੇ ਮਸਲਿਆਂ ਨੂੰ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦੇਸ਼ ਦੇ ਨਾਗਰਿਕ ਹਨ ਅਤੇ ਉਨ੍ਹਾਂ ਨੂੰ ਦੇਸ਼ ਦੀ ਰਾਜਧਾਨੀ ਵਿੱਚ ਆਉਣ ਦਾ ਪੂਰਾ ਅਧਿਕਾਰ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਇਸ ਅਧਿਕਾਰ ਦੀ ਹਰ ਤਰ੍ਹਾਂ ਨਾਲ ਰਾਖੀ ਕੀਤੀ ਜਾਣੀ ਚਾਹੀਦੀ ਹੈ।ਮਾਨ ਨੇ ਵਿਅੰਗ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਰੂਸ ਅਤੇ ਯੂਕਰੇਨ ਦਰਮਿਆਨ ਮਸਲਾ ਸੁਲਝਾਉਣ ਦਾ ਸਿਹਰਾ ਲੈਣਾ ਪਸੰਦ ਕਰਦੇ ਹਨ ਪਰ ਉਹ ਆਪਣੇ ਕਿਸਾਨਾਂ, ਜਿਨ੍ਹਾਂ ਨੂੰ ਉਹ ਸਭ ਤੋਂ ਵੱਧ ਜਾਣਦੇ ਹਨ, ਨਾਲ ਸੰਬੰਧਤ ਮਸਲਿਆਂ ਨੂੰ ਸੁਲਝਾਉਂਦੇ ਨਹੀਂ ਲਗਦੇ।ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬੇ ਵਿੱਚ ਭਾਰਤ ਮਾਲਾ ਪ੍ਰੋਜੈਕਟਾਂ ਲਈ ਜ਼ਮੀਨ ਐਕਵਾਇਰ ਕਰਨ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ ਅਤੇ ਇਸ ਵਿੱਚ ਕੋਈ ਰੁਕਾਵਟ ਨਹੀਂ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਆਪਣੀਆਂ ਚਿੰਤਾਵਾਂ ਹਨ ਅਤੇ ਕੇਂਦਰ ਸਰਕਾਰ ਨੂੰ ਉਨ੍ਹਾਂ ਨੂੰ ਗੱਲਬਾਤ ਰਾਹੀਂ ਹੱਲ ਕਰਨਾ ਚਾਹੀਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮੰਦਭਾਗੀ ਗੱਲ ਹੈ ਕਿ ਕੇਂਦਰ ਸਰਕਾਰ

● ਬਾਕੀ ਸਫ਼ਾ 2 'ਤੇ

25-NOV-PAGE-1.qxd 11/24/2024 8:33 PM Page 2



## ਸੰਧਵਾਂ ਦੀ ਟੀਮ ਨੇ ਉਮੀਦਵਾਰਾਂ ਦੀ ਜਿੱਤ ਦੀ ਖੁਸ਼ੀ 'ਚ ਲੱਡੂ ਵੰਡੇ



**ਕੋਟਕਪੂਰਾ (ਗੁਰਪਾਲ ਭੁੱਲਰ)**-ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਆਪ ਦੀ ਜਿੱਤ ਦੀ ਖੁਸ਼ੀ 'ਚ ਸਪੀਕਰ ਸੰਧਵਾਂ ਦੀ ਟੀਮ ਵੱਲੋਂ ਗੋਲ ਚੌਕ ਕੋਟਕਪੂਰਾ ਵਿੱਚ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ।ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਇਹ 2027 ਦਾ ਸੈਮੀ ਫਾਈਨਲ ਸੀ, ਜਿਸ ਵਿੱਚ ਲੋਕਾਂ ਨੇ ਆਪ ਸਰਕਾਰ ਦੀ ਕਾਰਗੁਜ਼ਾਰੀ 'ਤੇ ਮੋਹਰ ਲਗਾਈ ਹੈ।ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ, ਮਣੀ ਧਾਲੀਵਾਲ, ਚੇਅਰਮੈਨ ਗੁਰਮੀਤ ਸਿੰਘ ਆਰੇ ਵਾਲੇ, ਸੁਖਵੰਤ ਸਿੰਘ ਸਰਾਂ ਜ਼ਿਲ੍ਹਾ ਯੂਥ ਪ੍ਰਧਾਨ, ਸੁਖਜੀਤ ਸਿੰਘ ਢਿੱਲਵਾਂ, ਅਮਨਦੀਪ ਸਿੰਘ ਬਾਬਾ ਆਦਿ ਨੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਗਿੱਦੜਬਾਹਾ ਹਲਕੇ ਦੀ ਜਿੱਤ ਵਿੱਚ ਕੋਟਕਪੂਰਾ ਹਲਕੇ ਦੇ ਵਰਕਰਾਂ ਤੇ ਅਹੁਦੇਦਾਰਾਂ ਦਾ ਯੋਗਦਾਨ ਬਹੁਤ ਅਹਿਮ ਰਿਹਾ ਹੈ, ਜਿਨ੍ਹਾਂ ਨੇ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਗਿੱਦੜਬਾਹਾ ਦੇ ਵੱਖ ਵੱਖ ਪਿੰਡਾਂ ਕਸਬਿਆਂ ਵਿੱਚ ਜਾ ਕੇ ਚੋਣ ਪ੍ਰਚਾਰ ਕੀਤਾ।ਇਸ ਮੌਕੇ ਬਲਜੀਤ ਸਿੰਘ ਸਰਪੰਚ ਕੋਠੇ ਅਨੋਖਪੁਰਾ, ਕੁਲਵਿੰਦਰ ਸਿੰਘ ਸਰਪੰਚ ਦੁਆਰੇਆਣਾ, ਰਕੇਸ਼ ਕੁਮਾਰ ਗਰਗ, ਰਣਜੀਤ ਸਿੰਘ ਸੇਖੋਂ, ਵਿੱਕੀ ਸਹੋਤਾ, ਗੁਰਮੇਲ ਸਿੰਘ ਵਾਂਦਰ ਜਟਾਣਾ, ਜੁਗਰਾਜ ਸਿੰਘ ਪ੍ਰਧਾਨ ਵਾਂਦਰ ਜਟਾਣਾ, ਸ਼ਰਨਜੀਤ ਸਿੰਘ ਸਰਪੰਚ ਬਾਬਾ ਦੀਪ ਸਿੰਘ ਨਗਰ, ਮਨਪ੍ਰੀਤ ਸਿੰਘ ਮੈਂਬਰ, ਲਛਮਣ ਸਿੰਘ ਸਰਪੰਚ ਵਾਂਦਰ ਜਟਾਣਾ, ਮਨਜਿੰਦਰ ਗੋਪੀ ਐੱਮ ਸੀ, ਜਗਤਾਰ ਸਿੰਘ ਜੱਗਾ ਸਰਪੰਚ ਖਾਰਾ, ਅਰੁਣ ਸਿੰਗਲਾ ਬਲਾਕ ਪ੍ਰਧਾਨ, ਸਵਤੰਤਰ ਜੋਸ਼ੀ ਐੱਮ ਸੀ, ਸੁਖਦੇਵ ਸਿੰਘ ਕੂਕਾ, ਸਿਕੰਦਰ ਸਿੰਘ ਸਮਾਘ, ਜਗਦੀਪ ਸਿੰਘ ਸਿਰਸਿੜੀ, ਗੁਰਵਿੰਦਰ ਸਿੰਘ, ਜਗਜੀਤ ਸਿੰਘ ਕੁਹਾਰ ਵਾਲਾ, ਕੁਲਦੀਪ ਸਿੰਘ ਸੰਧੂ ਮੌੜ, ਕੁਲਵੰਤ ਸਿੰਘ ਟੀਟੂ, ਜੁਗਿੰਦਰ ਸਿੰਘ, ਨਨਦੀਪ ਸਿੰਘ ਫੌਜੀ, ਮਨਪ੍ਰੀਤ ਸਿੰਘ ਨੰਬਰਦਾਰ, ਕਸ਼ਮੀਰ ਸਿੰਘ, ਨਰੇਸ਼ ਸਿੰਗਲਾ, ਹਰਪ੍ਰੀਤ ਸਿੰਘ ਮੁਹਾਰ, ਬਲਜੀਤ ਸਿੰਘ ਸੰਧੂ, ਸਰਬਜੀਤ ਸਿੰਘ ਮਚਾਕੀ, ਜਗਸੀਰ ਸਿੰਘ ਟਰਬੋ ਸਰਪੰਚ ਸਮੇਤ ਵੱਡੀ ਗਿਣਤੀ ਵਿੱਚ ਪੰਚ, ਸਰਪੰਚ ਤੇ ਆਪ ਵਲੰਟੀਅਰ ਹਾਜ਼ਰ ਸਨ।

## ਵਿਧਾਇਕ ਕੋਹਲੀ ਵੱਲੋਂ ਵਿਕਾਸ ਕਾਰਜਾਂ ਦਾ ਉਦਘਾਟਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਪਟਿਆਲਾ ਸ਼ਹਿਰ ਦੀਆਂ ਤਿੰਨ ਥਾਵਾਂ 'ਤੇ ਕਰੋੜਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਸ ਮੌਕੇ ਉਨ੍ਹਾਂ ਨਾਲ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਕਸੀਅਨ ਮਹਨ ਲਾਲ ਤੇ ਐੱਸ.ਡੀ.ਓ. ਅਮਿਤੇਸ਼ ਸਿੰਘ ਸਮੇਤ ਵੱਡੀ ਗਿਣਤੀ 'ਚ ਇਲਾਕੇ ਦੇ ਮੋਹਤਬਰ ਆਗੂ ਸ਼ਾਮਲ ਸਨ। ਸਭ ਤੋਂ ਪਹਿਲਾਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸ਼ਹਿਰ ਦੇ ਪੁਰਾਣੇ ਜਾਣੇ ਜਾਂਦੇ ਰਿਹਾਇਸ਼ੀ ਇਲਾਕੇ ਬਾਜ਼ਾਰ ਕੋਲ ਤਾਂਗੇ ਵਾਲੀ ਗਲੀ 'ਚ 46.17 ਲੱਖ ਦੀ ਲਾਗਤ ਨਾਲ ਗਲੀਆਂ ਦਾ ਉਦਘਾਟਨ ਕੀਤਾ। ਇਹ ਗਲੀਆਂ ਸੀ. ਸੀ. ਫਲੋਰਿੰਗ ਨਾਲ ਬਣਾਈਆਂ ਜਾਣਗੀਆਂ, ਜਦਕਿ ਇਥੇ ਹੋਰ ਪਾਣੀ ਦੀ ਨਿਕਾਸੀ ਲਈ ਪਾਈਪਾਂ ਵੀ ਪਾਈਆਂ ਜਾਣਗੀਆਂ।ਇਹ ਇਲਾਕਾ ਵਾਰਡ ਨੰਬਰ 49 ਅਧੀਨ ਆਉਂਦਾ ਹੈ।ਇਸ ਤੋਂ ਬਾਅਦ ਵਿਧਾਇਕ ਕੋਹਲੀ ਨੇ ਅਜੀਤ ਨਗਰ ਦੀ ਮੇਨ ਸੜਕ ਦਾ ਉਦਘਾਟਨ ਕੀਤਾ, ਜਿਸ ਉੱਪਰ ਲਗਭਗ 53 ਲੱਖ ਰੁਪਏ ਖਰਚੇ ਜਾਣਗੇ।ਇਸ ਤੋਂ ਬਾਅਦ ਵਿਧਾਇਕ ਨੇ ਮਜੀਠੀਆ ਇਨਕਲੇਵ ਐਕਸਟੈਂਸ਼ਨ ਤੇ ਮਾਡਲ ਟਾਊਨ ਦੇ ਗੋਬਿੰਦ ਨਗਰ ਦੀਆਂ ਸੜਕਾਂ ਦਾ 61.22 ਲੱਖ ਦੀ ਲਾਗਤ ਨਾਲ ਉਦਘਾਟਨ ਕੀਤਾ।ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਸ਼ਹਿਰ ਵਾਸੀਆਂ ਨੂੰ ਵਿਕਾਸ ਪੱਖੋਂ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਉਹ ਗਲੀਆਂ ਤੇ ਸੜਕਾਂ ਜਿਹੜੀਆਂ ਕਈ ਸਾਲਾਂ ਤੋਂ ਅਧੂਰੀਆਂ ਪਈਆਂ ਹਨ, ਨੂੰ ਬਣਾਉਣ ਲਈ ਕੰਮ ਸ਼ੁਰੂ ਕੀਤੇ ਜਾ ਚੁੱਕੇ ਹਨ।ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਸਮੂਹ ਅਫਸਰਾਂ ਤੇ ਠੇਕੇਦਾਰਾਂ ਨੂੰ ਕਿਹਾ ਕਿ ਕੰਮ ਦੀ ਕੁਆਲਿਟੀ ਤੇ ਗੁਣਵੱਤਾ 'ਚ ਕੋਈ ਸਮਝੌਤਾ ਨਹੀਂ ਹੋਵੇਗਾ।ਇਸ ਲਈ ਹਰ ਕੰਮ ਨੂੰ ਚੰਗੀ ਤਰ੍ਹਾਂ ਨਰੀਖਣ ਕਰਕੇ ਨੇਪਰੇ ਚਾੜ੍ਹਿਆ ਜਾਵੇ।ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਕੰਮਾਂ ਦੇ ਚਲਦਿਆਂ ਕਿਸੇ ਵੀ ਸ਼ਹਿਰ ਵਾਸੀ ਨੂੰ ਕੋਈ ਦਿੱਕਤ ਪ੍ਰੇਸ਼ਾਨੀ ਨਹੀਂ ਹੋਣੀ ਚਾਹੀਦੀ।ਇਸ ਮੌਕੇ ਸਾਬਕਾ ਕੌਂਸਲਰ ਆਰ. ਪੀ. ਗੁਪਤਾ, ਰਾਜੇਸ਼ ਲੱਕੀ, ਸਨੀ, ਸੰਦੀਪ ਕੁਮਾਰ, ਰਾਮ ਨਾਥ, ਹਨੀ ਕਲਸੀ, ਗੌਤਮ ਸ਼ਰਮਾ, ਬਿੱਟੂ ਕੁਮਾਰ, ਸੂਰਜ ਕੁਮਾਰ, ਯੋਗੇਸ਼ ਟੰਡਨ, ਹਨੀ ਲੁਥਰਾ, ਪੀ. ਐੱਨ. ਕਪੂਰ, ਰਾਜ ਕੁਮਾਰ ਮਹਿਤਾ, ਗੁਰਜੀਤ ਛੱਤਵਾਲ, ਚਮਨ ਲਾਲ ਗਰਗ, ਮਹਿੰਦਰਪਾਲ ਚੱਢਾ, ਮੋਨਿਕਾ ਸ਼ਰਮਾ, ਸੋਨੀਆ ਦਾਸ ਸਮੇਤ ਵੱਡੀ ਗਿਣਤੀ 'ਚ ਪਾਰਟੀ ਵਲੰਟੀਅਰ ਤੇ ਆਗੂ ਮੌਜੂਦ ਸਨ।





## ਜ਼ਿਲ੍ਹਾ ਸਾਂਝ ਕੇਂਦਰ ਵੱਲੋਂ ਵਾਹਨਾਂ 'ਤੇ ਰਿਫਲੈਕਟਰ ਲਗਾਉਣੇ ਪ੍ਰਸ਼ੰਸਾਯੋਗ ਉਪਰਾਲਾ : ਡੀ ਐੱਸ ਪੀ

**ਸਮਾਣਾ (ਗੁਰਪਿਆਰ ਸਿੰਘ ਬੱਲ)**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਯੁਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਵਾਲੇ ਧੁੰਦ ਦੇ ਮੌਸਮ ਨੂੰ ਵੇਖਦਿਆਂ ਟਰੈਕਟਰ-ਟਰਾਲੀਆਂ ਤੇ ਹੋਰ ਵਹੀਕਲਜ਼ ਉੱਪਰ ਰਿਫਲੈਕਟਰ ਲਗਾਉਣ ਲਈ ਸਮਾਣਾ ਵਿਖੇ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਮੁੱਖ ਮਹਿਮਾਨ ਡੀ ਐੱਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਨੇ ਸ਼ਿਰਕਤ ਕੀਤੀ।ਪ੍ਰੋਗਰਾਮ ਦੀ ਪ੍ਰਧਾਨਗੀ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਤੇ ਐੱਸ ਆਈ ਅਵਤਾਰ ਸਿੰਘ ਐੱਸ ਐੱਚ ਓ ਥਾਣਾ ਸਦਰ ਸਮਾਣਾ ਨੇ ਕੀਤੀ।ਹਰਵਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਮਾਣਾ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ਼ਹੀਦ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਗਨਦੀਪ ਐਂਡਵੋਕੇਟ, ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਵਰਿੰਦਰ ਸਿੰਘ ਹਾਜ਼ਰ ਸਨ।ਇਸ ਮੌਕੇ ਡੀ ਐੱਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਨੇ ਕਿਹਾ ਕਿ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਸ ਵੱਲੋਂ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ ਤੇ ਯੂਥ ਫੈਡਰੇਸ਼ਨ ਆਫ ਇੰਡੀਆ ਵੱਲੋਂ ਆਉਣ ਵਾਲੇ ਧੁੰਦ ਦੇ ਮੌਸਮ ਨੂੰ ਮੁੱਖ ਵੇਖਦਿਆਂ ਟਰੈਕਟਰ-ਟਰਾਲੀਆਂ ਤੇ ਹੋਰ ਵਹੀਕਲਾਂ ਉੱਪਰ ਰਿਫਲੈਕਟਰ ਲਗਾਉਣੇ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ।ਉਨ੍ਹਾਂ ਕਿਹਾ ਕਿ ਕਈ ਵਾਰ ਵਹੀਕਲਾਂ ਉੱਪਰ ਰਿਫਲੈਕਟਰ ਨਾ ਲੱਗੇ ਹੋਣ ਕਾਰਨ ਐਕਸੀਡੈਂਟ ਹੋ ਜਾਂਦੇ ਹਨ ਤੇ ਕਈ ਜ਼ਿੰਦਗੀਆਂ ਮੌਤ ਦੇ ਮੂੰਹ ਵਿੱਚ ਚੱਲੀਆਂ ਜਾਂਦੀਆਂ ਹਨ।ਉਨ੍ਹਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ।ਇਸ ਮੌਕੇ 100 ਤੋਂ ਵੱਧ ਵਹੀਕਲਜ਼ ਉੱਪਰ ਰਿਫਲੈਕਟਰ ਲਗਾਏ ਗਏ।





## ਹੋਲੀ ਹਾਰਟ ਪਬਲਿਕ ਸਕੂਲ ਵਿਖੇ ਇੰਟਰ ਹਾਊਸ ਖੇਡ ਮੁਕਾਬਲੇ ਕਰਵਾਏ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨਾਲ ਦੇ ਪਿੰਡ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਵਿਖੇ 13ਵੀਂ ਇੰਟਰ ਹਾਊਸ ਸਪੋਰਟਸ ਤੇ ਐਥਲੈਟਿਕ-ਮੀਟ ਕਰਵਾਈ ਗਈ, ਜਿਸ ਵਿੱਚ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਆਪਣੇ-ਆਪਣੇ ਹਾਊਸ ਵੱਲੋਂ ਭਾਗ ਲਿਆ। ਇਹ ਹਾਊਸ ਮਦਰ ਟੈਰੇਸਾ, ਮਹਾਤਮਾ ਗਾਂਧੀ, ਕਲਪਨਾ ਚਾਵਲਾ ਤੇ ਸ਼ੇਕਸਪੀਅਰ ਹਾਊਸ ਸਨ।ਇਨ੍ਹਾਂ ਖੇਡਾਂ ਵਿੱਚ ਦੌੜਾਂ ਦੇ ਮੁਕਾਬਲੇ 60 ਮੀਟਰ ਦੌੜ, 200 ਮੀਟਰ ਦੌੜ, 1000 ਮੀਟਰ ਦੌੜ, 1000 ਮੀਟਰ ਵਾਕ, ਰਿਲੇਅ ਦੌੜਾਂ, ਥਰੋ ਇਵੈਂਟ ਸ਼ਾਟ-ਪੁੱਟ, ਜੈਵਲਿਨ ਥਰੋ ਤੇ ਜੰਪਿੰਗ ਇਵੈਂਟ ਵਿੱਚ ਲੰਬੀ ਛਾਲ ਸ਼ਾਮਲ ਸਨ। ਹੈਂਡਬਾਲ ਤੇ ਕੁਸ਼ਤੀ ਦੇ ਮੁਕਾਬਲੇ ਵੀ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਮਹਾਤਮਾ ਗਾਂਧੀ ਹਾਊਸ ਨੇ 151 ਅੰਕ ਲੈ ਕੇ ਪਹਿਲਾ, ਕਲਪਨਾ ਚਾਵਲਾ ਹਾਊਸ ਨੇ 142 ਅੰਕ ਲੈ ਕੇ ਦੂਜਾ, ਮਦਰ ਟੈਰੇਸਾ ਹਾਊਸ ਨੇ 141 ਅੰਕ ਲੈ ਕੇ ਤੀਜਾ ਤੇ 124 ਅੰਕ ਲੈ ਕੇ ਸ਼ੇਕਸਪੀਅਰ ਹਾਊਸ ਨੇ ਚੌਥਾ ਸਥਾਨ ਪ੍ਰਾਪਤ ਕੀਤਾ।ਸਾਰੇ ਜੇਤੂ ਖਿਡਾਰੀਆਂ ਨੂੰ ਮੈਡਲ ਵੰਡੇ ਗਏ। ਇਹ ਰਸਮ ਸਕੂਲ ਦੀ ਮੈਨੇਜਮੈਂਟ, ਸਕੂਲ ਅਧਿਆਪਕ ਸਟਾਫ ਨੇ ਅਦਾ ਕੀਤੀ।ਅੰਤ ਵਿੱਚ ਚੈਂਪੀਅਨ ਹਾਊਸ ਨੂੰ ਟਰਾਫੀ ਨਾਲ ਨਿਵਾਜਿਆ ਗਿਆ।ਸਕੂਲ ਦੇ ਚੇਅਰਮੈਨ ਮਨਦੀਪ ਚੱਠਾ ਨੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਖੇਡਾਂ ਦੀ ਮਹੱਤਤਾ ਬਾਰੇ ਬੱਚਿਆਂ ਨੂੰ ਸੰਬੋਧਨ ਕੀਤਾ।ਇਸ ਸਮੇਂ ਡਾਇਰੈਕਟਰ ਅਮ੍ਰਿਤਪਾਲ ਚੱਠਾ, ਮੈਡਮ ਮਮਤਾ ਅਨੰਦ, ਲਖਵਿੰਦਰ ਸਿੰਘ, ਗੁਰਿੰਦਰ ਕੌਰ, ਸੁਰਜੀਤ ਕੌਰ, ਮਨਦੀਪ ਸਿੰਘ ਡੀ ਪੀ ਈ, ਹਰਮਿੰਦਰ ਸਿੰਘ ਡੀ ਪੀ ਈ, ਲਖਵਿੰਦਰ ਸਿੰਘ ਡੀ ਪੀ ਈ ਤੇ ਸਕੂਲ ਸਟਾਫ ਹਾਜ਼ਿ ਸੀ।

## ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਹੈਮਰਥ੍ਰੋ 'ਚ ਜਿੱਤਿਆ ਗੋਲਡ ਮੈਡਲ



**ਧੂਰੀ (ਸੁਖਦੇਵ ਧੂਰੀ)**-ਸੰਗਰੂਰ ਜ਼ਿਲ੍ਹੇ ਦੇ ਇਤਿਹਾਸਕ ਸਥਾਨ ਮਸਤੂਆਣਾ ਸਾਹਿਬ ਵਿਖੇ ਹੋਈਆਂ ਖੇਡਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਫ਼ਤਰ ਧੂਰੀ ਦੇ ਇੰਚਾਰਜ ਤੇ ਮਾਰਕੀਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਦਫਤਰ ਧੂਰੀ ਦੇ ਇੰਚਾਰਜ ਤੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਪਹਿਲਾਂ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਕਰਾ ਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਵੱਡਾ ਉਪਰਾਲਾ ਕੀਤਾ ਗਿਆ ਸੀ ਅਤੇ ਹੁਣ ਸੰਤ ਬਾਬਾ ਅਤਰ ਸਿੰਘ ਮਸਤੂਆਣਾ ਸਾਹਿਬ ਅਕਾਲ ਅਕੈਡਮੀ ਵੱਲੋਂ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਹੈਮਰ ਥ੍ਰੋ ਵਿੱਚ ਭਾਗ ਲੈਣ ਦਾ ਮੌਕਾ ਮਿਲਿਆ, ਜਿਸ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਧੂਰੀ ਇਲਾਕੇ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਏਸ਼ੀਅਨ ਚੈਂਪੀਅਨਸ਼ਿਪ ਵਿੱਚ ਗੋਲਡ ਮੈਡਲਿਸਟ ਸੁਰਜੀਤ ਸਿੰਘ ਜਲੰਧਰ, ਆਪ ਆਗੂ ਪਰਮਜੀਤ ਸਿੰਘ ਕਾਂਝਲਾ, ਸਰਪੰਚ ਬਿੱਲਾ ਸਾਹੀਵਾਲ, ਮਨਜੀਤ ਸਿੰਘ ਚੰਗਾਲ ਤੇ ਹੋਰ ਵੀ ਹਾਜ਼ਰ ਸਨ।

## ਸ਼ਹਿਬਾਜ਼ ਤੇ ਜ਼ੋਰਾਵਰ ਭਰਾਵਾਂ ਨੇ ਜਿੱਤੇ ਚਾਂਦੀ ਦੇ ਤਮਗੇ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਖੇਡਾਂ ਵਤਨ ਪੰਜਾਬ ਦੀਆਂ (ਸੀਜ਼ਨ-3) ਕੁਸ਼ਤੀਆਂ, ਜੋ ਕਿ ਮਾਨਸਾ ਵਿਖੇ ਹੋਈਆਂ, ਵਿਚ ਸ਼ਹਿਬਾਜ਼ ਸਿੰਘ ਨੇ 92 ਕਿੱਲੋ ਵਿੱਚ ਗ੍ਰੀਕੋ ਰੋਮਨ ਤੇ ਫ੍ਰੀ ਸਟਾਈਲ 17 ਸਾਲ ਦੋਨੋਂ ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤਿਆ ਅਤੇ ਇਸ ਦੇ ਨਾਲ ਹੀ ਜ਼ੋਰਾਵਰ ਸਿੰਘ ਨੇ 75 ਕਿੱਲੋ 14 ਸਾਲ ਵਰਗ 'ਚ ਚਾਂਦੀ ਦਾ ਤਮਗਾ ਜਿੱਤ ਕੇ ਆਪਣੇ ਮਾਪਿਆਂ ਤੇ ਇਲਾਕਾ ਵਾਸੀਆਂ ਦਾ ਨਾਮ ਰੌਸ਼ਨ ਕੀਤਾ।ਇਹ ਦੋਵੇਂ ਭਰਾ ਮਾਛੀਵਾੜਾ ਸਾਹਿਬ ਇਲਾਕੇ ਦੇ ਹਨ, ਜੋ ਕਿ ਮਾਨਸਾ ਵਿਖੇ ਦਸ਼ਮੇਸ਼ ਰੈਸਲਿੰਗ ਅਕੈਡਮੀ ਰਮਦਿੱਤੇ ਵਾਲਾ ਵਿਖੇ ਕੋਚ ਸ਼ਹਿਬਾਜ਼ ਸਿੰਘ ਕੋਲੋਂ ਕੁਸ਼ਤੀ ਦੇ ਗੁਰ ਸਿਖ ਰਹੇ ਹਨ।ਦੋਵੇਂ ਭਰਾਵਾਂ ਦੇ ਖੇਡਾਂ ਵਿੱਚ ਬੁਲੰਦੀਆਂ ਛੂਹਣ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ, ਦੇ ਨਾਲ ਨਾਲ ਲੋਕਾਂ ਦੀਆਂ ਦੁਆਵਾਂ ਹਨ ਕਿ ਇਹ ਬੱਚੇ ਇੰਟਰਨੈਸ਼ਨਲ ਲੈਵਲ ਤੇ ਆਪਣੇ ਇਲਾਕੇ, ਪੰਜਾਬ ਤੇ ਦੇਸ਼ ਦਾ ਨਾਂ ਉੱਚਾ ਕਰਨ।

## ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਅੱਖਾਂ ਦਾ ਮੁਫਤ ਚੈੱਕਅਪ ਕੈਂਪ



**ਬਰੇਟਾ (ਰੀਤਵਾਲ)**-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਜਿਉਣਾ ਮੱਲ ਕਪੂਰ ਚੰਦ ਦੀ ਯਾਦ ਨੂੰ ਸਮਰਪਿਤ ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਲੱਗਣ ਵਾਲਾ ਅੱਖਾਂ ਦਾ 119ਵਾਂ ਕੈਂਪ ਗੁਰਦੁਆਰਾ ਸਾਹਿਬ ਭਾਈ ਘਨ੍ਹੱਈਆ ਜੀ ਵਿਖੇ ਸੰਕਰਾ ਆਈ ਹਸਪਤਾਲ ਲੁਧਿਆਣਾ ਵੱਲੋਂ ਡਾਕਟਰ ਰੁਪਿੰਦਰ ਕੌਰ ਦੀ ਟੀਮ ਵੱਲੋਂ ਲਗਾਇਆ ਗਿਆ, ਜਿਸ ਵਿੱਚ 440 ਲੋੜਵੰਦ ਚੈੱਕ ਕਰਕੇ 73 ਮਰੀਜ਼ ਫਰੀ ਲੈਂਜ ਪਾਉਣ ਲਈ ਚੁਣੇ ਗਏ।ਟੀਮ ਆਸਰਾ ਦੇ ਅਹੁਦੇਦਾਰ ਮੇਜਰ ਸਿੰਘ ਪੰਮੀ, ਡਾਕਟਰ ਗੁਰਲਾਲ ਸਿੰਘ, ਡਾਕਟਰ ਅਮ੍ਰਿਤਪਾਲ ਸਿੰਘ ਅੰਬੀ ਵੱਲੋਂ ਆਏ ਹੋਏ ਮਰੀਜ਼ਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਤੇ ਸਾਂਭ ਸੰਭਾਲ ਵਾਰੇ ਵਿਸਤਾਰ ਪੂਰਵਕ ਦੱਸਿਆ ਗਿਆ।ਇਸ ਮੌਕੇ ਡਾਕਟਰ ਸੁਖਦੇਵ ਸਿੰਘ ਡੂਮੇਲੀ ਸਰਜਨ ਮਾਨਸਾ ਨੇ ਆਸਰਾ ਫਾਊਂਡੇਸ਼ਨ ਬਰੇਟਾ ਦੇ ਲੋਕ ਭਲਾਈ ਦੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੋ ਟੀਮ ਆਸਰਾ ਵੱਲੋਂ ਲੋੜਵੰਦ ਮਰੀਜ਼ ਮੇਰੇ ਕੋਲ ਭੇਜੇ ਜਾਣਗੇ, ਮੈਂ ਉਨ੍ਹਾਂ ਦੇ ਆਪ੍ਰੇਸ਼ਨ ਬਿਲਕੁਲ ਫਰੀ ਕਰਾਂਗਾ ਤੇ ਅੱਜ ਤੋਂ ਟੀਮ ਆਸਰਾ ਦਾ ਮੈਂਬਰ ਬਣ ਕੇ ਲੋਕ ਭਲਾਈ ਦੇ ਕੰਮਾਂ ਵਿੱਚ ਸਹਿਯੋਗ ਕਰਦਾ ਰਹਾਂਗਾ।ਇਸ ਕੈਂਪ ਵਿੱਚ ਇਲਾਕੇ ਦਾ ਨਾਮ ਚਮਕਾਉਣ ਵਾਲੀਆਂ ਸ਼ਖਸੀਅਤਾਂ ਸੈਫੀ ਸਿੰਗਲਾ ਕੌਣ ਬਣੇਗਾ ਕਰੋੜਪਤੀ, ਦੀਸ਼ਾ ਰਾਣੀ ਸਟੇਟ ਅਤੇ ਨੈਸ਼ਨਲ ਤੀਰ ਅੰਦਾਜ਼ੀ, ਸੁਮਨ ਬਾਲਾ ਕੋਚ, ਲੇਖਕ ਅਜੀਜ ਸਰੋਏ, ਗੋਪਾਲ ਚੰਦ ਯੋਗ ਸਿੱਖਿਆ ਅਨੁਵਾਦਕ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਹਰ ਕੈਂਪ ਵਿੱਚ ਦਵਾਈਆਂ ਦੀ ਸੇਵਾ ਮਹਿੰਦਰ ਸਿੰਘ ਕਟੋਦੀਆ ਸੰਸਥਾਪਕ ਸਾਵਨ ਐਜੂਕੇਸ਼ਨਲ ਟਰੱਸਟ ਚੰਡੀਗੜ੍ਹ ਵੱਲੋਂ ਕੀਤੀ ਗਈ। ਪ੍ਰਧਾਨ ਡਾਕਟਰ ਗਿਆਨ ਚੰਦ ਆਜ਼ਾਦ, ਸੈਕਟਰੀ ਅਜੈਬ ਸਿੰਘ ਬਹਾਦਰਪੁਰ, ਮੁੱਖ ਸਲਾਹਕਾਰ ਸੁਖਪਾਲ ਸਿੰਘ ਬਹਾਦਰਪੁਰ ਵੱਲੋਂ ਟੀਮ ਆਸਰਾ ਤੇ ਸੇਵਾਦਾਰਾਂ ਦਾ ਇਸ ਕਾਰਜ ਨੂੰ ਸਫਲ ਬਣਾਉਣ ਲਈ ਧੰਨਵਾਦ ਕੀਤਾ ਗਿਆ।

## ਵਿਧਾਇਕ ਸੁਖਾਨੰਦ ਦੀ ਅਗਵਾਈ 'ਚ ਹਲਕੇ ਦਾ ਹੋ ਰਿਹੈ ਸਰਬਪੱਖੀ ਵਿਕਾਸ : ਰਾਜਾ ਮੱਲ ਕੇ

**ਜ਼ਿਮਨੀ ਚੋਣਾਂ ਵਾਂਗ ਆਗਾਮੀ ਚੋਣਾਂ 'ਚ ਵੀ ਆਪ ਕਰੇਗੀ ਸ਼ਾਨਦਾਰ ਪ੍ਰਦਰਸ਼ਨ**

**ਬਾਘਾ ਪੁਰਾਣਾ (ਮਨੀ ਸਿੰਗਲਾ)**-ਲੰਘੀਆਂ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਰਪੰਚ ਰਾਜਾ ਮੱਲ ਕੇ ਨੇ ਆਮ ਆਦਮੀ ਪਾਰਟੀ ਦੇ ਸੂਬਾ ਕਨਵੀਨਰ ਅਰਵਿੰਦ ਕੇਜਰੀਵਾਲ, ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਤੇ ਹਲਕਾ ਬਾਘਾ ਪੁਰਾਣਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੂੰ ਵਧਾਈ ਦਿੰਦਿਆਂ ਆਖਿਆ ਕਿ ਜ਼ਿਮਨੀ ਚੋਣਾਂ ਵਿੱਚ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਆਪਣਾ ਫਤਵਾ ਦੇ ਕੇ ਇਹ ਦੱਸ ਦਿੱਤਾ ਹੈ ਕਿ ਉਨ੍ਹਾਂ ਦਾ ਭਵਿੱਖ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਹੇਠ ਹੀ ਸੁਰੱਖਿਅਤ ਹੈ।ਰਾਜਾ ਮੱਲ ਕੇ ਨੇ ਆਖਿਆ ਕਿ ਭਾਵੇਂ ਜ਼ਿਮਨੀ ਚੋਣਾਂ ਵਿੱਚ ਵਿਰੋਧੀ ਪਾਰਟੀਆਂ ਨੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਪਰ ਲੋਕ ਇਨ੍ਹਾਂ ਦੀਆਂ ਝੂਠੀਆਂ ਗੱਲਾਂ ਵਿੱਚ ਨਹੀਂ ਆਏ।ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਜ਼ਿਮਨੀ ਚੋਣਾਂ ਵਿੱਚ ਲੋਕਾਂ ਨੇ ਆਪਣਾ ਫੱਤਵਾ ਆਪ ਦੇ ਹੱਕ ਵਿੱਚ ਦਿੱਤਾ ਹੈ, ਉਸੇ ਤਰ੍ਹਾਂ ਹੀ ਦਸੰਬਰ ਮਹੀਨੇ ਵਿੱਚ ਹੋਣ ਵਾਲੀਆਂ ਨਗਰ ਪੰਚਾਇਤ, ਨਗਰ ਨਿਗਮ ਤੇ ਨਗਰ ਕੌਂਸਲ ਦੀਆਂ ਚੋਣਾਂ ਵਿੱਚ ਵੀ ਲੋਕ ਆਪਣਾ ਫੱਤਵਾ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਦੇਣਗੇ।ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਹਲਕਾ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਦੀ ਅਗਵਾਈ ਵਿੱਚ ਹਲਕਾ ਬਾਘਾ ਪੁਰਾਣਾ ਦਾ ਸਰਵਪੱਖੀ ਵਿਕਾਸ ਹੋ ਰਿਹਾ ਹੈ। ਰਾਜਾ ਮੱਲ ਕੇ ਨੇ ਇਹ ਵੀ ਆਖਿਆ ਕਿ ਹਲਕੇ ਦੀਆਂ ਨਵੀਆਂ ਚੁਣੀਆਂ ਗਈਆਂ ਪੰਚਾਇਤਾਂ ਆਪਣੇ ਪਿੰਡਾਂ ਦੇ ਸਰਬਪੱਖੀ ਵਿਕਾਸ ਕਰਨ ਲਈ ਯਤਨਸ਼ੀਲ ਹਨ ਤੇ ਪਿੰਡਾਂ ਵਿੱਚ ਚੱਲ ਰਹੇ ਵਿਕਾਸ ਕਾਰਜ ਇਸ ਗੱਲ ਦਾ ਸਬੂਤ ਹਨ ਕਿ ਆਪ ਵਿਧਾਇਕ ਅੰਮ੍ਰਿਤ ਪਾਲ ਸਿੰਘ ਸੁਖਾਨੰਦ ਪੰਜਾਬ ਸਰਕਾਰ ਤੋਂ ਗਰਾਂਟਾਂ ਮਨਜ਼ੂਰ ਕਰਵਾ ਕੇ ਸਰਪੰਚਾਂ, ਪੰਚਾਂ ਨੂੰ ਮੁਹੱਈਆ ਕਰਵਾ ਰਹੇ ਹਨ ਤਾਂ ਕਿ ਪਿੰਡਾਂ ਦੇ ਲੋਕਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।ਇਸ ਮੌਕੇ ਉਨ੍ਹਾਂ ਨਾਲ ਵੱਡੀ ਗਿਣਤੀ ਵਿੱਚ ਪਾਰਟੀ ਆਗੂ ਤੇ ਵਰਕਰ ਹਾਜ਼ਰ ਸਨ।

## ਪਹਾੜਪੁਰ ਦੀ ਪੰਚਾਇਤ ਵੱਲੋਂ ਸੜਕ ਬਣਵਾਉਣ ਲਈ ਬਰਸਟ ਦਾ ਧੰਨਵਾਦ

**ਵੱਖ-ਵੱਖ ਪੰਚਾਇਤਾਂ ਨੇ ਵਿਕਾਸ ਕਾਰਜਾਂ ਨੂੰ ਲੈ ਕੇ ਚੇਅਰਮੈਨ ਨਾਲ ਕੀਤੀ ਚਰਚਾ**

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ੍ਰ. ਹਰਚੰਦ ਸਿੰਘ ਬਰਸਟ ਵੱਲੋਂ ਸੁਲਤਾਨਪੁਰ ਤੋਂ ਪਹਾੜਪੁਰ ਦੀ ਸੜਕ ਦਾ ਨਿਰਮਾਣ ਕਾਰਜ ਕਰਵਾਉਣ 'ਤੇ ਪਿੰਡ ਪਹਾੜਪੁਰ ਦੀ ਪੰਚਾਇਤ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।ਪਟਿਆਲਾ ਸਥਿਤ ਦਫ਼ਤਰ ਵਿਖੇ ਪਿੰਡ ਪਹਾੜਪੁਰ ਤੇ ਹੋਰਨਾਂ ਪਿੰਡਾਂ ਦੀਆਂ ਪੰਚਾਇਤਾਂ ਦੇ ਸਰਪੰਚ, ਪੰਚ ਤੇ ਮੋਹਤਬਰ ਸੱਜਣਾਂ ਨੇ ਸ੍ਰ. ਹਰਚੰਦ ਸਿੰਘ ਬਰਸਟ ਨਾਲ ਮੁਲਾਕਾਤ ਕੀਤੀ ਅਤੇ ਪਿੰਡਾਂ ਦੇ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ।ਇਸ ਮੌਕੇ ਪਿੰਡ ਪਹਾੜਪੁਰ ਦੇ ਸਰਪੰਚ ਜਗਦੀਪ ਸਿੰਘ ਨੇ ਦੱਸਿਆ ਕਿ ਸੁਲਤਾਨਪੁਰ ਤੋਂ ਪਹਾੜਪੁਰ ਦੀ ਸੜਕ ਦੀ ਹਾਲਤ ਕਾਫੀ ਖਸਤਾ ਸੀ, ਜਿਸ ਕਰਕੇ ਪਿੰਡ ਵਾਸੀਆਂ ਨੂੰ ਬਹੁਤ ਸਮੱਸਿਆਵਾਂ ਪੇਸ਼ ਆਉਂਦੀਆਂ ਸੀ।ਇਸ ਸਮੱਸਿਆ ਦਾ ਸ੍ਰ. ਬਰਸਟ ਵੱਲੋਂ ਹੱਲ ਕਰ ਦਿੱਤਾ ਗਿਆ ਹੈ, ਜਿਸ ਕਰਕੇ ਸਮੂਹ ਪਿੰਡ ਵਾਸੀ ਉਨ੍ਹਾਂ ਦੇ ਧੰਨਵਾਦੀ ਹਨ। ਆਪ ਦੇ ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਪਿੰਡਾਂ ਵਿੱਚ ਵੱਸਦਾ ਹੈ।ਇਸ ਲਈ ਪਿੰਡਾਂ ਦੀ ਨੁਹਾਰ ਬਦਲਣੀ ਬਹੁਤ ਜ਼ਰੂਰੀ ਹੈ।ਉਨ੍ਹਾ ਕਿਹਾ ਕਿ ਗ੍ਰਾਮ ਪੰਚਾਇਤਾਂ ਨੂੰ ਰਾਜਨੀਤੀ ਤੋਂ ਉਪਰ ਉੱਠ ਕੇ ਇੱਕ ਨਵੀਂ ਸੋਚ ਨੂੰ ਅਪਣਾਉਂਦਿਆਂ ਸਾਰਿਆਂ ਨੂੰ ਨਾਲ ਲੈ ਕੇ ਪਿੰਡ ਵਿੱਚ ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣੀ ਚਾਹੀਦੀ ਹੈ, ਇਸ ਦੇ ਲਈ ਜ਼ਰੂਰੀ ਹੈ ਕਿ ਪੰਚਾਇਤਾਂ ਵੱਲੋਂ ਪਿੰਡ ਵਿੱਚ ਸਭਾਵਾਂ ਕਰਕੇ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾਵੇ, ਤਾਂ ਜੋ ਪਿੰਡਾਂ ਦਾ ਚਹੁੰ-ਪੱਖੀ ਵਿਕਾਸ ਹੋ ਸਕੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਵਿੱਚ ਸਿਹਤ, ਸਿੱਖਿਆ, ਰੋਜ਼ਗਾਰ ਤੇ ਲੋਕ ਭਲਾਈ ਦੇ ਕਾਰਜਾਂ 'ਤੇ ਪੂਰਾ ਜ਼ੋਰ ਦਿੱਤਾ ਜਾ ਰਿਹਾ ਹੈ।ਬਰਸਟ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਉਨ੍ਹਾ ਵਿਸ਼ਵਾਸ ਦਿਵਾਇਆ ਕਿ ਉਹ ਹਰ ਸਮੇਂ ਉਨ੍ਹਾਂ ਨਾਲ ਖੜ੍ਹੇ ਹਨ ਤੇ ਉਨ੍ਹਾਂ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਜਾਵੇਗਾ ਅਤੇ ਵਿਕਾਸ ਕਾਰਜਾਂ ਲਈ ਪੰਜਾਬ ਸਰਕਾਰ ਤੋਂ ਫੰਡ ਵੀ ਉਪਲੱਬਧ ਕਰਵਾਏ ਜਾਣਗੇ।ਇਸ ਮੌਕੇ ਜਗਦੀਪ ਸਿੰਘ ਸਰਪੰਚ ਪਹਾੜਪੁਰ, ਗੁਰਪ੍ਰੀਤ ਸਿੰਘ ਸਰਪੰਚ ਰਾਜਗੜ੍ਹ, ਪਰਗਟ ਸਿੰਘ ਸਰਪੰਚ ਢਕੜੱਬਾ, ਗੌਰਖ ਸਿੰਘ ਸਰਪੰਚ ਧਰਮਗੜ੍ਹ, ਜਗਤਾਰ ਸਿੰਘ ਸਰਪੰਚ ਬੁੱਜਰਕ, ਬਲਵਿੰਦਰ ਸਿੰਘ, ਹਰੀ ਸਿੰਘ, ਭਗਵਾਨ ਸਿੰਘ, ਕੁਲਦੀਪ ਸਿੰਘ, ਗੁਰਵਿੰਦਰ ਸਿੰਘ, ਹਰਮੀਤ, ਸੁਸ਼ੀਲ, ਕਰਤਾਰ ਸਿੰਘ, ਵਿਸ਼ਾਲ ਸਿੰਘ, ਬਲਜਿੰਦਰ ਸਿੰਘ, ਕੁਲਵਿੰਦਰ ਸਿੰਘ, ਬਰਿੰਦਰ ਪਾਲ ਸਿੰਘ, ਗੁਰਚਰਨ ਸਿੰਘ ਸਮੇਤ ਹੋਰ ਮੌਜੂਦ ਸਨ।

## ਕੇਂਦਰੀ ਜੇਲ੍ਹ 'ਚ ਹਵਾਲਾਤੀ ਦੀ ਕੁੱਟਮਾਰ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਫਿਰੋਜ਼ਪੁਰ ਕੇਂਦਰੀ ਜੇਲ੍ਹ ਵਿੱਚ ਰੰਜਿਸ਼ ਦੇ ਚੱਲਦਿਆਂ ਇਕ ਹਵਾਲਾਤੀ ਦੀ ਕੁੱਟਮਾਰ ਦੇ ਮਾਮਲੇ ਵਿਚ ਪੁਲਸ ਨੇ ਗੰਭੀਰ ਕਾਰਵਾਈ ਕੀਤੀ ਹੈ। ਹਵਾਲਾਤੀ ਪਰਵਿੰਦਰ ਸਿੰਘ ਉਰਫ ਸੋਢੀ ਦੀ ਸ਼ਿਕਾਇਤ ਦੇ ਅਧਾਰ 'ਤੇ ਥਾਣਾ ਸਿਟੀ ਫਿਰੋਜ਼ਪੁਰ ਨੇ 5 ਪਛਾਤੇ ਤੇ 2 ਅਣਪਛਾਤੇ ਹਵਾਲਾਤੀਆਂ ਖਿਲਾਫ ਧਾਰਾ 115 (2) ਤੇ 190 ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਸ਼ਿਕਾਇਤਕਰਤਾ ਦੇ ਮੁਤਾਬਕ, ਜੇਲ੍ਹ ਦੇ ਬੈਰਕ ਵਿਚ ਰੰਜਿਸ਼ ਟੋਕਰੀ ਵਿਚ ਪਏ ਸਮਾਨ ਨੂੰ ਪਾਸੇ ਰੱਖਣ ਨਾਲ ਸ਼ੁਰੂ ਹੋਈ। ਇਸ ਦੇ ਚੱਲਦਿਆਂ ਦੋਸ਼ੀ ਹਵਾਲਾਤੀਆਂ ਨੇ ਇਕੱਠੇ ਹੋ ਕੇ ਉਸ ਦੀ ਬੈਰਕ ਵਿੱਚ ਦਾਖਲ ਹੋ ਕੇ ਕੁੱਟਮਾਰ ਕੀਤੀ। ਦੋਸ਼ੀ ਹਵਾਲਾਤੀਆਂ ਵਿੱਚ ਕਰਨੈਲ ਸਿੰਘ, ਮਨਦੀਪ ਸਿੰਘ ਉਰਫ ਪਰਮਜੀਤ ਸਿੰਘ, ਗੁਰਲੀਨ ਸਿੰਘ, ਗੁਰਜੀਤ ਸਿੰਘ, ਬਚਿੱਤਰ ਸਿੰਘ ਅਤੇ ਦੋ ਅਣਪਛਾਤੇ ਸ਼ਾਮਲ ਹਨ। ਜਾਂਚ ਅਧਿਕਾਰੀ ਸਬ ਇੰਸਪੈਕਟਰ ਸਰਵਨ ਸਿੰਘ ਨੇ ਪੁਸ਼ਟੀ ਕੀਤੀ ਕਿ ਬਿਆਨਾਂ ਦੇ ਆਧਾਰ 'ਤੇ ਸਾਰੇ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ। ਅੱਗੇ ਦੀ ਜਾਂਚ ਜਾਰੀ ਹੈ ਤੇ ਸੰਬੰਧਤ ਸਬੂਤ ਇਕੱਠੇ ਕੀਤੇ ਜਾ ਰਹੇ ਹਨ।

## ਪ੍ਰਾਪਰਟੀ ਹੜੱਪਣ ਦੇ ਮਾਮਲੇ 'ਚ 2 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਫਿਰੋਜ਼ਪੁਰ ਵਿੱਚ ਜ਼ਮੀਨ ਹੜੱਪਣ ਦੇ ਮਾਮਲੇ ਵਿੱਚ ਗੰਭੀਰ ਧਾਰਾਵਾਂ ਤਹਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਦੋਸ਼ ਇਹ ਹੈ ਕਿ ਏਕਤਾ ਤੇ ਚੰਦਨ ਕੁਮਾਰ ਨੇ ਗਲਤ ਵਾਰਸ ਨਾਮੇ ਤਿਆਰ ਕਰਕੇ ਕੁਦਰਤੀ ਵਾਰਸਾਂ ਨੂੰ ਅਨਦਿੱਖਾ ਕੀਤਾ ਤੇ ਨਗਰ ਕੌਂਸਲ ਤੋਂ ਐੱਨਸੀਸੀ ਹਾਸਲ ਕੀਤੀ।

ਇਸ ਮਾਮਲੇ ਵਿੱਚ 420, 465, 467, 468, 471 ਅਤੇ 120-ਬੀ ਆਈਪੀਸੀ ਦੀਆਂ ਧਾਰਾਵਾਂ ਤਹਿਤ ਕਾਰਵਾਈ ਕੀਤੀ ਗਈ ਹੈ। ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਪੁਸ਼ਟੀ ਕੀਤੀ ਕਿ ਪੀੜਤ ਰਾਜ ਕੁਮਾਰ ਦੀ ਸ਼ਿਕਾਇਤ ਦੇ ਅਧਾਰ 'ਤੇ ਜਾਂਚ ਕੀਤੀ ਗਈ, ਜਿਸ ਵਿੱਚ ਦੋਸ਼ੀ ਪਾਏ ਗਏ। ਇਹ ਮਾਮਲਾ ਸਿਰਫ ਜ਼ਮੀਨ ਦੇ ਜਾਲਸਾਜ਼ੀ ਤੱਕ ਸੀਮਿਤ ਨਹੀਂ ਹੈ, ਬਲਕਿ ਇਸ ਨਾਲ ਕਾਨੂੰਨੀ ਦਸਤਾਵੇਜ਼ਾਂ ਨਾਲ ਛੇੜਛਾੜ ਅਤੇ ਵਾਰਸਾਂ ਦੇ ਹੱਕਾਂ ਦੀ ਉਲੰਘਣਾ ਵੀ ਜੋੜੀ ਹੋਈ ਹੈ। ਪੁਲਿਸ ਵੱਲੋਂ ਅੱਗੇ ਦੀ ਕਾਰਵਾਈ ਜਾਰੀ ਹੈ।

## ਸੜਕ ਹਾਦਸੇ 'ਚ ਨੌਜਵਾਨ ਦੀ ਮੌਤ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਬਹਾਦਰ ਸਿੰਘ ਦੇ ਸ਼ੈਲਰ ਕੋਲ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਇਕ ਵਿਅਕਤੀ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਹਾਦਸਾ 23 ਨਵੰਬਰ 2024 ਨੂੰ ਰਾਤ 9 ਵਜੇ ਵਾਪਰਿਆ, ਜਦ ਗੁਰਬਖਸ਼ ਸਿੰਘ (32 ਸਾਲ), ਜੋ ਮਿਹਨਤ-ਮਜ਼ਦੂਰੀ ਕਰਦਾ ਸੀ, ਆਪਣੇ ਘਰ ਵਾਪਸ ਜਾ ਰਿਹਾ ਸੀ। ਗੁਰਬਖਸ਼ ਸਿੰਘ ਅਣਪਛਾਤੇ ਵਹੀਕਲ ਦੀ ਲਪੇਟ 'ਚ ਆਇਆ। ਵਹੀਕਲ ਚਾਲਕ ਹਾਦਸੇ ਦੇ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਗੁਰਬਖਸ਼ ਸਿੰਘ ਦੀ ਮੌਤ ਹਾਦਸੇ ਦੇ ਨਤੀਜੇ ਵਜੋਂ ਹੋਈ। ਗੁਰਬਖਸ਼ ਸਿੰਘ ਦਿਨ ਪਹਿਲਾਂ ਆਪਣੀ ਭੈਣ ਸ਼ੀਲਾ ਕੋਲ ਗਿਆ ਸੀ ਤੇ ਘਰ ਵਾਪਸੀ 'ਤੇ ਇਹ ਹਾਦਸਾ ਵਾਪਰਿਆ। ਥਾਣਾ ਕੁੱਲਗੜ੍ਹੀ ਦੇ ਹੌਲਦਾਰ ਗੁਰਦਰਸ਼ਨ ਸਿੰਘ ਨੇ ਮਾਮਲੇ ਦੀ ਪੁਸ਼ਟੀ ਕੀਤੀ ਹੈ। ਮਰਹੂਮ ਦੇ ਪਿਤਾ ਮਹਿੰਦਰ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਧਾਰਾ 106 ਬੀਐੱਸਐੱਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਵਹੀਕਲ ਅਤੇ ਚਾਲਕ ਦੀ ਪਛਾਣ ਲਈ ਪੁਲਸ ਜਾਂਚ ਜਾਰੀ ਹੈ।

## ਜਮਹੂਰੀ ਅਧਿਕਾਰ ਸਭਾ ਵੱਲੋਂ ਕਿਸਾਨਾਂ 'ਤੇ ਲਾਠੀਚਾਰਜ ਦੀ ਨਿਖੇਧੀ



**ਸੰਗਰੂਰ (ਪ੍ਰਵੀਨ ਸਿੰਘ)**-ਜਮਹੂਰੀ ਅਧਿਕਾਰ ਸਭਾ ਪੰਜਾਬ ਜ਼ਿਲ੍ਹਾ ਇਕਾਈ ਸੰਗਰੂਰ ਨੇ ਪੰਜਾਬ ਪੁਲਸ ਵੱਲੋਂ ਬਠਿੰਡਾ ਜ਼ਿਲ੍ਹੇ ਦੇ ਦੁਨੇਵਾਲਾ, ਸ਼ੇਰਗੜ੍ਹ ਤੇ ਭਗਵਾਨਗੜ੍ਹ ਪਿੰਡਾਂ ਦੇ ਕਿਸਾਨਾਂ 'ਤੇ ਪੰਜਾਬ ਪੁਲਸ ਦੁਆਰਾ ਵਹਿਸ਼ੀ ਲਾਠੀਚਾਰਜ ਕਰਨ ਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਅਤੇ ਦਰਜਨਾਂ ਮਰਦ ਤੇ ਔਰਤ ਕਿਸਾਨਾਂ ਨੂੰ ਜ਼ਖਮੀ ਕੀਤੇ ਜਾਣ ਦੀ ਕਾਰਵਾਈ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਕਿਸਾਨਾਂ ਦੀਆਂ ਮੰਗਾਂ ਨੂੰ ਤੁਰੰਤ ਮੰਗੇ ਜਾਣ ਦੀ ਮੰਗ ਕੀਤੀ ਹੈ।ਪ੍ਰੈੱਸ ਦੇ ਨਾਂਅ ਜਾਰੀ ਬਿਆਨ ਵਿੱਚ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਭੁਟਾਲ, ਜ਼ਿਲ੍ਹਾ ਸਕੱਤਰ ਮਾਸਟਰ ਕੁਲਦੀਪ ਸਿੰਘ, ਮਨਧੀਰ ਸਿੰਘ ਸੂਬਾ ਕਮੇਟੀ ਮੈਂਬਰ ਅਤੇ ਪ੍ਰੈੱਸ ਸਕੱਤਰ ਜੁਝਾਰ ਸਿੰਘ ਲੌਂਗੋਵਾਲ ਨੇ ਕਿਹਾ ਕਿ ਇਕ ਪਾਸੇ ਤਾਂ ਸਰਕਾਰ ਭਾਰਤ ਮਾਲਾ ਪ੍ਰੋਜੈਕਟ ਅਧੀਨ ਧੜਾਧੜ ਜ਼ਮੀਨਾਂ ਇਕਵਾਇਰ ਕਰ ਰਹੀ ਹੈ ਤੇ ਦੂਸਰੇ ਪਾਸੇ ਉਨ੍ਹਾਂ ਨੂੰ ਢੁਕਵਾਂ ਮੁਆਵਜ਼ਾ ਵੀ ਨਹੀਂ ਦਿੱਤਾ ਜਾ ਰਿਹਾ।ਇਨ੍ਹਾਂ ਪਿੰਡਾਂ ਦੇ ਕਿਸਾਨਾਂ ਨੂੰ ਨਾਲ ਲੱਗਵੇਂ ਪਿੰਡਾਂ ਦੇ ਮੁਕਾਬਲੇ ਬਹੁਤ ਘੱਟ ਮੁਆਵਜ਼ਾ ਦਿੱਤਾ ਜਾ ਰਿਹਾ ਹੈ।ਕਿਸਾਨਾਂ ਦੀ ਗੱਲ ਸੁਣਨ ਦੀ ਬਜਾਏ ਪੁਲਸੀ ਜਬਰ ਰਾਹੀਂ ਉਨ੍ਹਾਂ ਦੀ ਜ਼ੁਬਾਨ-ਬੰਦੀ ਕੀਤੀ ਜਾ ਰਹੀ ਹੈ।ਇਨ੍ਹਾਂ ਪਿੰਡਾਂ ਦੇ ਦਰਜਨਾਂ ਮਰਦ ਤੇ ਔਰਤ ਕਿਸਾਨਾਂ ਦੀ ਖਿੱਚ ਧੂਹ ਕਰਕੇ ਬੇਪਤੀ ਕੀਤੀ ਗਈ, ਕਈਆਂ ਨੂੰ ਗੰਭੀਰ ਜ਼ਖਮੀ ਕੀਤਾ ਗਿਆ, ਪੁਲਸ ਕੇਸ ਦਰਜ ਕੀਤੇ ਤੇ ਗ੍ਰਿਫਤਾਰ ਕੀਤਾ ਗਿਆ। ਥੋੜ੍ਹੇ ਦਿਨ ਪਹਿਲਾਂ ਹੀ ਰਾਏਕੇ ਕਲਾਂ ਦੇ ਕਿਸਾਨ ਵੀ ਝੋਨੇ ਦੀ ਖਰੀਦ ਦੀ ਮੰਗ ਕਰਨ ਬਦਲੇ ਇਸੇ ਤਰ੍ਹਾਂ ਦੇ ਪੁਲਸੀ ਜਬਰ ਦੀ ਮਾਰ ਝੱਲ ਚੁੱਕੇ ਹਨ। ਸਭਾ ਦੇ ਆਗੂਆਂ ਨੇ ਅੱਗੇ ਕਿਹਾ ਕਿ ਸਰਕਾਰਾਂ ਆਪਣੇ ਕਾਰਪੋਰੇਟੀ ਅਜੰਡੇ ਨੂੰ ਲਾਗੂ ਕਰਨ ਵਿਚ ਇੰਨੀਆਂ ਗਲਤਾਨ ਹਨ ਕਿ ਲੋਕਾਂ ਦੀਆਂ ਵਾਜਬ ਮੰਗਾਂ ਨੂੰ ਸੁਣਨ ਤੱਕ ਵੀ ਤਿਆਰ ਨਹੀਂ। ਰਾਤਾਂ ਨੂੰ ਪੁਲਸੀ ਧਾੜਾਂ ਚਾੜ ਕੇ ਜ਼ਮੀਨਾਂ 'ਤੇ ਕਬਜ਼ੇ ਕੀਤੇ ਜਾ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰਨ ਦਾ ਰਾਹ ਅਪਣਾਏ, ਯੋਗ ਮੁਆਵਜ਼ਾ ਦੇ ਕੇ ਉਨ੍ਹਾਂ ਦੀ ਸੰਤੁਸ਼ਟੀ ਕਰਵਾਵੇ, ਦਰਜ ਕੀਤੇ ਕੇਸ ਰੱਦ ਕਰੇ ਤੇ ਗ੍ਰਿਫਤਾਰ ਕਿਸਾਨਾਂ ਨੂੰ ਤੁਰੰਤ ਰਿਹਾਅ ਕਰੇ।

## ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸਤਸੰਗ ਪ੍ਰੋਗਰਾਮ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਫ਼ਿਰੋਜ਼ਪੁਰ ਵਲੋਂ ਸਥਾਨਕ ਆਸ਼ਰਮ ਵਿਚ ਸਤਸੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਰਵ ਸ੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਪਰਮ ਸ਼ਿਸ਼ ਸਾਧਵੀ ਸੁਸ਼੍ਰੀ ਹੇਮਵਤੀ ਭਾਰਤੀ ਜੀ ਨੇ ਸੰਗਤ ਨੂੰ ਸੰਬੋਧਤ ਕਰਦੇ ਹੋਏ ਕਿਹਾ ਕਿ ਸਾਡਾ ਭਵਿੱਖ ਸਾਡੇ ਹੈ ਹੱਥ ਵਿੱਚ ਹੁੰਦਾ ਹੈ।

ਅਸੀਂ ਅੱਜ ਜਿਵੇਂ ਦੇ ਕਰਮ ਕਰਦੇ ਹਾਂ ਉਂਵੇ ਦਾ ਹੀ ਸਾਡਾ ਭਵਿੱਖ ਹੋਵੇਗਾ, ਜਿਸ ਤਰ੍ਹਾਂ ਇਕ ਵਿਦਿਆਰਥੀ ਸਕੂਲ ਜਾਂਦਾ ਹੈ ਜੇਕਰ ਉਹ ਅੱਜ ਦੇ ਸਮੇਂ ਵਿਚ ਮੇਹਨਤ ਕਰਕੇ ਚੰਗੀ ਸਿੱਖਿਆ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਦਾ ਭਵਿੱਖ ਵੀ ਚੰਗਾ ਹੁੰਦਾ ਹੈ, ਪਰ ਇਸ ਦੇ ਉਲਟ ਜੇਕਰ ਉਹ ਅੱਜ ਐਸ਼ਪ੍ਰਸਤੀ ਜਾ ਗਲਤ ਕੰਮਾਂ ਵਿਚ ਸਮਾਂ ਬਤੀਤ ਕਰ ਰਿਹਾ ਹੈ, ਜੇਕਰ ਉਸ ਦੀ ਸੰਗਤ ਗਲਤ ਹੈ ਤਾਂ ਆਉਣ ਵਾਲਾ ਸਮਾਂ ਉਸ ਲਈ ਚੰਗਾ ਨਹੀਂ ਹੋ ਸਕਦਾ। ਉਹ ਚੰਗੇ ਜੀਵਨ ਦੀ ਕਲਪਨਾ ਵੀ ਨਹੀਂ ਕਰ ਸਕਦਾ। ਸਾਧਵੀ ਜੀ ਨੇ ਅੱਗੇ ਆਪਣੇ ਵਿਚਾਰਾਂ ਵਿੱਚ ਦਸਿਆ ਕਿ ਅੱਜ ਦੀ ਕੀਤੀ ਮਿਹਨਤ ਹੀ ਸਾਡੇ ਚੰਗੇ ਭਵਿੱਖ ਦੀ ਨੀਂਹ ਹੁੰਦੀ ਹੈ, ਜਿਸ ਤਰਾਂ ਕਿਸਾਨ ਦੁਆਰਾ ਬੀਜਿਆ ਗਿਆ ਬੀਜ ਮਿੱਟੀ ਵਿਚਲੀ ਗਰਮੀ ਨੂੰ ਸਹਿਣ ਕਰਨ ਤੇ ਹੀ ਫਲ ਦਿੰਦਾ ਹੈ। ਉਨ੍ਹਾ ਦੱਸਿਆ ਕੇ ਅੱਜ ਸਮਾਜ ਵਿੱਚ ਨੌਜਵਾਨ ਮੁੰਡੇ ਕੁੜੀਆਂ ਗਲਤ ਸੰਗਤ ਵਿੱਚ ਪੈਣ ਕਾਰਨ ਗਲਤ ਰਸਤੇ ਤੇ ਚੱਲ ਕੇ ਆਪਣਾ ਭਵਿੱਖ ਬਰਬਾਦ ਕਰ ਲੈਂਦੇ ਹਨ। ਫਿਰ ਬਾਅਦ ਵਿੱਚ ਸਮਾਂ ਨਿਕਲ ਜਾਣ ਤੇ ਪਛਤਾਉਂਦੇ ਹਨ, ਜਦ ਕਿ ਸਾਡੇ ਸੰਤ ਮਹਾਪੁਰਖ ਵੀ ਸਾਨੂੰ ਸਮਝਾਉਂਦੇ ਹਨ ਕਿ ਸਮਾਂ ਰਹਿੰਦੇ ਰਹਿੰਦੇ ਆਪਣੇ ਜੀਵਨ ਨੂੰ ਸੰਵਾਰ ਲੈਣਾ ਚਾਹੀਦਾ ਹੈ ਸਮਾਂ ਨਿਕਲ ਜਾਣ ਤੋਂ ਬਾਦ ਪਛਤਾਉਣ ਦਾ ਕੋਈ ਫਾਇਦਾ ਨਹੀਂ ਹੁੰਦਾ। ਉਨ੍ਹਾਂ ਦੱਸਿਆ ਕਿ ਇਨਸਾਨ ਜਦ ਗਲਤ ਸੰਗਤ ਦੇ ਪ੍ਰਭਾਵ ਹੇਠ ਆ ਜਾਂਦਾ ਹੈ ਤਾਂ ਉਸ ਨੂੰ ਸੋਝੀ ਹੀ ਨਹੀਂ ਰਹਿੰਦੀ ਕਿ ਕੀ ਗਲਤ ਹੈ ਅਤੇ ਕਿ ਸਹੀ। ਸਾਡੇ ਸੰਤ ਮਹਾਪੁਰਖ ਹੀ ਸਾਨੂੰ ਸਹੀ ਗਲਤ ਦੀ ਸੋਝੀ ਕਰਵਾ ਸਕਦੇ ਹਨ ਜਿਸ ਨਾਲ ਸਾਡਾ ਵਰਤਮਾਨ ਅਤੇ ਭਵਿੱਖ ਸੁਨਹਿਰਾ ਹੀ ਸਕਦਾ ਹੈ। ਅੰਤ ਵਿੱਚ ਸਾਧਵੀ ਰਮਨ ਭਾਰਤੀ ਜੀ ਨੇ ਭਜਨ ਕੀਰਤਨ ਦਾ ਗਾਇਨ ਕੀਤਾ।

## ਸੰਗਰੂਰ ਰੈਲੀ ਦੀਆਂ ਤਿਆਰੀਆਂ ਸੰਬੰਧੀ ਮੀਟਿੰਗਾਂ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਚੰਨਣਵਾਲ ਵਿਖੇ ਭਾਰਤੀ ਕਮਿਊਨਿਸਟ ਪਾਰਟੀ, ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੀ ਸਾਂਝੀ ਮੀਟਿੰਗ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਖੁਸ਼ੀਆ ਸਿੰਘ ਦੀ ਅਗਵਾਈ ਹੇਠ ਹੋਈ।ਉਨ੍ਹਾਂ ਇਸ ਮੌਕੇ ਬੋਲਦਿਆਂ ਕਿਹਾ ਕਿ ਸੀ ਪੀ ਆਈ ਵੱਲੋਂ ਹਰ ਵਰਗ ਦੇ ਲੋਕਾਂ ਦੀਆਂ ਭਖਦੀਆਂ ਮੰਗਾਂ ਦੀ ਪ੍ਰਾਪਤੀ ਲਈ ਸ਼ੁਰੂ ਕੀਤੇ ਸੰਘਰਸ਼ ਦੀ ਲੜੀ ਤਹਿਤ 29 ਨਵੰਬਰ ਨੂੰ ਸੰਗਰੂਰ ਵਿਖੇ ਕੀਤੀ ਜਾ ਰਹੀ ਛੇ ਜ਼ਿਲ੍ਹਿਆਂ ਦੀ ਜ਼ੋਨ ਪੱਧਰੀ ਰੈਲੀ ਦੀਆਂ ਤਿਆਰੀਆਂ ਨੂੰ ਲੈ ਕੇ ਇਲਾਕਾਵਾਰ ਮੀਟਿੰਗਾਂ, ਰੈਲੀਆਂ ਕੀਤੀਆਂ ਜਾ ਰਹੀਆਂ ਹਨ।ਸਾਰੇ ਪਿੰਡਾਂ ਚੋਂ ਵੱਡੀ ਗਿਣਤੀ 'ਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਡਿਊਟੀਆਂ ਵੰਡ ਕੇ ਜ਼ਿੰਮੇਵਾਰੀ ਸੌਂਪੀ ਗਈ ਹੈ।

ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਗਰਾਜ ਸਿੰਘ ਰਾਮਾ ਨੇ ਕਿਹਾ ਕਿ ਕੇਂਦਰ ਤੇ ਰਾਜ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ ਇੱਕਜੁੱਟ ਹੋ ਕੇ ਸਾਂਝੇ ਸੰਘਰਸ਼ਾਂ 'ਚ ਸ਼ਾਮਲ ਹੋਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਅੱਜ ਹਰ ਵਰਗ ਦੇ ਲੋਕ ਮਹਿੰਗਾਈ ਦੀ ਚੱਕੀ 'ਚ ਪਿਸ ਰਹੇ ਹਨ।ਆਪ ਵੱਲੋਂ ਵੋਟਾਂ ਵੇਲੇ ਕੀਤੇ ਵਾਅਦੇ ਅਨੁਸਾਰ ਸ਼ਗਨ ਸਕੀਮ, ਪੈਨਸ਼ਨ ਰਾਸ਼ੀ 'ਚ ਵਾਧਾ ਕਰਨ, ਔਰਤਾਂ ਦੇ ਖਾਤੇ ਵਿੱਚ ਇਕ ਇਕ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਭੇਜਣ ਤੋਂ ਪਾਸਾ ਵੱਟ ਲਿਆ ਹੈ, ਜਿਸ ਕਰਕੇ ਲੋਕਾਂ ਵਿਚ ਰੋਹ ਦੀ ਲਹਿਰ ਪਾਈ ਜਾ ਰਹੀ ਹੈ।ਆਗੂਆਂ ਨੇ ਸਮੂਹ ਲੋਕਾਂ ਵੱਡੀ ਗਿਣਤੀ ਨਾਲ ਕਾਫ਼ਲੇ ਬੰਨ੍ਹ ਕੇ 29 ਨਵੰਬਰ ਦੀ ਸੰਗਰੂਰ ਰੈਲੀ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਲਛਮਣ ਸਿੰਘ, ਆਤਮਾ ਸਿੰਘ, ਵੀਰਪਾਲ ਕੌਰ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

...ਸ.ਫ਼ਾ 1 ਦੀ ਬਾਕੀ

### ਜ਼ਿਮਨੀ ਚੋਣਾਂ 'ਚ ਲੋਕ...

ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਤਾਕਤ ਦੀ ਵਰਤੋਂ ਕਰ ਕੇ ਕਿਸਾਨਾਂ ਨੂੰ ਡਰਾ-ਧਮਕਾ ਰਹੀ ਹੈ, ਜੋ ਗੈਰ-ਵਾਜਬ ਹੈ।ਇਕ ਹੋਰ ਸਵਾਲ 'ਤੇ ਮੁੱਖ ਮੰਤਰੀ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ 'ਆਪ' ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਦਿੱਲੀ ਵਿਚ ਮੁੜ ਸਰਕਾਰ ਬਣਾਏਗੀ।ਕੁਝ ਸਿਆਸੀ ਪਾਰਟੀਆਂ ਵੱਲੋਂ ਅਪਣਾਏ ਜਾ ਰਹੇ ਫੁੱਟ ਪਾਊ ਏਜੰਡੇ 'ਤੇ ਸਖ਼ਤ ਇਤਰਾਜ਼ ਜ਼ਾਹਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਦੇਸ਼ ਦੇ ਹਿੱਤ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਵਿੱਚ ਹਿੰਸਾ ਦੀਆਂ ਘਟਨਾਵਾਂ ਹੈਰਾਨ ਕਰਨ ਵਾਲੀਆਂ ਅਤੇ ਮੰਦਭਾਗੀਆਂ ਹਨ।

ਉਨ੍ਹਾਂ ਕਿਹਾ ਕਿ ਇਹ ਕੁਝ ਪਾਰਟੀਆਂ ਵੱਲੋਂ ਕੀਤੀ ਜਾ ਰਹੀ ਨਫ਼ਰਤ ਦੀ ਰਾਜਨੀਤੀ ਦਾ ਨਤੀਜਾ ਹਨ।ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਭਵਨ ਦੇ ਏ ਬਲਾਕ ਵਿਖੇ ਨਵਾਂ ਡਾਇਨਿੰਗ ਹਾਲ ਕੌਮੀ ਰਾਜਧਾਨੀ ਦੇ ਲੋਕਾਂ ਨੂੰ ਇੱਥੇ ਭੋਜਨ ਦਾ ਅਨੰਦ ਲੈਣ ਦਾ ਮੌਕਾ ਦੇਵੇਗਾ।

## ਸੁਖਬੀਰ ਦਾ ਅਸਤੀਫਾ ਮਨਜ਼ੂਰ ਕਰਨਾ ਅਕਾਲੀ ਦਲ ਦੀ ਵੱਡੀ ਭੁੱਲ ਹੋਵੇਗੀ : ਹਰਿਆਊ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪੰਜਾਬ ਅੰਤਰਰਾਸ਼ਟਰੀ ਬਾਰਡਰ ਤੇ ਲੱਗਦਾ ਸੂਬਾ ਹੈ। ਅੱਤਵਾਦ, ਨਸ਼ਾ ਸਮੱਗਲਿੰਗ ਤੇ ਕਾਨੂੰਨ ਵਿਵਸਥਾ ਵਰਗੀਆਂ ਵੱਡੀਆ ਚੁਣੌਤੀਆਂ ਹਮੇਸ਼ਾ ਪੰਜਾਬ ਦਾ ਬੂਹਾ ਖੜਕਾਉਂਦੀਆਂ ਰਹਿੰਦੀਆਂ ਨੇ।ਇਸੇ ਤਰ੍ਹਾਂ ਦੇ ਮਹੌਲ ਵਿੱਚ ਸੂਬੇ ਲਈ ਤਰੱਕੀ ਕਰਨੀ, ਆਪਣੇ ਨੌਜਵਾਨਾਂ ਨੂੰ ਨੌਕਰੀਆਂ ਦੇਣੀਆਂ, ਅਮਨ ਕਾਨੂੰਨ ਵਿਵਸਥਾ ਬਣਾਈ ਰੱਖਣਾ ਤੇ ਭਾਈਚਾਰਕ ਸਾਂਝ ਕਾਇਮ ਕਰਨ ਲਈ ਬਹੁਤ ਕਾਬਲ ਅਗਵਾਈ ਦੀ ਲੋੜ ਹੁੰਦੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਪੀਏਸੀ ਕਮੇਟੀ ਮੈਂਬਰ ਜਗਮੀਤ ਸਿੰਘ ਹਰਿਆਊ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਅਕਾਲੀ ਆਗੂ ਹਰਿਆਊ ਨੇ ਕਿਹਾ ਹੈ ਕਿ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਤੇ ਪੰਜਾਬ ਦੀ ਸਥਾਈ ਦੁਸ਼ਮਣ ਕਾਂਗਰਸ ਨੇ ਇਸ ਤਰੱਕੀ ਨੂੰ ਰੋਕਣ ਲਈ ਕੋਝੀਆਂ ਚਾਲਾਂ ਚਲਣੀਆਂ ਸ਼ੁਰੂ ਕੀਤੀਆਂ। ਉਨ੍ਹਾਂ ਦਾ ਇੱਕੋ ਇਕ ਮਕਸਦ ਸੀ, ਸ਼੍ਰੋਮਣੀ ਅਕਾਲੀ ਤੇ ਉਸ ਦੀ ਲੀਡਰਸ਼ਿਪ ਪ੍ਰਤੀ ਲੋਕਾਂ ਦੇ ਵਿਸ਼ਵਾਸ ਨੂੰ ਖ਼ਤਮ ਕਰਨਾ, ਕਿਉਂਕਿ ਸਵ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸਮੇਂ ਹੋਏ ਵਿਕਾਸ ਨੂੰ ਲੋਕਾਂ ਦੇ ਮਨਾਂ ਵਿੱਚੋਂ ਮਿਟਾਉਣਾ ਔਖਾ ਸੀ ਤਾਂ ਧਰਮ ਨੂੰ ਮੁੱਦਾ ਬਣਾਇਆ ਗਿਆ।ਇੱਕ ਬਹੁਤ ਵੱਡੀ ਸਾਜ਼ਿਸ਼ ਸ਼੍ਰੋਮਣੀ ਅਕਾਲੀ ਦਲ ਤੇ ਖਾਸ ਕਰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਘੜੀ ਗਈ, ਜਿਸ ਤਰੀਕੇ ਬਹੁਤ ਘੱਟ ਸਮੇਂ ਵਿੱਚ ਹੀ ਮੀਡੀਆ ਤੇ ਆਮ ਲੋਕਾਂ ਦੇ ਮਨਾਂ ਵਿੱਚ ਅਕਾਲੀ ਲੀਡਰਸ਼ਿਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਦੋਸ਼ੀ ਪੇਸ਼ ਕਰ ਦਿੱਤਾ ਗਿਆ, ਇਹ ਇੱਕ ਬਹੁਤ ਸੋਚੀ ਸਮਝੀ ਤੇ ਪਹਿਲਾਂ ਤੋਂ ਹੀ ਗਿਣੀ ਮਿਣੀ ਸਾਜ਼ਿਸ਼ ਦਾ ਹਿੱਸਾ ਸੀ, ਜੋ ਵੀ ਦੋਸ਼ ਲਾਏ ਗਏ ਅੱਜ ਤਕ ਸਾਬਿਤ ਨਹੀਂ ਹੋਏ।ਉਨ੍ਹਾਂ ਕਿਹਾ ਕਿ ਦੋ ਸਰਕਾਰਾਂ ਬੇਅਦਬੀ ਦੇ ਮੁੱਦੇ ਨੂੰ ਪੌੜੀ ਬਣਾ ਕੇ ਬਹੁਮਤ ਵਿੱਚ ਆ ਗਈਆਂ, ਪਰ ਕੋਈ ਇਨਸਾਫ਼ ਨਹੀਂ ਦੇ ਸਕੀਆਂ, ਪਰ ਦੋਵੇਂ ਪਾਰਟੀਆਂ ਇਸ ਮੁੱਦੇ ਦੇ ਸਹਾਰੇ ਸੱਤਾ ਵਿੱਚ ਆਈਆਂ ਤੇ ਪੰਜਾਬ ਨੂੰ ਫਿਰ ਤੋਂ ਆਰਥਿਕ ਮੰਦਹਾਲੀ ਅਤੇ ਗੁੰਡਾਰਾਜ ਦੇ ਦੌਰ ਵਿੱਚ ਪਹੁੰਚਾ ਦਿੱਤਾ।ਇਸ ਸਭ ਦੇ ਚੱਲਦੇ ਸੁਖਬੀਰ ਸਿੰਘ ਬਾਦਲ ਦੀ ਬੇਤੁਕੀ ਕਿਰਦਰਕੁਸ਼ੀ ਕਰ ਉਨ੍ਹਾਂ ਨੂੰ ਨਾਮੋਸ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਤਾਂ ਕਿ ਉਹ ਪ੍ਰੇਸ਼ਾਨ ਹੋ ਕੇ ਆਪੇ ਹੀ ਉਨ੍ਹਾਂ ਦੇ ਰਾਸਤੇ ਤੋਂ ਹੱਟ ਜਾਣ। ਸੁਖਬੀਰ ਸਿੰਘ ਬਾਦਲ ਖ਼ਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਨੂੰ ਸ਼ਿਕਾਇਤ ਦਿੱਤੀ ਗਈ, ਜਿਸ ਦਾ ਸਪੱਸ਼ਟੀਕਰਨ ਵੀ ਸੁਖਬੀਰ ਸਿੰਘ ਬਾਦਲ ਨੇ ਸਤਿਕਾਰਯੋਗ ਜਥੇਦਾਰ ਸਾਹਿਬ ਨੂੰ ਸੌਂਪ ਦਿੱਤਾ ਗਿਆ, ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਫ਼ੈਸਲੇ ਲੋਕਤੰਤਰਿਕ ਢੰਗ ਨਾਲ ਕੋਰ ਕਮੇਟੀ ਦੀ ਮਨਜ਼ੂਰੀ ਨਾਲ ਤੇ ਸਰਕਾਰ ਸਮੇਂ ਕੈਬਿਨੇਟ ਦੀ ਮਨਜ਼ੂਰੀ ਨਾਲ ਲਏ ਜਾਂਦੇ ਨੇ, ਪਰ ਫਿਰ ਵੀ ਸੁਖਬੀਰ ਸਿੰਘ ਬਾਦਲ ਨੇ ਵੱਡਾ ਦਿਲ ਦਿਖਾਉਂਦੇ ਹੋਏ ਜਾਣੇ ਅਨਜਾਣੇ ਹੋਇਆਂ ਸਾਰੀਆਂ ਗਲਤੀਆਂ ਆਪਣੀ ਝੋਲੀ ਪਵਾ ਲਈਆਂ ਤੇ ਸ੍ਰੀ ਅਕਾਲ ਤਖ਼ਤ ਸਨਮੁੱਖ ਹਾਜ਼ਿਰ ਹੋ ਕੇ ਇੱਕ ਨਿਮਾਣੇ ਸਿੱਖ ਵਜੋਂ ਖਿਮਾਂ ਦੀ ਜਾਚਣਾ ਕੀਤੀ, ਜਦੋਂ ਕਿ ਉਨ੍ਹਾਂ ਸਾਰੇ ਫੈਸਲਿਆਂ ਲਈ ਸਮੁੱਚੀ ਕੋਰ ਕਮੇਟੀ ਤੇ ਕੈਬਿਨੇਟ ਵੀ ਬਰਾਬਰ ਦੀ ਜ਼ਿੰਮੇਵਾਰ ਹੋਵੇਗੀ ਪਰ ਇਸ ਸ਼ਿਕਾਇਤ ਨੂੰ ਹਥਿਆਰ ਬਣਾ ਕੇ ਬੀਜੇਪੀ ਤੇ ਉਨ੍ਹਾਂ ਦੇ ਹੱਥ ਠੋਕੇ ਲੰਬੇ ਸਮੇਂ ਲਈ ਸੁਖਬੀਰ ਸਿੰਘ ਬਾਦਲ ਨੂੰ ਸਿਆਸਤ ਤੋਂ ਲਾਂਭੇ ਕਰਵਾ ਕੇ ਅਪਣਾ ਰਾਸਤਾ ਸਾਫ ਕਰਨਾ ਚਾਹੁੰਦੇ ਹਨ, ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਮਨਜ਼ੂਰ ਕੀਤਾ ਤਾਂ ਇਹ ਇਤਿਹਾਸਿਕ ਭੁੱਲ ਹੋਵੇਗੀ।

## ਟਰੈਕਟਰ ਚੋਰੀ ਕਰਨ ਦੇ ਮਾਮਲੇ 'ਚ ਦੋ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੇ ਪਿੰਡ ਹਬੀਬ ਵਾਲਾ ਵਿੱਚ ਟਰੈਕਟਰ ਚੋਰੀ ਦੇ ਮਾਮਲੇ ਵਿੱਚ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਸ਼ਿਕਾਇਤਕਰਤਾ ਸਰਵਨ ਸਿੰਘ ਨੇ ਦੱਸਿਆ ਕਿ ਉਸ ਦਾ ਟਰੈਕਟਰ ਨੰਬਰ ਪੀਬੀ 05 ਵੀ 8393 ਜੋ ਕਿ ਉਸ ਦੇ ਗੁਆਂਢੀ ਅਵਤਾਰ ਸਿੰਘ ਨੇ ਗਾਜਰਾਂ ਦੀ ਪੁਟਾਈ ਲਈ ਮੰਗਵਾਇਆ ਸੀ, ਦੋ ਨੌਜਵਾਨਾਂ ਵੱਲੋਂ ਧੋਖੇ ਨਾਲ ਹੜੱਪਿਆ ਗਿਆ। ਦੋਸ਼ੀ ਨੌਜਵਾਨਾਂ ਨੇ ਅਵਤਾਰ ਸਿੰਘ ਨੂੰ ਗਲਤ ਬਹਾਨੇ ਨਾਲ ਕਿਹਾ ਕਿ ਟਰੈਕਟਰ ਵਿਆਹ ਸਮਾਰੋਹ ਲਈ ਪਾਣੀ ਦੀ ਟੈਂਕੀ ਲਿਜਾਣ ਲਈ ਮੰਗਵਾਇਆ ਗਿਆ ਹੈ। ਅਵਤਾਰ ਸਿੰਘ ਨੇ ਬਿਨਾਂ ਕੋਈ ਸਵਾਲ ਕੀਤੇ ਟਰੈਕਟਰ ਉਨ੍ਹਾਂ ਦੇ ਹਵਾਲੇ ਕਰ ਦਿੱਤਾ।

ਬਾਅਦ ਵਿਚ ਪਤਾ ਲੱਗਾ ਕਿ ਇਹ ਦੋ ਨੌਜਵਾਨ ਸਰਵਨ ਸਿੰਘ ਦੇ ਜ਼ਰੀਏ ਨਹੀਂ ਭੇਜੇ ਗਏ ਸਨ। ਦੋਸ਼ੀਅਨ ਦੀ ਪਛਾਣ ਰਾਜਵਿੰਦਰ ਸਿੰਘ ਪੁੱਤਰ ਬਿੱਟੂ ਵਾਸੀ ਪਿੰਡ ਜਲਾਲ ਵਾਲਾ, ਹਰਜਿੰਦਰ ਸਿੰਘ ਪੁੱਤਰ ਕਾਲਾ ਸਿੰਘ, ਵਾਸੀ ਪਿੰਡ ਰਾਜਾ ਰਾਏ ਚੱਕ ਉਤਾੜ ਵਜੋਂ ਹੋਈ ਹੈ। ਥਾਣਾ ਸਦਰ ਫਿਰੋਜ਼ਪੁਰ ਦੇ ਜਸਪਾਲ ਸਿੰਘ ਨੇ ਦੱਸਿਆ ਕਿ ਸਰਵਨ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ 303(2) ਬੀਐੱਨਐੱਸ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਮੁਲਜ਼ਮਾਂ ਦੀ ਪਕੜ ਲਈ ਅਗਲੇ ਕਦਮ ਚੁੱਕੇ ਜਾ ਰਹੇ ਹਨ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

CMYK

## ਜਨਮ ਦਿਨ ਮੁਬਾਰਕ



ਰਿਆਨ ਮਹਾਜਨ, ਗੁਰਦਾਸਪੁਰ

## ਵਰ੍ਹੇਗੰਢ ਮੁਬਾਰਕ



ਨੇਹਾ ਕੁਮਾਰੀ ਪੁੱਤਰੀ ਤਰਸੇਮ ਲਾਲ ਵਾਸੀ ਡੇਰਾ ਬਾਬਾ ਨਾਨਕ ਦਾ ਸ਼ੁਭ ਵਿਆਹ ਜੋਬਨਪ੍ਰੀਤ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਸ੍ਰੀ ਹਰਿਗੋਬਿੰਦਪੁਰ ਨਾਲ ਹੋਇਆ।

# ਫਿਰੌਤੀਆਂ ਮੰਗਣ ਵਾਲੇ ਗਰੋਹ ਦਾ ਪਰਦਾਫਾਸ਼, ਚਾਰ ਨੌਜਵਾਨ ਕਾਬੂ




**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਅੰਮ੍ਰਿਤਸਰ ਦਿਹਾਤੀ ਪੁਲਸ ਨੂੰ ਉਸ ਸਮੇਂ ਵੱਡੀ ਕਾਮਯਾਬੀ ਹਾਸਿਲ ਹੋਈ ਜਦੋਂ ਥਾਣਾ ਜੰਡਿਆਲਾ ਗੁਰੂ ਵਿੱਚ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਫੋਨ ਤੇ ਫਿਰੌਤੀ ਮੰਗਣ ਦੀਆਂ ਧਮਕੀਆਂ ਦੇਣ ਵਾਲੇ ਗਿਰੋਹ ਦਾ ਪਰਦਾਫ਼ਾਸ਼ ਕੀਤਾ ਗਿਆ। ਇਸ ਮੌਕੇ ਥਾਣਾ ਜੰਡਿਆਲਾ ਗੁਰੂ ਦੇ ਪੁਲਸ ਅਧਿਕਾਰੀ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਸਾਡੀ ਪੁਲਸ ਟੀਮ ਵੱਲੋਂ ਜੰਡਿਆਲਾ ਦੇ ਵਿੱਚ ਵਪਾਰੀਆਂ ਤੇ ਦੁਕਾਨਦਾਰਾਂ ਕੋਲੋਂ ਫਿਰੌਤੀਆਂ ਮੰਗਣ ਵਾਲੇ ਚਾਰ ਨੌਜਵਾਨਾਂ ਨੂੰ ਕਾਬੂ ਕੀਤਾ ਹੈ।ਉਹਨਾਂ ਦੱਸਿਆ ਕਿ ਇਹ ਹੈਪੀ ਜੱਟ ਗਿਰੋਹ ਦੇ ਲੜਕੇ ਹਨ ਜਿਨਾਂ ਵੱਲੋਂ ਵਪਾਰੀਆਂ ਤੇ ਦੁਕਾਨਦਾਰਾਂ ਕੋਲੋਂ ਫਿਰੌਤੀਆਂ ਮੰਗੀਆਂ ਜਾ ਰਹੀਆਂ ਸਨ। ਉਹਨਾਂ ਕਿਹਾ ਕਿ ਇਹਨਾਂ ਕੋਲੋਂ ਇਹਨਾਂ ਦੇ ਮੋਬਾਈਲ ਫੋਨ ਵੀ ਬਰਾਮਦ ਕਰ ਲਏ ਗਏ ਹਨ ਜਿਨਾਂ ਤੋਂ ਫੋਨ ਕਰ ਇਹ ਫਿਰੌਤੀਆਂ ਮੰਗਦੇ ਸਨ। ਦੱਸਿਆ ਜਾ ਰਿਹਾ ਹੈ ਕਿ ਵਿਦੇਸ਼ੀ ਤਾਕਤਾਂ ਵੱਲੋਂ ਇਹਨਾਂ ਨੌਜਵਾਨਾਂ ਨੂੰ ਵਰਗਲਾ ਕੇ ਇਹਨਾਂ ਕੋਲ ਗਲਤ ਕੰਮ ਕਰਵਾਏ ਜਾ ਰਹੇ ਸਨ। ਉਹਨਾਂ ਕਿਹਾ ਕਿ ਸਾਡੀ ਟੈਕਨੀਕਲ ਪੁਲਸ ਟੀਮ ਵੱਲੋਂ ਇਹਨਾਂ ਦੇ ਮੋਬਾਇਲ ਫੋਨਾਂ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਇਹ ਜਿਹੜੇ ਇਹਨਾਂ ਨੂੰ ਕਾਲਾਂ ਆ ਰਹੀਆਂ ਹਨ ਵਿਦੇਸ਼ ਤੋਂ ਆ ਰਹੀਆਂ ਹਨ ਜਾਂ ਫੇਕ ਨੰਬਰ ਤੋਂ ਕਾਲਾਂ ਆ ਰਹੀਆਂ ਹਨ। ਇਸ ਦੀ ਜਾਣਕਾਰੀ ਤੋਂ ਬਾਅਦ ਹੀ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਇਹਨਾਂ ਦੀ ਉਮਰ ਮਹਿਜ਼ 20 ਤੋਂ 22 ਸਾਲ ਦੇ ਕਰੀਬ ਹੈ। ਇਹ ਥਾਣਾ ਜੰਡਿਆਲਾ ਹਲਕੇ ਦੇ ਹੀ ਰਹਿਣ ਵਾਲੇ ਹਨ ਜਿਨਾਂ ਵੱਲੋਂ ਵਪਾਰੀਆਂ ਤੇ ਦੁਕਾਨਦਾਰਾਂ ਨੂੰ ਧਮਕੀਆਂ ਦਿੱਤੀਆਂ ਜਾ ਰਹੀਆਂ ਸਨ।ਉਹਨਾਂ ਕਿਹਾ ਕਿ ਜਾਂਚ ਵਿੱਚ ਸਾਹਮਣੇ ਆਇਆ ਕਿ ਇਹ ਹੈਪੀ ਜੱਟ ਗਿਰੋਹ ਦੇ ਲੜਕੇ ਹਨ ਜਿਨਾਂ ਨੂੰ ਵਿਦੇਸ਼ ਤੋਂ ਫੋਨ ਆਉਂਦੇ ਸਨ ਤੇ ਉਹ ਦੁਕਾਨਾਂ ਤੇ ਵਪਾਰੀਆਂ ਦੀ ਜਾ ਕੇ ਰੈਕੀ ਕਰਦੇ ਸਨ।ਉਸ ਤੋਂ ਬਾਅਦ ਫੋਨ ਤੇ ਧਮਕੀਆਂ ਦੇ ਕੇ ਫਿਰੌਤੀ ਦੀ ਮੰਗ ਕਰਦੇ ਸਨ। ਉਹਨਾਂ ਕਿਹਾ ਕਿ ਫਿਲਹਾਲ ਸਾਡੇ ਪੁਲਸ ਵਿਭਾਗ ਵੱਲੋਂ ਇਹਨਾਂ ਵਿਦੇਸ਼ੀ ਗੈਂਗਸਟਰਾਂ ਦੇ ਖਿਲਾਫ ਲੁੱਕ ਆਫ ਨੋਟਿਸ ਜਾਰੀ ਕੀਤਾ ਹੋਇਆ, ਅਸੀਂ ਅੱਜ ਇਹਨਾਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਇਹਨਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਦਾਲਤ ਵਿੱਚ ਰਿਮਾਂਡ ਹਾਸਿਲ ਕਰ ਇਹਨਾਂ ਕੋਲੋਂ ਪੁੱਛਗਿੱਛ ਕਰ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

# 9ਵਾਂ ਅੰਮ੍ਰਿਤਸਰ ਸਾਹਿਤ ਉਤਸਵ ਤੇ ਪੁਸਤਕ ਮੇਲਾ ਅਮਿੱਟ ਯਾਦਾਂ ਛੱਡਦਾ ਸੰਪੰਨ

## ਸਾਨੂੰ ਆਪਣੀ ਸ਼ਖ਼ਸੀਅਤ ਨੂੰ ਨਿਖਾਰਨ ਲਈ ਮਹਾਨ ਲੋਕਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ : ਤੂਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**—ਖ਼ਾਲਸਾ ਕਾਲਜ ਵਿਖੇ 5 ਰੋਜ਼ਾ '9ਵਾਂ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲਾ' ਆਪਣੀਆਂ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ ਹੋ ਗਿਆ।ਮੇਲੇ ਦੇ 5ਵੇਂ ਦਿਨ ਦੀ ਸ਼ੁਰੂਆਤ ਖਾਲਸਾ ਯੂਨੀਵਰਸਿਟੀ ਦੇ ਪ੍ਰੋ: ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ, ਉਪ-ਕੁਲਪਤੀ ਡਾ. ਮਹਿਲ ਸਿੰਘ ਅਤੇ ਨਾਮਵਰ ਵਾਰਤਕਕਾਰ ਅਤੇ ਸੇਵਾਮੁਕਤ ਆਈ. ਜੀ. ਪੰਜਾਬ ਪੁਲਸ ਗਰਪ੍ਰੀਤ ਸਿੰਘ ਤੂਰ ਨੂੰ ਪੰਜਾਬੀ ਵਿਭਾਗ ਦੇ ਮੁਖੀ ਅਤੇ ਪ੍ਰੋਗਰਾਮ ਕੋਆਰਡੀਨੇਟਰ ਡਾ. ਆਤਮ ਸਿੰਘ ਰੰਧਾਵਾ ਵੱਲੋਂ ਪੌਦੇ ਭੇਟ ਕਰਦੇ ਨਿੱਘੇ ਸਵਾਗਤ ਨਾਲ ਹੋਈ।ਇਸ ਮੌਕੇ ਸ: ਛੀਨਾ ਨੇ ਕਿਹਾ ਕਿ ਅਜੋਕੀ ਪੀੜ੍ਹੀ 'ਚ ਬਾਹਰ ਜਾਣ ਦੀ ਹੋੜ ਨੇ ਕਈ ਘਰਾਂ ਦੀ ਬਰਬਾਦੀ ਕਰ ਦਿੱਤੀ ਹੈ।ਆਈਲੈੱਟਸ ਸੈਂਟਰਾਂ ਦੀ ਲੁੱਟ-ਖਸੁੱਟ ਨੇ ਪਰਿਵਾਰਾਂ ਦੇ ਪਰਿਵਾਰ ਬਰਬਾਦ ਕਰ ਦਿੱਤੇ ਹਨ।ਉਨ੍ਹਾਂ ਉਕਤ ਮੇਲੇ ਦੀ ਸਫ਼ਲਤਾ ਲਈ ਕਾਲਜ ਦੇ ਕਾਰਜਕਾਰੀ ਪ੍ਰਿੰ. ਡਾ. ਤਮਿੰਦਰ ਸਿੰਘ ਭਾਟੀਆ ਅਤੇ ਡਾ. ਰੰਧਾਵਾ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ।ਉਪ ਕੁਲਪਤੀ ਡਾ. ਮਹਿਲ ਸਿੰਘ ਨੇ ਕਿਹਾ ਕਿ ਗਵਰਨਿੰਗ ਕੌਂਸਲ ਅਧੀਨ ਚੱਲ ਰਹੀਆਂ 19 ਸੰਸਥਾਵਾਂ ਹਰ ਖੇਤਰ 'ਚ ਆਪਣੀ ਬੇਹਤਰ ਕਾਰਗੁਜ਼ਾਰੀ ਕਰ ਰਹੀਆਂ ਹਨ।ਇਸ ਮੌਕੇ ਸਾਹਿਤ ਦੀ ਮਹੱਤਤਾ ਅਤੇ ਇਸ ਦੇ ਯੋਗਦਾਨ ਬਾਰੇ ਵਿਚਾਰ ਪ੍ਰਗਟ ਕਰਦਿਆਂ ਡਾ. ਮਹਿਲ ਸਿੰਘ ਨੇ ਕਿਹਾ ਕਿ ਅੱਜ ਦੇ ਵਿਗਿਆਨਕ ਯੁੱਗ ਵਿਚ ਸਾਹਿਤ ਨਾਲ ਜੁੜਨਾ ਵੀ ਬਹੁਤ ਜ਼ਰੂਰੀ ਹੈ ਤਾਂ ਕਿ ਵਿਦਿਆਰਥੀਆਂ ਨੂੰ ਸਾਹਿਤ ਦੇ ਨਾਲ ਨਾਲ ਜ਼ਿੰਦਗੀ ਦੀ ਸਮਝ ਵੀ ਪ੍ਰਾਪਤ ਹੋ ਸਕੇ।ਸ. ਗੁਰਪ੍ਰੀਤ ਸਿੰਘ ਤੂਰ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਆਪਣੀ ਸ਼ਖ਼ਸੀਅਤ ਨਿਖਾਰਨ ਲਈ ਮਹਾਨ ਲੋਕਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।ਵਿਰਾਸਤੀ ਮੇਲੇ ਸਾਨੂੰ ਆਪਣੇ ਵਿਰਸੇ ਨਾਲ ਜੋੜਦੇ ਹਨ।ਉਹਨਾਂ ਨੇ ਇਸ ਗੱਲ ਦੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਟੇਜਾਂ 'ਤੇ ਪੰਜਾਬੀ ਸਭਿਆਚਾਰ ਦੀ ਜੋ ਪੇਸ਼ਕਾਰੀ ਹੋ ਰਹੀ ਹੈ ਉਹ ਅਸਲੀਅਤ ਤੋਂ ਕੋਰੀ ਹੈ।ਇਸ ਸਮੇਂ ਗੁਰਪ੍ਰੀਤ ਸਿੰਘ ਤੂਰ ਦੀ ਪੁਸਤਕ 'ਪਰਵਾਸ ਤੇ ਪੰਜਾਬ' ਦੀ ਘੁੰਡ ਚੁਕਾਈ ਕੀਤੀ ਗਈ।ਇਸ ਪੁਸਤਕ ਸੰਬੰਧੀ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪੇਸ਼ ਕੀਤੇ।ਨਵਲਪ੍ਰੀਤ ਰੰਗੀ ਦੀ ਡਾਕੂਮੈਂਟਰੀ ਫ਼ਿਲਮ 'ਪੌੜੀ' ਦੀ ਪੇਸ਼ਕਾਰੀ ਕੀਤੀ ਗਈ ਜਿਸ 'ਚ ਪਰਵਾਸ ਧਾਰਨ ਕਰ ਚੁੱਕੇ ਪੰਜਾਬੀ ਨੌਜਵਾਨਾਂ ਦੀਆਂ ਆਰਥਿਕ ਸਮੱਸਿਆਂਵਾਂ ਅਤੇ ਉਨ੍ਹਾਂ ਦੇ ਜੀਵਨ ਨੂੰ ਪੇਸ਼ ਦੁਸ਼ਵਾਰੀਆਂ ਨੂੰ ਕੇਂਦਰਿਤ ਕੀਤਾ ਗਿਆ।ਬਾਅਦ ਦੁਪਹਿਰ 'ਤੇਰੀ ਮੇਰੀ ਇੱਕ ਜਿੰਦੜੀ' ਪ੍ਰੋਗਰਾਮ ਦੇ ਚਲਦਿਆਂ ਨਾਮਵਰ ਅਦਾਕਾਰ ਅਨੀਤਾ ਦੇਵਗਨ ਅਤੇ ਹਰਦੀਪ ਗਿੱਲ ਨੇ ਸ੍ਰੋਤਿਆਂ ਨਾਲ ਰੂਬਰੂ ਹੁੰਦਿਆਂ ਆਪਣੀ ਕਲਾਕਾਰੀ ਨਾਲ ਜੁੜੇ ਅਹਿਮ ਪਹਿਲੂਆਂ ਨੂੰ ਸਾਂਝਿਆ ਕੀਤਾ।ਇਸ ਪ੍ਰੋਗਰਾਮ ਤੋਂ ਬਾਅਦ ਜੋਗਾ ਸਿੰਘ ਜੋਗੀ ਨੂੰ ਸਮਰਪਿਤ ਕਵੀਸ਼ਰੀ ਪ੍ਰੋਗਰਾਮ ਵਿਚ ਗਿਆਨੀ ਗੁਰਮੁਖ ਸਿੰਘ ਐੱਮ. ਏ. ਅਤੇ ਉਹਨਾਂ ਦੇ ਜਥੇ ਨੇ ਆਪਣੀ ਕਵੀਸ਼ਰੀ ਦੀ ਕਲਾ ਨਾਲ ਸ੍ਰੋਤਿਆਂ ਨੂੰ ਮੰਤਰ-ਮੁਗਧ ਕੀਤਾ।ਸਮਾਗਮ ਦਾ ਸਿਖਰ ਲੋਕ ਨਾਚ ਝੂਮਰ ਨਾਲ ਹੋਇਆ।ਪੁਸਤਕ ਮੇਲੇ ਸੰਬੰਧੀ ਜਾਣਕਾਰੀ ਦਿੰਦਿਆਂ ਮੇਲੇ ਦੇ ਕਨਵੀਨਰ ਡਾ. ਆਤਮ ਸਿੰਘ ਰੰਧਾਵਾ ਨੇ ਦੱਸਿਆ ਕਿ ਭਾਵੇਂ ਜਲੰਧਰ ਅਤੇ ਲੁਧਿਆਣੇ ਵਿਚ ਬੀਤੇ ਇੱਕ ਮਹੀਨੇ ਵਿਚ ਹੀ ਦੋ ਪੁਸਤਕ ਮੇਲੇ ਲੱਗ ਚੁੱਕੇ ਹਨ ਪਰ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਦੇ ਪੰਜ ਦਿਨਾਂ ਵਿਚ 100 ਤੋਂ ਵੱਧ ਪਬਲਿਸ਼ਰਾਂ ਕੋਲੋਂ ਮੇਲੇ ਵਿਚ ਆਏ ਲੋਕਾਂ ਨੇ 70 ਲੱਖ ਤੋਂ ਵੱਧ ਮੁੱਲ ਦੀਆਂ ਕਿਤਾਬਾਂ ਖਰੀਦੀਆਂ ਜੋ ਸਾਡੇ ਪੁਸਤਕ ਮੇਲੇ ਦੀ ਸਫ਼ਲਤਾ ਦਾ ਮਿਆਰ ਹੈ।ਡਾ. ਰੰਧਾਵਾ ਨੇ ਇਸ ਮੇਲੇ ਲਈ ਜਿਥੇ ਖ਼ਾਲਸਾ ਕਾਲਜ ਮੈਨਜਮੈਂਟ ਅਤੇ ਪ੍ਰਿੰਸੀਪਲ ਦਾ ਧੰਨਵਾਦ ਕੀਤਾ ਉਥੇ ਮੇਲੇ ਨੂੰ ਸਫ਼ਲ ਬਣਾਉਣ ਵਿਚ ਵੱਖ-ਵੱਖ ਵਿਭਾਗਾਂ ਵੱਲੋਂ ਪਾਏ ਸਹਿਯੋਗ ਲਈ ਉਹਨਾਂ ਦਾ ਵੀ ਧੰਨਵਾਦ ਕੀਤਾ।

## ਪ੍ਰਵਾਸੀ ਭਾਰਤੀ ਰਾਜ ਕੁਮਾਰ ਤੇ ਉਨ੍ਹਾਂ ਦੀ ਧਰਮ ਪਤਨੀ ਦਾ ਮਾਣ-ਸਨਮਾਨ



**ਕਾਲਾ ਸੰਘਿਆਂ (ਮਨਜੀਤ ਮਾਨ)**-ਭਾਰਤੀਆ ਵਾਲਮੀਕਿ ਸਭਾ (ਰਜਿ) ਇਕਾਈ ਪੰਜਾਬ ਵੱਲੋਂ ਰਾਜ ਕੁਮਾਰ ਐੱਨ. ਆਰ. ਆਈ. ਅਤੇ ਉਹਨਾਂ ਦੀ ਸੁਪਤਨੀ ਕਮਲਜੀਤ ਕੌਰ ਦਾ ਸਮਾਜ ਸੇਵਾ ਵਿੱਚ ਉਘਾ ਯੋਗਦਾਨ ਪਾਉਣ ਲਈ ਨਿਊ ਮਾਡਲ ਟਾਊਨ ਕਲੋਨੀ ਉੱਗੀ ਵਿਖੇ ਸਿਰੋਪਾਓ ਅਤੇ ਮੈਡਲ ਨਾਲ ਸਨਮਾਨ ਕੀਤਾ ਗਿਆ। ਰਾਜ ਕੁਮਾਰ ਨੇ ਕਿਹਾ ਕਿ ਉਹ ਆਉਣ ਵਾਲੇ ਸਮੇਂ ਦੌਰਾਨ ਵੀ ਸਮਾਜਿਕ ਤੌਰ ਤੇ ਸੇਵਾ ਕਰਦੇ ਰਹਿਣਗੇ। ਉਹਨਾਂ ਕਿਹਾ ਕਿ ਉਹ ਹੋਣਹਾਰ ਬੱਚਿਆਂ ਨੂੰ ਵਿੱਦਿਅਕ, ਆਰਥਿਕ ਅਤੇ ਖੇਡਾਂ ਦੇ ਖੇਤਰ ਵਿੱਚ ਹਮੇਸ਼ਾ ਸਹਿਯੋਗ ਕਰਦੇ ਰਹਿਣਗੇ। ਉਹਨਾਂ ਵਾਤਾਵਰਨ ਦੀ ਸਾਂਭ-ਸੰਭਾਲ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਮਹਿੰਦਰਪਾਲ ਉੱਗੀ, ਮੰਗਲ ਸਿੰਘ ਪ੍ਰਧਾਨ ਉੱਗੀ ਕਾਲੋਨੀ, ਸਵਰਨ ਕੌਰ, ਸਾਬਕਾ ਬਲਾਕ ਸਿੱਖਿਆ ਅਫ਼ਸਰ ਹਾਜ਼ਰ ਸਨ ।

## ਕਿਰਤੀਆਂ ਦੇ ਹੱਕ 'ਚ ਵੱਖ-ਵੱਖ ਸਕੀਮਾਂ ਪਾਸ



**ਬਟਾਲਾ (ਤਰਲੋਕ ਬੱਗਾ)**-ਪੰਜਾਬ ਬਿਲਡਿੰਗ ਐਂਡ ਕੰਸਟ੍ਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੀ ਮੀਟਿੰਗ ਐੱਸ ਡੀ ਐੱਮ ਬਟਾਲਾ ਵਿਕਰਮਜੀਤ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਕਿਰਤ ਵਿਭਾਗ ਦੇ ਇੰਸਪੈਕਟਰ ਅਰੁਣ ਕੁਮਾਰ ਤੋਂ ਇਲਾਵਾ ਵੱਖ-ਵੱਖ ਮਹਿਕਮਿਆਂ ਦੇ ਅਧਿਕਾਰੀ ਅਤੇ ਪੰਜਾਬ ਨਿਰਮਾਣ ਮਜ਼ਦੂਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਜਗੀਰ ਸਿੰਘ ਕਿਲ੍ਹਾ ਲਾਲ ਸਿੰਘ ਹਾਜ਼ਰ ਹੋਏ।ਮੀਟਿੰਗ ਵਿੱਚ ਵਜ਼ੀਫਾ ਸਕੀਮ ਦੇ 8,84,000 ਰੁਪਏ, ਸ਼ਗਨ ਸਕੀਮ ਦੇ 51,000 ਰੁਪਏ, ਐਕਸਗ੍ਰੇਸ਼ੀਆ ਦੇ 2,00,000 ਰੁਪਏ, ਦਾਹ ਸੰਸਕਾਰ ਸਕੀਮ ਦੇ 1,00,000 ਰੁਪਏ ਸਮੇਤ 2 ਪੈਨਸ਼ਨ ਸਕੀਮਾਂ ਅਤੇ 1 ਬਾਲੜੀ ਤੋਹਫ਼ਾ ਸਕੀਮ ਪਾਸ ਕੀਤੀ ਗਈ।ਐੱਸ. ਡੀ. ਐੱਮ. ਬਟਾਲਾ ਵਿਕਰਮਜੀਤ ਸਿੰਘ ਨੇ ਆਦੇਸ਼ ਦਿੱਤਾ ਕਿ ਕਿਰਤ ਸਕੀਮਾਂ ਦਾ ਲਾਭ ਵੱਧ ਤੋਂ ਵੱਧ ਲਾਭਪਾਤਰੀਆਂ ਪਹੁੰਚਾਇਆ ਜਾਵੇ ਅਤੇ ਵੱਧ ਤੋਂ ਵੱਧ ਕੈਂਪ ਲਗਾ ਕੇ ਲਾਭਪਾਤਰੀਆਂ ਨੂੰ ਰਜਿਸਟਰਡ ਕੀਤਾ ਜਾਵੇ ਅਤੇ ਇਸ ਸਕੀਮਾਂ ਤੇ ਕੈਂਪਾਂ ਦੀ ਖ਼ਬਰ ਸੋਸ਼ਲ ਮੀਡੀਆ ਤੇ ਪ੍ਰਿੰਟ ਮੀਡੀਆ ਵਿੱਚ ਜ਼ਰੂਰ ਦਿੱਤੀ ਜਾਵੇ ਤਾਂ ਜੋ ਲੋਕ ਵੱਧ ਤੋ ਵੱਧ ਜਾਗਰੂਕ ਹੋਣ।

## ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦਾ ਅਜਲਾਸ 14 ਨੂੰ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਜਨਰਲ ਬਾਡੀ ਮੀਟਿੰਗ ਸਾਥੀ ਗੁਰਨਾਮ ਸਿੰਘ ਤਲਵੰਡੀ ਦੀ ਪ੍ਰਧਾਨਗੀ ਹੇਠ ਸਥਾਨਕ ਪੁਤਲੀਘਰ ਸਥਿਤ ਸੀਟੂ ਦਫਤਰ ਵਿਖੇ ਹੋਈ। ਮੀਟਿੰਗ ਵਿੱਚ 26 ਨਵੰਬਰ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਦਿੱਲੀ ਕਿਸਾਨ ਅੰਦੋਲਨ ਦੀ ਚੌਥੀ ਵਰੇ ਗੰਡ ਮੌਕੇ ਜੋ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਰੋਸ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ ਉਸ ਸਬੰਧੀ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਕਿਹਾ ਕਿ 26 ਨਵੰਬਰ ਦੇ ਰੋਸ ਮੁਜ਼ਾਹਰੇ ਵਿੱਚ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸਾਥੀ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਉਹਨਾਂ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਪਿੰਡ ਪੱਧਰ ਤੇ ਮੈਂਬਰਸ਼ਿਪ ਮੁਹਿੰਮ ਨੂੰ ਤੇਜ਼ ਕਰਨ ਲਈ ਕਿਹਾ।ਉਹਨਾਂ ਦੱਸਿਆ ਕਿ ਜਥੇਬੰਦੀ ਦੀ ਤਹਿਸੀਲ ਅਜਨਾਲਾ ਦਾ ਅਜਲਾਸ 8 ਦਸੰਬਰ ਨੂੰ ਹੋਵੇਗਾ।ਜ਼ਿਲਾ ਅਜਲਾਸ ਪਿੰਡ ਮਾਹਲ ਸਥਿਤ ਲੇਖ ਹੈਡ ਪਬਲਿਕ ਸਕੂਲ ਵਿਖੇ 14 ਦਸੰਬਰ ਦਿਨ ਸ਼ਨੀਵਾਰ ਨੂੰ ਕੀਤਾ ਜਾਵੇਗਾ।ਇਸ ਮੌਕੇ ਜਗੀਰ ਸਿੰਘ ਸਰਜਾ, ਸਤਨਾਮ ਸਿੰਘ ਕਲੇਰ, ਬਲਦੇਵ ਸਿੰਘ ਡੇਅਰੀਵਾਲ, ਬੂਟਾ ਸਿੰਘ ਮੱਤੇਪੁਰ, ਲਖਵਿੰਦਰ ਸਿੰਘ ਕਲੇਰ, ਜਗੀਰ ਸਿੰਘ ਚਾਟੀਵਿੰਡ ਆਦਿ ਹਾਜ਼ਰ ਸਨ।

# ਸਰਪੰਚ ਨਿਰੰਜਨ ਦਾਸ ਤੇ ਲੈਕਚਰਾਰ ਕਰਮ ਸਿੰਘ ਵੱਲੋਂ ਵੋਟਰਾਂ/ਸਪੋਰਟਰਾਂ ਦਾ ਧੰਨਵਾਦ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਬਿਨਾਂ ਕਿਸੇ ਪੱਖਪਾਤ ਅਤੇ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਪਿੰਡ ਦਾ ਵਿਕਾਸ ਕਰਵਾਇਆ ਜਾਵੇਗਾ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਬਟਾਲਾ ਅਧੀਨ ਆਉਂਦੇ ਪਿੰਡ ਕਲੇਰ ਖੁਰਦ ਤੋਂ ਨਵੇਂ ਬਣੇ ਸਰਪੰਚ ਨਿਰੰਜਨ ਦਾਸ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪਿੰਡ ਦਾ ਵਿਕਾਸ ਕਰਵਾਇਆ ਜਾਵੇਗਾ ਅਤੇ ਹਰੇਕ ਵੋਟਰ ਸਪੋਟਰ ਦੇ ਉਹ ਹਮੇਸ਼ਾ ਰਿਣੀ ਰਹਿਣਗੇ।ਉਨ੍ਹਾਂ ਦੱਸਿਆ ਕਿ ਉਹਨਾਂ ਦੇ ਪਿੰਡ ਵਿੱਚ ਕੁੱਲ ਕਰੀਬ 1600 ਦੇ ਲਗਭਗ ਵੋਟਾਂ ਸਨ ਜਿਸ ਵਿੱਚੋਂ 1100 ਵੋਟਾਂ ਪੋਲ ਹੋਈਆਂ ਅਤੇ ਉਹ 6 ਵੋਟਾਂ ਦੇ ਫਰਕ ਨਾਲ ਜੇਤੂ ਰਹੇ ।ਉਹਨਾਂ ਦੱਸਿਆ ਕਿ ਉਹਨਾਂ ਦੇ ਨਾਲ ਰਾਜਵਿੰਦਰ ਸਿੰਘ, ਗੁਰਪ੍ਰੀਤ ਕੌਰ, ਨਰਿੰਦਰਜੀਤ ਸਿੰਘ ਮੈਂਬਰ ਬਣੇ ਹਨ ।ਇਸ ਮੌਕੇ ਸਰਪੰਚ ਨਿਰੰਜਨ ਦਾਸ ਅਤੇ ਰਿਟਾਇਰਡ ਲੈਕਚਰਾਰ ਕਰਮ ਸਿੰਘ ਦੇ ਵੱਲੋਂ ਆਪਣੇ ਸਮੂਹ ਪਿੰਡ ਵਾਸੀਆਂ ਸਮੇਤ ਵੋਟਰਾਂ ਸਪੋਰਟਰਾਂ ਤੇ ਸਮਰਥਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਸਰਪੰਚ ਹਰਭਜਨ ਸਿੰਘ, ਸਾਬਕਾ ਪੰਚ ਨਿਰਮਲ ਸਿੰਘ, ਰਿਟਾਇਰਡ ਲੈਕਚਰਾਰ ਕਰਮ ਸਿੰਘ, ਕੁਲਦੀਪ ਸਿੰਘ, ਸੰਤੋਖ ਸਿੰਘ, ਸੰਤ ਕੁਲਵਿੰਦਰ ਸਿੰਘ, ਦਵਿੰਦਰ ਸਿੰਘ, ਮਨਦੀਪ ਸਿੰਘ, ਬਲਵਿੰਦਰ ਸਿੰਘ ਸਾਬਕਾ ਪੰਚ, ਹਰਜਿੰਦਰ ਸਿੰਘ ਜਿੰਦਾ, ਸੁਵਿੰਦਰ ਸਿੰਘ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ ।

# ਐੱਨ ਐੱਚ ਐੱਮ ਯੂਨੀਅਨ ਨੇ ਸਿਹਤ ਮੰਤਰੀ ਨੂੰ ਦਿੱਤਾ ਮੰਗ ਪੱਤਰ



**ਚੋਹਲਾ ਸਾਹਿਬ (ਰਮਨ ਚੱਢਾ)**-ਲੰਮੇ ਸਮੇਂ ਤੋਂ ਨਿਗੂਣੀਆਂ ਤਨਖਾਹਾਂ ਤੇ ਕੰਮ ਕਰ ਰਹੇ ਐੱਨ ਐੱਚ ਐੱਮ ਯੂਨੀਅਨ ਵੱਲੋਂ ਸਮੇਂ-ਸਮੇਂ 'ਤੇ ਆਪਣੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕੀਤਾ ਜਾ ਰਿਹਾ ਹੈ ਪਰ ਰਵਾਇਤੀ ਪਾਰਟੀਆਂ ਵੱਲੋਂ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ।

ਇਸੇ ਲੜੀ ਤਹਿਤ ਐੱਨ ਐੱਚ ਐੱਮ ਯੂਨੀਅਨ ਤਰਨ ਤਾਰਨ ਵੱਲੋਂ ਮਨਦੀਪ ਸਿੰਘ ਬਲਾਕ ਪ੍ਰਧਾਨ ਅਤੇ ਜ਼ਿਲ੍ਹਾ ਅੰਕੜਾ ਸਹਾਇਕ ਮੈਡਮ ਕੰਵਲਜੀਤ ਕੌਰ ਢਿਲੋਂ ਵੱਲੋਂ ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਨੂੰ ਆਪਣੀਆਂ ਮੰਗਾਂ ਨੂੰ ਲੈ ਕੇ ਮੰਗ ਪੱਤਰ ਸੌਂਪਿਆ ਗਿਆ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਯੂਨੀਅਨ ਨੂੰ ਪੂਰਾ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਤੁਹਾਡੀਆਂ ਮੰਗਾਂ ਪੂਰੀਆਂ ਕਰ ਦਿੱਤੀਆਂ ਜਾਣਗੀਆਂ। ਇਸ ਸਮੇਂ ਮਨਦੀਪ ਸਿੰਘ ਨੇ ਦੱਸਿਆ ਕਿ ਮੰਗ ਪੱਤਰ ਵਿੱਚ ਯੂਨੀਅਨ ਦੀਆਂ ਲਿਖੀਆਂ ਮੰਗਾਂ ਵਿੱਚ ਪੂਰੀ ਤਨਖਾਹ ਨਾਲ ਰੈਗੂਲਰ ਕੀਤਾ ਜਾਵੇ, ਸਿਹਤ ਬੀਮਾ ਲਾਗੂ ਕੀਤਾ ਜਾਵੇ ਅਤੇ ਲੀਵ ਪਾਲਸੀ ਵੀ ਲਾਗੂ ਕੀਤੀ ਜਾਵੇ। ਉਹਨਾਂ ਕਿਹਾ ਕਿ ਐੱਨ ਐੱਚ ਐੱਮ ਯੂਨੀਅਨ ਦੇ ਮੁਲਾਜਮ ਲੰਮੇ ਸਮੇਂ ਤੇ ਘੱਟ ਤਨਖਾਹਾਂ ਵਿੱਚ ਸਖਤ ਮਿਹਨਤ ਨਾਲ ਕੰਮ ਕਰ ਰਹੇ ਹਨ ਉਹਨਾਂ ਦੱਸਿਆ ਕਿ ਤਨਖਾਹਾਂ ਇੰਨੀਆਂ ਘੱਟ ਹਨ ਕਿ ਘਰਾਂ ਦੇ ਗੁਜ਼ਾਰੇ ਕਰਨੇ ਬੇਹੱਦ ਮੁਸ਼ਕਲ ਹਨ.। ਉਹਨਾਂ ਕਿਹਾ ਕਿ ਉਹਨਾਂ ਦੀ ਪੰਜਾਬ ਸਰਕਾਰ ਪਾਸੋਂ ਮੰਗ ਹੈ ਕਿ ਉਹਨਾਂ ਦੀਆਂ ਮੰਗਾਂ ਵੱਲ ਪਹਿਲ ਦੇ ਆਧਾਰ ਤੇ ਧਿਆਨ ਦਿੰਦੇ ਹੋਏ ਮੰਗਾਂ ਨੂੰ ਪੂਰਾ ਕੀਤਾ ਜਾਵੇ। ਇਸ ਸਮੇਂ ਸਿਮਰਦੀਪ ਸਿੰਘ ਕੰਪਿਊਟਰ ਆਪ੍ਰੇਟਰ ਤਰਨ ਤਾਰਨ, ਮੈਡਮ ਰਜਨੀ, ਮੈਡਮ ਵੀਨਾ, ਵਿਸ਼ਾਲ ਕੁਮਾਰ ਸਰਹਾਲੀ, ਸਨਦੀਪ ਸਿੰਘ, ਅਮਨਦੀਪ ਸਿੰਘ ਝਬਾਲ, ਕੁਲਵੰਤ ਕੌਰ ਸਰਹਾਲੀ, ਮੈਡਮ ਅਮਰਜੀਤ ਕੌਰ ਕੈਰੋਂ, ਪ੍ਰਧਾਨ ਨੀਰੂ ਮੰਨਣ, ਮੈਡਮ ਪ੍ਰਭਜੋਤ ਕੌਰ ਸਰਹਾਲੀ ਆਦਿ ਹਾਜ਼ਰ ਸਨ।

# ਅਮਿਤ ਔਲ ਨੇ ਗਲੀਆਂ ਨਾਲੀਆਂ ਦੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**—ਅਜਨਾਲਾ ਸ਼ਹਿਰ ਵਿੱਚ ਅਜਨਾਲਾ ਸ਼ਹਿਰ ਦੀ ਵਾਰਡ ਨੰਬਰ ਸੱਤ ਦੇ ਇਨਚਾਰਜ ਅਜਨਾਲਾ ਸ਼ਹਿਰੀ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਿਤ ਔਲ ਵੱਲੋਂ ਵਿਕਾਸ ਕਾਰਜਾਂ ਗਲੀਆਂ ਨਾਲੀਆਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਬੋਲਦਿਆਂ ਕਿਹਾ ਕਿ ਇਹ ਸਾਰੇ ਵਿਕਾਸ ਕਾਰਜ ਮਾਨਯੋਗ ਪੰਜਾਬ ਦੇ ਕੈਬਿਨਟ ਮੰਤਰੀ ਸਰਦਾਰ ਕੁਲਦੀਪ ਸਿੰਘ ਧਾਰੀਵਾਲ ਦੀ ਯੋਗ ਅਗਵਾਈ ਹੇਠ ਅਤੇ ਮਾਨਯੋਗ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਦੀ ਅਗਵਾਈ ਵਿੱਚ ਕੀਤੇ ਜਾ ਰਹੇ ਹਨ ਅਤੇ ਅਜਨਾਲੇ ਸ਼ਹਿਰ ਨੂੰ ਇੱਕ ਸੁੰਦਰ ਨਮੂਨੇ ਦਾ ਸ਼ਹਿਰ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ ਅਤੇ ਪੰਜਾਬ ਦੇ ਕੈਬਨਿਟ ਮੰਤਰੀ ਅਜਨਾਲੇ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਤਿੰਨ ਸਾਲ ਵਿੱਚ ਜਿੰਨਾ ਵਿਕਾਸ ਕੀਤਾ ਉਨਾ 50 ਸਾਲਾਂ ਵਿੱਚ ਵੀ ਕਿਸੇ ਸਰਕਾਰ ਨੇ ਨਹੀਂ ਕੀਤਾ ਅਤੇ ਜੋ ਵਿਕਾਸ ਕਾਰਜ ਅਧੂਰੇ ਹਨ ਉਹ ਪੰਜਾਬ ਸਰਕਾਰ ਆਪਣੇ ਵਾਅਦੇ ਮੁਤਾਬਕ ਬਹੁਤ ਜਲਦ ਪੂਰੇ ਕਰੇਗੀ। ਉਹਨਾਂ ਨੇ ਦੱਸਿਆ ਕਿ ਮੈਂ 7 ਨੰਬਰ ਵਾਰਡ ਦੇ ਵਾਸੀਆਂ ਦੀ ਸੇਵਾ ਵਿੱਚ ਹਰ ਵਕਤ ਹਾਜ਼ਰ ਰਹਾਂਗਾ। ਜੋ ਮੇਰੀ ਡਿਊਟੀ ਮੰਤਰੀ ਸਾਹਿਬ ਵੱਲੋਂ ਲਗਾਈ ਗਈ ਹੈ ਮੈਂ ਦਿਨ-ਰਾਤ ਸੇਵਾ ਲਈ ਹਾਜ਼ਰ ਰਹਾਂਗਾ। ਇਸ ਮੌਕੇ ਉਹਨਾਂ ਦੇ ਨਾਲ ਅਜਨਾਲਾ ਬਲਾਕ ਦੇ ਪ੍ਰਧਾਨ ਦਵਿੰਦਰ ਸਿੰਘ ਸੋਨੂ ਅਤੇ ਕੌਂਸਲਰ ਰਾਜਬੀਰ ਕੌਰ ਚਾਹਲ ਹਾਜ਼ਰ ਸਨ।

# ਮਜੀਠੀਆ ਤੇ ਸੰਤ ਬਾਬਾ ਸੱਜਣ ਸਿੰਘ ਸਰਪੰਚ ਪ੍ਰੇਮ ਸਿੰਘ ਵੱਲੋਂ ਦਿੱਤੀ ਪਾਰਟੀ 'ਚ ਸ਼ਾਮਲ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਬਲਾਕ ਤਰਸਿੱਕਾ ਤੇ ਵਿਧਾਨ ਸਭਾ ਹਲਕਾ ਮਜੀਠਾ ਅਧੀਨ ਪੈਂਦੇ ਪਿੰਡ ਤਰਫਾਨ ਦੀ ਪੰਚਾਇਤ ਵਿੱਚ ਹੋਈ ਆਪਣੀ ਸ਼ਾਨਦਾਰ ਜਿੱਤ ਤੇ ਸਰਪੰਚ ਪ੍ਰੇਮ ਸਿੰਘ ਤਰਫਾਨ ਬਾਠ ਵੱਲੋਂ ਸਾਰੇ ਨਗਰ ਦੀ ਪਾਰਟੀ ਕੀਤੀ ਗਈ ਜਿਸ ਵਿੱਚ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਉਚੇਚੇ ਤੌਰ ਤੇ ਸ਼ਾਮਿਲ ਹੋਏ, ਜਿਨ੍ਹਾਂ ਨੇ ਸਮੁੱਚੀ ਗ੍ਰਾਮ ਪੰਚਾਇਤ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਪਿੰਡ ਦੇ ਭਲੇ ਲਈ ਸਾਰਿਆਂ ਨੂੰ ਰਲ ਕੇ ਯਤਨ ਕਰਨੇ ਚਾਹੀਦੇ ਹਨ ਇਸ ਵਿੱਚ ਕੋਈ ਪਾਰਟੀਬਾਜ਼ੀ ਨਹੀਂ ਕਰਨੀ ਚਾਹੀਦੀ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਹਲਕਾ ਮਜੀਠਾ ਦੀਆਂ ਪੰਚਾਇਤਾਂ ਨੂੰ ਖੁੱਲੇ ਗੱਫੇ ਦਿੱਤੇ ਗਏ ਸਨ ਜਿਸ ਸਦਕਾ ਹਲਕਾ ਮਜੀਠਾ ਦੇ ਪਿੰਡਾਂ ਦੀ ਨੁਹਾਰ ਬਦਲੀ ਹੋਈ ਹੈ। ਉਹਨਾਂ ਕਿਹਾ ਕਿ ਮੌਜੂਦਾ ਦੋਵਾਂ ਸਰਕਾਰਾਂ ਨੇ ਹਲਕਾ ਮਜੀਠਾ ਨੂੰ ਅੱਖੋਂ ਪਰੋਖੇ ਹੀ ਕੀਤਾ ਹੋਇਆ ਹੈ ਪਰ ਦੁਬਾਰਾ ਸੱਤਾ ਵਿੱਚ ਆਉਣ ਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਮਜੀਠਾ ਨੂੰ ਨੰਬਰ ਵਨ ਬਣਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਉਹਨਾਂ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਕਿ ਤਕੜੇ ਹੋ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇ ਤਾਂ ਜੋ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਪੰਜਾਬ ਵਿੱਚ ਆਪਣੀ ਸਰਕਾਰ ਬਣਾ ਸਕੇ । ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ, ਲਖਬੀਰ ਸਿੰਘ ਲੱਖਾ ਤੇ ਸੁਖਵਿੰਦਰ ਸਿੰਘ ਗੋਲਡੀ ਦੋਵੇਂ ਪੀਏ ਸਰਦਾਰ ਮਜੀਠੀਆ, ਸਮੁੱਚੀ ਪੰਚਾਇਤ ਪਿੰਡ ਤਰਫਾਨ, ਬਲਜੀਤ ਸਿੰਘ ਕਾਲਾ ਸਾਧਪੁਰ, ਬਾਬਾ ਰਾਜਾ ਸਿੰਘ ਅਤੇ ਵੱਡੀ ਗਿਣਤੀ ਵਿੱਚ ਹੋਰ ਪੰਚ-ਸਰਪੰਚ ਤੇ ਮੋਹਤਬਰ ਆਗੂ ਹਾਜ਼ਰ ਸਨ। ਸ. ਮਜੀਠੀਆ ਅਤੇ ਸੰਤ ਬਾਬਾ ਸੱਜਣ ਸਿੰਘ ਵੱਲੋਂ ਸਰਪੰਚ ਪ੍ਰੇਮ ਸਿੰਘ ਬਾਠ ਤੇ ਸਮੁੱਚੀ ਪੰਚਾਇਤ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ।

# 16 ਦਸੰਬਰ ਨੂੰ ਸਾਲਾਨਾ ਪੈਨਸ਼ਨਰਜ਼ ਡੇ ਮਨਾਉਣ ਸਬੰਧੀ ਵਿਚਾਰ-ਵਟਾਂਦਰਾ



**ਗੁਰਦਾਸਪੁਰ, ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਗੁਰਦਾਸਪੁਰ ਦੀ ਜ਼ਿਲ੍ਹਾ ਪੱਧਰੀ ਇਕੱਤਰਤਾ ਜਵੰਦ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ।ਇਸ ਇਕੱਤਰਤਾ ਦੌਰਾਨ ਇਸ ਸਾਲ ਦਾ ਸਾਲਾਨਾ ਪੈਨਸ਼ਨਰਜ਼ ਡੇ ਮਨਾਉਣ ਸਬੰਧੀ ਵਿਚਾਰ ਵਟਾਂਦਰਾ ਹੋਇਆ ਅਤੇ ਇਸ ਵਾਰ ਪੈਨਸ਼ਨਰਾਂ ਵੱਲੋਂ ਇਹ ਸ਼ਾਨਾਮੱਤਾ ਦਿਹਾੜਾ 16 ਦਸੰਬਰ ਦਿਨ ਸੋਮਵਾਰ ਨੂੰ ਚੰਦਨ ਪੈਲੇਸ ਕਾਹਨੂੰਵਾਨ ਰੋਡ ਗੁਰਦਾਸਪੁਰ ਵਿਖੇ ਠੀਕ 11-00 ਵਜੇ ਸਵੇਰ ਤੋਂ 3-00 ਵਜੇ ਦੁਪਹਿਰ ਤੱਕ ਮਨਾਇਆ ਜਾਵੇਗਾ।ਇਸ ਸਮਾਗਮ ਵਿੱਚ ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੇ ਪ੍ਰਧਾਨ ਸ ਕਰਮ ਸਿੰਘ ਧਨੋਆ ਬਤੌਰ ਮੁੱਖ ਮਹਿਮਾਨ ਅਤੇ ਕੁਲਵਰਨ ਸਿੰਘ ਜਨਰਲ ਸਕੱਤਰ ਬਤੌਰ ਵਿਸ਼ੇਸ਼ ਮਹਿਮਾਨ ਸ਼ਿਰਕਤ ਕਰਨਗੇ ਅਤੇ ਜਵੰਦ ਸਿੰਘ ਜ਼ਿਲ੍ਹਾ ਪ੍ਰਧਾਨ ਇਸ ਸ਼ਾਨਾਮੱਤੇ ਸਮਾਗਮ ਦੀ ਪ੍ਰਧਾਨਗੀ ਕਰਨਗੇ।ਇਸ ਸਮਾਗਮ ਵਿੱਚ ਜ਼ਿਲ੍ਹਾ ਗੁਰਦਾਸਪੁਰ ਤੋਂ ਇਲਾਵਾ ਪਠਾਨਕੋਟ, ਅਮ੍ਰਿਤਸਰ, ਜਲੰਧਰ ਅਤੇ ਹੁਸ਼ਿਆਰਪੁਰ ਤੋਂ ਵੀ ਵੱਡੇ ਆਗੂ ਪਹੁੰਚ ਰਹੇ ਹਨ ਜਿਨ੍ਹਾਂ ਦੇ ਵੱਡਮੁੱਲੇ ਵਿਚਾਰ ਵੀ ਸੁਣਾਂਗੇ।ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਸ ਸਮਾਗਮ ਦੌਰਾਨ 31 ਮਾਰਚ 2025 ਤੱਕ ਆਪਣੇ ਜੀਵਨ ਸਫ਼ਰ ਦੇ 80 ਸਾਲ ਪੂਰੇ ਕਰ ਚੁੱਕੇ ਪੈਨਸ਼ਨਰ ਸਾਥੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਜਿਸ ਸਬੰਧੀ ਉਮਰ ਦੇ ਇਸ ਗਰੁੱਪ ਵਿੱਚ ਆਉਂਦੇ ਪੈਨਸ਼ਨਰ ਸਾਥੀਆਂ ਨੂੰ ਅਪੀਲ ਹੈ ਕਿ ਉਹ ਆਪਣੇ ਆਪਣੇ ਬਲਾਕ ਦੇ ਆਗੂਆਂ ਕੋਲੋਂ ਇਹ ਫਾਰਮ ਪ੍ਰਾਪਤ ਕਰ ਲੈਣ ਜਾਂ ਪੈਨਸ਼ਨਰਾਂ ਦੇ ਵਟਸਐਪ ਗਰੁੱਪ ਵਿੱਚੋਂ ਪ੍ਰਿੰਟ ਕਢਵਾ ਲੈਣ ਅਤੇ ਇਹ ਫਾਰਮ ਭਰਕੇ ਹਰ ਹਾਲ 8 ਦਸੰਬਰ ਤੱਕ ਆਗੂਆਂ ਕੋਲ ਜਮ੍ਹਾ ਕਰਵਾ ਦਿੱਤੇ ਜਾਣ ਕਿਉਂਕਿ ਕਿ ਇਹ ਫ਼ਾਰਮ ਆਗੂਆਂ ਵੱਲੋਂ 11 ਦਸੰਬਰ ਦੀ ਜ਼ਿਲੇ ਦੀ ਮੀਟਿੰਗ ਵਿੱਚ ਜ਼ਿਲ੍ਹਾ ਕਮੇਟੀ ਕੋਲ ਜਮ੍ਹਾ ਕਰਵਾਉਣੇ ਹਨ, ਇਸ ਲਈ ਕਿਰਪਾ ਕਰਕੇ ਫਾਰਮ ਭੇਜਣ ਦੇ ਕੰਮ ਨੂੰ ਪਰਮ ਅਗੇਤ ਦੇ ਅਧਾਰ 'ਤੇ ਕਰ ਲਿਆ ਜਾਵੇ।ਜ਼ਿਲ੍ਹਾ ਪ੍ਰਧਾਨ ਜਵੰਦ ਸਿੰਘ ਵੱਲੋਂ ਸਮੂਹ ਸਹਿਯੋਗੀ ਜਥੇਬੰਦੀਆਂ ਨੂੰ ਇਸ ਸਮਾਗਮ ਵਿੱਚ ਵਧ-ਚੜ ਕੇ ਸ਼ਿਰਕਤ ਕਰਨ ਹਿਤ ਖੁੱਲ੍ਹਾ ਸੱਦਾ ਦਿੱਤਾ ਗਿਆ।ਇਸ ਇਕੱਤਰਤਾ ਵਿੱਚ ਜਿਹੜੇ ਆਗੂਆਂ ਨੇ ਭਾਗ ਲਿਆ ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ। ਜਵੰਦ ਸਿੰਘ, ਸਵਿੰਦਰ ਸਿੰਘ ਔਲਖ, ਸੁਰੇਸ਼ ਸ਼ਰਮਾ, ਜੋਗਿੰਦਰ ਪਾਲ ਸੈਣੀ, ਮੰਗਤ ਚੰਚਲ, ਅਵਿਨਾਸ਼ ਸਿੰਘ, ਅਮਰਜੀਤ ਸੈਣੀ, ਪ੍ਰਕਾਸ਼ ਚੰਦ, ਪਿਆਰਾ ਸਿੰਘ, ਅਜੀਤ ਸਿੰਘ ਹੁੰਦਲ, ਸਵਿੰਦਰ ਸਿੰਘ ਕਲਸੀ ਸੇਵਾ ਸਿੰਘ, ਗੁਰਦਿਆਲ ਸਿੰਘ, ਸੁਰਿੰਦਰ ਸ਼ਰਮਾ, ਕਪੂਰ ਸਿੰਘ ਘੁੰਮਣ, ਸਾਧੂ ਰਾਮ, ਜਗਦੀਪ ਸਿੰਘ, ਗੁਰਮੀਤ ਸਿੰਘ, ਰਘਬੀਰ ਸਿੰਘ, ਨਰਿੰਦਰ ਸਿੰਘ ਅਤੇ ਸਰਵਣ ਸਿੰਘ ਆਦਿ ਹਾਜ਼ਰ ਸਨ ।

## ਕਿਸਾਨ ਤੇ ਜਵਾਨ ਭਲਾਈ ਯੂਨੀਅਨ ਜ਼ਿਲ੍ਹਾ ਗੁਰਦਾਸਪੁਰ ਦੀ ਜ਼ਰੂਰੀ ਮਟਿੰਗ ਅੱਜ



**ਗੁਰਦਾਸਪੁਰ (ਜਨਕ ਮਹਾਜਨ)**-ਕਿਸਾਨ ਤੇ ਜਵਾਨ ਭਲਾਈ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਕਵਲਜੀਤ ਸਿੰਘ ਖੁਸ਼ਹਾਲਪੁਰ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਗੁਰਦਾਸਪੁਰ ਜਿਲੇ ਦੀ ਬਹੁਤ ਜਰੂਰੀ ਮੀਟਿੰਗ 25 ਨਵੰਬਰ ਦਿਨ ਸੋਮਵਾਰ ਠੀਕ 12 ਵਜੇ ਗੁਰਦੁਆਰਾ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਦੀਵਾਨ ਹਾਲ ਵਿੱਚ ਕੀਤੀ ਜਾਵੇਗੀ।ਉਹਨਾਂ ਕਿਹਾ ਕਿ ਇਸ ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਦੇਵ ਸਿੰਘ ਭੋਜਰਾਜ ਉਚੇਚੇ ਤੌਰ ਤੇ ਪਹੁੰਚਣਗੇ।ਇਸ ਮੀਟਿੰਗ ਵਿੱਚ ਹਰਿਆਣੇ ਦੇ ਬਾਰਡਰਾਂ ਤੇ ਚੱਲ ਰਹੇ ਸੰਘਰਸ਼ ਸਬੰਧੀ ਰਣਨੀਤੀ ਬਣਾਉਣੀ, ਝੋਨੇ ਤੇ ਲੱਗੇ ਕੱਟਾਂ ਦੀ ਭਰਪਾਈ ਅਤੇ ਪਰਾਲੀ ਸਾੜਨ ਵਾਲੇ ਕਿਸਾਨਾਂ ਤੇ ਹੋਏ ਪਰਚੇ ਅਤੇ ਜਮਾਂਬੰਧੀਆਂ ਤੇ ਹੋਈਆਂ ਰੈਡ ਐਂਟਰੀਆਂ ਰੱਦ ਕਰਵਾਉਣ, ਬਾਰਡਰ ਦੇ ਕਿਸਾਨਾਂ ਦੀਆਂ ਸਮੱਸਿਆਵਾਂ, ਕਿਸਾਨੀ ਨੂੰ ਦਰਪੇਸ਼ ਹੋਰ ਨਵੀਆਂ ਤੇ ਪੁਰਾਣੀਆਂ ਮੁਸ਼ਕਿਲਾਂ ਅਤੇ ਜ਼ਿਲੇ ਦਾ ਨਵਾਂ ਢਾਂਚਾ ਉਸਾਰਨ ਸਬੰਧੀ ਗੰਭੀਰਤਾ ਨਾਲ ਵਿਚਾਰ ਚਰਚਾ ਹੋਵੇਗੀ।ਜ਼ਿਲੇ ਦੇ ਸਾਰੇ ਅਹੁਦੇਦਾਰਾਂ, ਬਲਾਕ ਪ੍ਰਧਾਨਾਂ, ਸਾਰੀਆਂ ਇਕਾਈਆਂ ਦੇ ਪ੍ਰਧਾਨਾਂ ਅਤੇ ਉਪਰੋਕਤ ਮਸਲਿਆਂ ਤੋਂ ਪ੍ਰਭਾਵਿਤ ਹੋਏ ਸਾਰੇ ਕਿਸਾਨਾਂ ਨੂੰ ਵੱਡੀ ਗਿਣਤੀ ਵਿੱਚ ਇਸ ਮੀਟਿੰਗ ਵਿੱਚ ਸ਼ਮੂਲੀਅਤ ਕਰਨ ਲਈ ਬੇਨਤੀ ਕਰਦੇ ਹਾਂ।ਝੋਨੇ 'ਤੇ ਲੱਗੇ ਕੱਟ ਅਤੇ ਪਰਾਲੀ ਸਾੜਨ ਕਾਰਨ ਹੋਏ ਪਰਚਿਆ ਦੇ ਸਬੂਤ ਕਿਸਾਨ ਭਰਾ ਨਾਲ ਲੈ ਕੇ ਆਉਣ ਤਾਂ ਕਿ ਇਸ ਉੱਪਰ ਵੀ ਖੁੱਲ ਕੇ ਚਰਚਾ ਹੋ ਸਕੇ ਅਤੇ ਭਰਪਾਈ ਲਈ ਰਣਨੀਤੀ ਤਿਆਰ ਕੀਤੀ ਜਾ ਸਕੇ।ਸੰਘ, ਜਰਨੈਲ ਸਿੰਘ ਚਾਟੀਵਿੰਡ, ਕੁਲਵੰਤ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਬੱਸ ਦੀ ਲਪੇਟ 'ਚ ਆਉਣ ਨਾਲ ਰਿਕਸ਼ਾ ਚਾਲਕ ਦੀ ਮੌਤ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਥਾਨਕ ਸ਼ਹਿਰ ਧਾਰੀਵਾਲ ਵਿੱਚ ਇਕ ਬੱਸ ਦੀ ਲਪੇਟ 'ਚ ਆਉਣ ਨਾਲ ਇਕ 44 ਸਾਲਾ ਰਿਕਸ਼ਾ ਚਾਲਕ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਤਰਸੇਮ ਮਸੀਹ ਪੁੱਤਰ ਚਿਲਵਾ ਵਾਸੀ ਪਿੰਡ ਲੇਹਲ (ਧਾਰੀਵਾਲ) ਵਜੋਂ ਹੋਈ। ਪ੍ਰਾਪਤ ਜਾਣਕਾਰੀ ਅਨੁਸਾਰ ਤਰਸੇਮ ਮਸੀਹ ਆਪਣੇ ਰਿਕਸ਼ੇ 'ਤੇ ਕਿਸੇ ਦੀ ਸਬਜ਼ੀ ਲੈ ਕੇ ਧਾਰੀਵਾਲ ਸ਼ਹਿਰ ਵਿੱਚ ਮੁੱਖ ਮਾਰਗ ਉਪਰ ਰਣੀਆਂ ਵਾਲੇ ਪਾਸੇ ਨੂੰ ਜਾ ਰਿਹਾ ਸੀ ਕਿ ਗੁਰਦਾਸਪੁਰ ਵਾਲੇ ਪਾਸੇ ਤੋਂ ਆ ਰਹੀ ਤੇਜ਼ ਰਫਤਾਰ ਇਕ ਨਿੱਜੀ ਕੰਪਨੀ ਦੀ ਬੱਸ ਉਸਨੂੰ ਆਪਣੀ ਲਪੇਟ ਵਿੱਚ ਲੈ ਕੇ ਕਾਫੀ ਦੂਰ ਤੱਕ ਘਸੀਟਦਿਆਂ ਲੈ ਗਈ। ਇਸ ਹਾਦਸੇ ਦੌਰਾਨ ਤਰਸੇਮ ਮਸੀਹ ਬੁਰੀ ਤਰ੍ਹਾਂ ਨਾਲ ਗੰਭੀਰ ਜ਼ਖਮੀ ਹੋ ਗਿਆ ਅਤੇ ਰਿਕਸ਼ਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਗੰਭੀਰ ਜ਼ਖਮੀ ਹੋਏ ਤਰਸੇਮ ਮਸੀਹ ਨੂੰ ਆਸ ਪਾਸ ਲੋਕਾਂ ਨੇ ਇਲਾਜ ਲਈ ਤੁਰੰਤ ਹਸਪਤਾਲ ਪਹੁੰਚਾਇਆ ਜਿਥੇ ਡਾਕਟਰ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਥਾਣਾ ਧਾਰੀਵਾਲ ਦੀ ਪੁਲਸ ਨੇ ਬੱਸ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਡਰਾਈਵਰ ਨੂੰ ਕਾਬੂ ਕਰ ਲਿਆ ਹੈ। ਮ੍ਰਿਤਕ ਆਪਣੇ ਪਿੱਛੇ ਪਰਿਵਾਰ ਵਿੱਚ ਪਤਨੀ ਮਨਜੀਤ ਅਤੇ ਇਕ ਧੀ ਤੇ ਇਕ ਪੁੱਤਰ ਛੱਡ ਗਿਆ।

## ਇਤਿਹਾਸਕ ਜਿੱਤ 'ਤੇ 'ਆਪ' ਆਗੂਆਂ ਤੇ ਵਰਕਰਾਂ ਜਸ਼ਨ ਮਨਾਏ




**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**— ਪੰਜਾਬ ਦੀਆਂ ਤਿੰਨ ਸੀਟਾਂ 'ਤੇ ਸ਼ਾਨਦਾਰ ਹੋਈ ਜਿੱਤ 'ਤੇ ਆਪ ਆਗੂਆਂ ਤੇ ਵਰਕਰਾਂ ਨੇ ਸ਼ਹਿਰ ਵਿੱਚ ਆਤਿਸ਼ਬਾਜ਼ੀ ਚਲਾਈ ਤੇ ਲੱਡੂ ਵੰਡੇ। ਪੰਜਾਬ ਦੀਆਂ ਤਿੰਨ ਜ਼ਿਮਨੀ ਸੀਟਾਂ ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ, ਹਲਕਾ ਚੱਬੇਵਾਲ ਤੋਂ ਇਸ਼ਾਂਤ ਚੱਬੇਵਾਲ, ਹਲਕਾ ਗਿੱਦੜਬਾਹਾ ਤੋਂ ਡਿੰਪੀ ਢਿੱਲੋਂ ਦੀ ਹੋਈ ਸ਼ਾਨਦਾਰ ਇਤਿਹਾਸਕ ਜਿੱਤ ਤੇ ਆਮ ਆਦਮੀ ਪਾਰਟੀ ਸ਼ਹਿਰੀ ਅਜਨਾਲਾ ਦੇ ਪ੍ਰਧਾਨ ਤੇ ਸੀਨੀਅਰ ਯੂਥ ਆਗੂ ਅਮਿਤ ਕੁਮਾਰ ਔਲ ਅਜਨਾਲਾ, ਨੰਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਅਜਨਾਲਾ ਸ਼ਹਿਰ ਦੇ ਮੇਨ ਚੌਕ ਵਿੱਚ ਆਪ ਪਾਰਟੀ ਵਰਕਰਾਂ ਤੇ ਵਲੰਟੀਅਰ ਵੱਲੋਂ ਆਤਿਸ਼ਬਾਜ਼ੀ ਚਲਾਈ ਗਈ ਤੇ ਖੁਸ਼ੀ ਵਿੱਚ ਲੱਡੂ ਵੰਡੇ ਗਏ।ਇਸ ਮੌਕੇ ਆਮ ਆਦਮੀ ਪਾਰਟੀ ਸ਼ਹਿਰੀ ਅਜਨਾਲਾ ਦੇ ਸਾਬਕਾ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆ, ਰਛਪਾਲ ਸਿੰਘ ਕੋਟਲਾ ਕਾਜ਼ੀਆਂ, ਰਮੇਸ਼ ਕੁਮਾਰ ਮਹਾਜਨ, ਅਮਰਬੀਰ ਰਿੰਕੂ ਅਜਨਾਲਾ, ਬੱਬੂ ਮਹਾਜਨ, ਸਾਹਿਲ ਗੁਪਤਾ, ਸਰਪੰਚ ਮਾਣਾ ਭੰਗੂ ਗੁੱਜਰਪੁਰਾ, ਪ੍ਰਦੀਪ ਕੁਮਾਰ ਪੱਪੀ, ਠੇਕੇਦਾਰ ਸ਼ਮਸ਼ੇਰ ਸਿੰਘ ਸ਼ੇਰਾ ਆਦਿ ਹਾਜ਼ਰ ਸਨ।

## 36ਵੇਂ ਪੰਜਾਬ ਰੋਲਰ ਸਕੇਟਿੰਗ ਮੁਕਾਬਲੇ 'ਚ ਬੱਚਿਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ



**ਪਠਾਨਕੋਟ (ਦਵਿੰਦਰ ਸਿੰਘ)**- 36ਵਾਂ ਪੰਜਾਬ ਰੋਲਰ ਸਕੇਟਿੰਗ ਮੁਕਾਬਲਾ ਵਾਰ ਹੀਰੋ ਸਟੇਡੀਅਮ ਸੰਗਰੂਰ ਵਿਖੇ ਕਰਵਾਇਆ ਗਿਆ ਜਿਸ ਵਿੱਚ ਪ੍ਰਤਾਪ ਵਰਲਡ ਸਕੂਲ ਦੀਆਂ ਇਨ ਲਾਈਨ ਸਕੇਟਿੰਗ ਰੋਲਰ ਹਾਕੀ ਅੰਡਰ 11 ਅਤੇ ਅੰਡਰ 17 ਦੀਆਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਜ਼ਿਲੇ ਅਤੇ ਪਠਾਨਕੋਟ ਦਾ ਨਾਂ ਰੌਸ਼ਨ ਕੀਤਾ।

ਇਸ ਮੌਕੇ ਸਕੂਲ ਦੀ ਡਾਇਰੈਕਟਰ ਸੰਨੀ ਮਹਾਜਨ ਅਤੇ ਪ੍ਰਿੰ. ਸ਼ੁਭਰਾ ਰਾਣੀ ਨੇ ਦੱਸਿਆ ਕਿ ਸਕੂਲ ਦੀ ਅੰਡਰ 11 ਟੀਮ ਨੇ ਪੰਜਾਬ ਭਰ 'ਚੋਂ ਦੂਜਾ ਅਤੇ ਅੰਡਰ 17 ਦੀ ਟੀਮ ਨੇ ਪੰਜਾਬ 'ਚੋਂ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ ਇਨ ਲਾਈਨ ਅੰਡਰ 11 ਟੀਮ ਦੇ ਸਟੇਨਜਿਨ ਸ਼ਾਕਿਆ ਅਤੇ ਇਨ ਲਾਈਨ ਅੰਡਰ 17 ਟੀਮ ਦੇ ਵੰਸ਼ ਅਬਰੋਲ, ਸ਼ਾਮਚੌਕ ਅਤੇ ਲਕਸ਼ੈ ਕੁਮਾਰ ਨੂੰ 4 ਦਸੰਬਰ ਤੋਂ ਕੋਇੰਬਟੂਰ (ਕਰਨਾਟਕ) ਵਿਖੇ ਸ਼ੁਰੂ ਹੋ ਰਹੇ 62ਵੇਂ ਰਾਸ਼ਟਰੀ ਰੋਲਰ ਸਕੇਟਿੰਗ ਮੁਕਾਬਲੇ ਲਈ ਚੁਣਿਆ ਗਿਆ ਹੈ।ਸਕੂਲ ਦੇ ਡਾਇਰੈਕਟਰ ਸੰਨੀ ਮਹਾਜਨ ਨੇ ਦੱਸਿਆ ਕਿ ਪਠਾਨਕੋਟ ਜ਼ਿਲੇ ਵਿੱਚ ਇਨ ਲਾਈਨ ਸਕੇਟਿੰਗ ਹਾਕੀ ਸਿਰਫ਼ ਪ੍ਰਤਾਪ ਵਰਲਡ ਸਕੂਲ ਵਿੱਚ ਹੀ ਖੇਡੀ ਜਾਂਦੀ ਹੈ ਅਤੇ ਉਨਾਂ ਦੇ ਸਕੂਲ ਦੇ 12 ਬੱਚੇ ਪਹਿਲਾਂ ਹੀ ਲੱਦਾਖ ਵਿੱਚੋਂ ਸਕੇਟਿੰਗ ਹਾਕੀ ਵਿੱਚ ਚੁਣੇ ਜਾ ਚੁੱਕੇ ਹਨ। ਇਹ ਸਾਰੇ ਬੱਚੇ ਲੱਦਾਖ ਸਰਕਾਰ ਦੀ ਤਰਫੋਂ 62ਵੇਂ ਰਾਸ਼ਟਰੀ ਰੋਲਰ ਸਕੇਟਿੰਗ ਮੁਕਾਬਲੇ ਵਿੱਚ ਭਾਗ ਲੈ ਰਹੇ ਹਨ। ਇਸ ਮੌਕੇ ਸਕੂਲ ਮੈਨੇਜਮੈਂਟ ਨੇ ਜ਼ਿਲ੍ਹਾ ਸਕੇਟਿੰਗ ਕੋਚ ਭੁਪਿੰਦਰ ਸਿੰਘ ਨੂੰ ਵਧਾਈ ਦਿੱਤੀ ਅਤੇ ਹੋਣਹਾਰ ਵਿਦਿਆਰਥੀਆਂ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ ।

# ਕਾਂਗਰਸ ਦੀ ਕਰਾਰੀ ਹਾਰ ਇਸ ਗੱਲ ਦਾ ਸਬੂਤ ਹੈ ਕਿ ਲੋਕ ਕਾਂਗਰਸ ਨੂੰ ਨਕਾਰ ਚੁੱਕੇ ਹਨ : ਰਮਨ ਬਹਿਲ



**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਅੰਦਰ ਹੋਈਆਂ ਜ਼ਿਮਨੀ ਚੋਣਾਂ ਦੌਰਾਨ 3 ਅਹਿਮ ਸੀਟਾਂ 'ਤੇ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਕਾਰਨ ਅੱਜ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਹਲਕਾ ਗੁਰਦਾਸਪੁਰ ਦੇ ਇੰਚਾਰਜ ਰਮਨ ਬਹਿਲ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਜਸ਼ਨ ਮਨਾਏ। ਇਸ ਮੌਕੇ ਆਤਿਸ਼ਬਾਜ਼ੀ ਚਲਾ ਕੇ ਆਪ ਵਲੰਟੀਅਰਾਂ ਨੇ ਭੰਗੜਾ ਪਾਇਆ ਤੇ ਨਾਲ ਹੀ ਚੇਅਰਮੈਨ ਰਮਨ ਬਹਿਲ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਰਮਨ ਬਹਿਲ ਨੇ ਡੇਰਾ ਬਾਬਾ ਨਾਨਕ ਤੋਂ ਜੇਤੂ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਦਾ ਮੂੰਹ ਮਿੱਠਾ ਕਰਵਾਇਆ ਅਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਜਿੱਤ ਨੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੇ ਆਉਣ ਵਾਲੇ ਸੁਨਹਿਰੀ ਭਵਿੱਖ ਸਬੰਧੀ ਸਾਰੇ ਸ਼ੰਕੇ ਦੂਰ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਸ ਜਿੱਤ ਨਾਲ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਪਕੜ ਹੋਰ ਵਧੇਗੀ ਅਤੇ ਪੰਜਾਬ ਦੇ ਲੋਕਾਂ ਨੇ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਬਣਾਈਆਂ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੇ ਜਾ ਰਹੇ ਕਾਰਜਾਂ 'ਤੇ ਮੋਹਰ ਲਗਾ ਕੇ ਇਹ ਸਿੱਧ ਕਰ ਦਿੱਤਾ ਹੈ ਕਿ ਪੰਜਾਬ ਅੰਦਰ ਹਰੇਕ ਵਰਗ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਸੰਤੁਸ਼ਟ ਹਨ। ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਬਿਜਲੀ, ਪਾਣੀ ਅਤੇ ਹੋਰ ਅਨੇਕਾਂ ਸਹੂਲਤਾਂ ਨੇ ਅੱਜ ਹਰੇਕ ਵਰਗ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ। ਰਮਨ ਪਹਿਲ ਨੇ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸੰਦੀਪ ਪਾਠਕ ਅਤੇ ਰਾਘਵ ਚੱਢਾ ਨੂੰ ਇਸ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ। ਬਹਿਲ ਨੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਅਤੇ ਆਪਣੇ ਆਪ ਨੂੰ ਆਉਣ ਵਾਲਾ ਮੁੱਖ ਮੰਤਰੀ ਦੱਸਣ ਵਾਲੇ ਲੋਕ ਸਭਾ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਰੰਧਾਵਾ ਦੀ ਹੋਈ ਹਾਰ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਦੇ ਲੋਕ ਹੁਣ ਕਾਂਗਰਸ ਨੂੰ ਨਕਾਰ ਚੁੱਕੇ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਦਾ ਹਸ਼ਰ ਇਸ ਤੋਂ ਵੀ ਬੁਰਾ ਹੋਵੇਗਾ। ਉਨ੍ਹਾਂ ਕਿਹਾ ਕਿ ਇਨਾਂ ਚੋਣਾਂ ਦੌਰਾਨ ਜਿੱਥੇ ਲੋਕਤੰਤਰ ਦੀ ਜਿੱਤ ਹੋਈ ਹੈ ਉਥੇ ਲੋਕਾਂ ਨੇ ਹੰਕਾਰ ਅਤੇ ਬਾਹੂਬਲੀਆਂ ਦੀ ਧੱਕੇਸ਼ਾਹੀ ਨੂੰ ਵੀ ਮੂੰਹ ਤੋੜਵਾਂ ਜਵਾਬ ਦਿੱਤਾ ਹੈ। ਉਨਾਂ ਕਿਹਾ ਕਿ ਜਿੱਥੇ ਤੱਕ ਹਲਕਾ ਡੇਰਾ ਬਾਬਾ ਨਾਨਕ ਦੀ ਗੱਲ ਹੈ ਤਾਂ ਇਸ ਹਲਕੇ ਵਿੱਚ ਕਾਂਗਰਸ ਦੇ ਹੰਕਾਰ ਨੂੰ ਚੂਰ ਚੂਰ ਕਰਕੇ ਰੱਖ ਦਿੱਤਾ ਹੈ ਅਤੇ ਕਾਂਗਰਸੀਆਂ ਨੂੰ ਹੁਣ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹਨਾਂ ਦੀ ਧੱਕੇਸ਼ਾਹੀ ਅਤੇ ਪੈਸੇ ਦਾ ਜ਼ੋਰ ਵੋਟਰਾਂ ਨੂੰ ਪ੍ਰਭਾਵਿਤ ਨਹੀਂ ਕਰ ਸਕੇਗਾ। ਬਹਿਲ ਨੇ ਇਹਨਾਂ ਚੋਣਾਂ ਦੌਰਾਨ ਪਾਰਟੀ ਦੇ ਸਮੁੱਚੇ ਵਲੰਟੀਅਰਾਂ ਨੂੰ ਵੀ ਵਧਾਈ ਦਿੱਤੀ।

ਨਵਾਂ ਜ਼ਮਾਨਾ
ਸੋਮਵਾਰ, 25 ਨਵੰਬਰ 2024

# ਖੁਸ਼ਫਹਿਮੀ ਲੈ ਬੈਠੀ

*ਹਰਿਆਣਾ ਤੋਂ ਬਾਅਦ ਮਹਾਰਾਸ਼ਟਰ ਅਸੰਬਲੀ ਚੋਣਾਂ 'ਚ ਕਾਂਗਰਸ ਦੀ ਅਗਵਾਈ ਵਾਲੇ ਗੱਠਜੋੜ ਮਹਾ ਵਿਕਾਸ ਅਘਾੜੀ ਦੀ ਹੋਈ ਦੁਰਗਤ ਨਾਲ ਲੋਕ ਸਭਾ ਚੋਣਾਂ ਵਿੱਚ ਸੀਟਾਂ ਵਧਣ ਤੋਂ ਬਾਅਦ ਕਾਂਗਰਸ ਦੀਆਂ ਭਾਜਪਾ-ਵਿਰੋਧੀ ਕੌਮੀ ਸਿਆਸਤ ਦੀ ਧੁਰੀ ਬਣਨ ਦੀਆਂ ਕੋਸ਼ਿਸ਼ਾਂ ਨੂੰ ਤਕੜਾ ਝਟਕਾ ਲੱਗਾ ਹੈ। ਇਸ ਲਈ ਖੁਦ ਕਾਂਗਰਸ ਹੀ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਹਿਮਾਚਲ, ਕਰਨਾਟਕ, ਤਿਲੰਗਾਨਾ ਅਸੰਬਲੀ ਚੋਣਾਂ ਜਿੱਤ ਲੈਣ ਅਤੇ ਲੋਕ ਸਭਾ ਚੋਣਾਂ ਵਿੱਚ ਕੁਝ ਸੀਟਾਂ ਵਧਾ ਲੈਣ ਤੋਂ ਬਾਅਦ ਇਸ ਨੇ ਇੰਡੀਆ ਗੱਠਜੋੜ ਵਿੱਚ ਸ਼ਾਮਲ ਪਾਰਟੀਆਂ ਦੇ ਯੋਗਦਾਨ ਨੂੰ ਭੁਲਾ ਕੇ ਇਕੱਲਿਆਂ ਹੀ ਭਾਜਪਾ ਨੂੰ ਢਾਹ ਲੈਣ ਦਾ ਵਹਿਮ ਪਾਲ ਲਿਆ। ਝਾਰਖੰਡ 'ਚ ਅਸੰਬਲੀ ਚੋਣਾਂ ਵਿੱਚ ਗੱਠਜੋੜ ਇਸ ਕਰਕੇ ਮੁੜ ਸੱਤਾ 'ਚ ਆਉਣ 'ਚ ਸਫਲ ਹੋਇਆ, ਕਿਉਂਕਿ ਹੇਮੰਤ ਸੋਰੇਨ ਦੀ ਅਗਵਾਈ ਵਾਲੇ ਝਾਰਖੰਡ ਮੁਕਤੀ ਮੋਰਚੇ ਨੇ ਇੰਡੀਆ ਗੱਠਜੋੜ ਦਾ ਧਰਮ ਨਿਭਾਉਂਦਿਆਂ ਕਾਂਗਰਸ, ਰਾਸ਼ਟਰੀ ਜਨਤਾ ਦਲ ਤੇ ਸੀ ਪੀ ਆਈ (ਐੱਮ ਐੱਲ) ਨੂੰ ਲੋੜੀਂਦੀਆਂ ਸੀਟਾਂ ਛੱਡ ਕੇ ਇਕਜੁੱਟਤਾ ਨਾਲ ਚੋਣ ਲੜੀ। ਮਹਾਰਾਸ਼ਟਰ ਵਿਚ ਕਾਂਗਰਸ ਨੇ ਖੱਬੀਆਂ ਪਾਰਟੀਆਂ ਦੀ ਪਰਵਾਹ ਨਹੀਂ ਕੀਤੀ। ਹੋਰਨਾਂ ਰਾਜਾਂ ਦੀਆਂ ਜ਼ਿਮਨੀ ਚੋਣਾਂ ਵਿੱਚ ਵੀ ਖੱਬੀਆਂ, ਸੈਕੂਲਰ ਤੇ ਆਦਿਵਾਸੀ ਪਾਰਟੀਆਂ ਨਾਲ ਤਾਲਮੇਲ ਬਿਠਾਉਣ ਦੀ ਜ਼ਹਿਮਤ ਨਹੀਂ ਉਠਾਈ। ਪੰਜਾਬ ਵਿੱਚ ਖੱਬੀਆਂ ਪਾਰਟੀਆਂ ਨੂੰ ਸਾਥ ਦੇਣ ਤੱਕ ਦੀ ਅਪੀਲ ਵੀ ਨਹੀਂ ਕੀਤੀ। ਨਤੀਜੇ ਵਜੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਗਿੱਦੜਬਾਹਾ ਅਸੰਬਲੀ ਹਲਕੇ ਦੀ ਜ਼ਿਮਨੀ ਚੋਣ, ਸਾਂਸਦ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਹਾਰ ਗਈਆਂ। ਬਰਨਾਲਾ 'ਚ ਕਾਂਗਰਸ ਦਾ ਉਮੀਦਵਾਰ ਕੁਲਦੀਪ ਸਿੰਘ ਉਰਫ ਕਾਲਾ ਢਿੱਲੋਂ 2157 ਵੋਟਾਂ ਨਾਲ ਹੀ ਜਿੱਤ ਸਕਿਆ। ਕਾਲਾ ਢਿੱਲੋਂ ਨੇ ਟੱਕਰ ਕਾਂਟੇ ਦੀ ਹੋਣ ਨੂੰ ਭਾਂਪਦਿਆਂ ਹੋਰਨਾਂ ਤੋਂ ਇਲਾਵਾ ਖੱਬੀ ਸੋਚ ਵਾਲੇ ਲੋਕਾਂ ਤੱਕ ਵੀ ਪਹੁੰਚ ਕੀਤੀ ਸੀ ਤੇ ਵੋਟਾਂ ਲਈ ਅਪੀਲ ਕੀਤੀ ਸੀ। ਕਾਂਗਰਸ ਦੇ ਵੱਡੇ ਆਗੂ ਤਾਂ ਖੁਸ਼ਫਹਿਮੀ ਵਿੱਚ ਹੀ ਰਹੇ। ਕਾਂਗਰਸ ਨੇ ਅਜਿਹਾ ਰਵੱਈਆ ਹੋਰਨਾਂ ਰਾਜਾਂ ਦੀਆਂ ਜ਼ਿਮਨੀ ਚੋਣਾਂ ਵਿੱਚ ਵੀ ਅਪਣਾਇਆ। ਨਤੀਜੇ ਵਜੋਂ ਆਸਾਮ, ਰਾਜਸਥਾਨ, ਗੁਜਰਾਤ 'ਚ ਸੀਟਾਂ ਗੁਆਈਆਂ ਤੇ ਪੱਛਮੀ ਬੰਗਾਲ 'ਚ ਖੱਬੀਆਂ ਪਾਰਟੀਆਂ ਦੇ ਉਮੀਦਵਾਰਾਂ ਦੇ ਮੁਕਾਬਲੇ ਆਪਣੇ ਉਮੀਦਵਾਰ ਖੜ੍ਹੇ ਕਰਕੇ ਤ੍ਰਿਣਮੂਲ ਕਾਂਗਰਸ ਦੀ ਜਿੱਤ ਆਸਾਨ ਕੀਤੀ।*

*ਲਗਪਗ ਢਾਈ ਦਰਜਨ ਆਪੋਜ਼ੀਸ਼ਨ ਪਾਰਟੀਆਂ ਨੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਦੀ ਕੋਸ਼ਿਸ਼ ਵਜੋਂ ਬੇਂਗਲੂਰੂ ਦੀ ਮੀਟਿੰਗ 'ਚ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ-ਇੰਡੀਆ (ਭਾਰਤੀ ਰਾਸ਼ਟਰੀ ਵਿਕਾਸਸ਼ੀਲ ਸਮਾਵੇਸ਼ੀ ਗੱਠਬੰਧਨ) ਦਾ ਗਠਨ ਕੀਤਾ ਸੀ। ਉਦੋਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਸੀ ਕਿ ਗੱਠਬੰਧਨ ਦੀ ਵਿਚਾਰਧਾਰਾ ਵਿਕਾਸਵਾਦ, ਸਮਾਵੇਸ਼ਿਤਾ ਤੇ ਸਮਾਜੀ ਨਿਆਂ ਦੇ ਸਿਧਾਂਤਾਂ ਦੁਆਲੇ ਘੁੰਮਦੀ ਹੈ। ਆਪਣੇ ਜਤਨਾਂ ਨੂੰ ਮਿਲਾ ਕੇ ਮੈਂਬਰ ਪਾਰਟੀਆਂ ਦਾ ਉਦੇਸ਼ ਜਮਹੂਰੀ ਕਦਰਾਂ-ਕੀਮਤਾਂ ਦੀ ਰਾਖੀ ਕਰਨਾ, ਭਲਾਈ ਤੇ ਪ੍ਰਗਤੀ ਨੂੰ ਬੜ੍ਹਾਵਾ ਦੇਣਾ ਤੇ ਉਸ ਵਿਚਾਰਧਾਰਾ ਦਾ ਮੁਕਾਬਲਾ ਕਰਨਾ ਹੈ, ਜਿਹੜੀ ਭਾਰਤ ਦੇ ਵਿਚਾਰ ਨੂੰ ਖਤਰੇ ਵਿੱਚ ਪਾਉਂਦੀ ਹੈ। ਲੋਕ ਸਭਾ ਚੋਣਾਂ ਵਿੱਚ ਇਸ ਗੱਠਬੰਧਨ ਨੇ ਭਾਜਪਾ ਨੂੰ ਸਪੱਸ਼ਟ ਬਹੁਮਤ ਹਾਸਲ ਕਰਨ ਤੋਂ ਰੋਕ ਦਿੱਤਾ। ਕਾਂਗਰਸ ਦੀਆਂ ਸੀਟਾਂ ਵਧ ਕੇ 99 ਤੱਕ ਪੁੱਜ ਗਈਆਂ। ਹਾਲਾਂਕਿ ਗੱਠਬੰਧਨ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਤੋਂ ਰੋਕ ਨਹੀਂ ਸਕਿਆ ਪਰ ਕਾਂਗਰਸ ਨੇ ਅਗਲੀਆਂ ਚੋਣਾਂ ਵਿੱਚ ਗੱਠਬੰਧਨ ਦੀਆਂ ਪਾਰਟੀਆਂ ਨਾਲ ਸਮਾਵੇਸ਼ੀ ਵਾਲਾ ਸਿਧਾਂਤ ਨਿਭਾਉਣ ਦੀ ਥਾਂ ਇਕੱਲੇ ਭਾਜਪਾ ਨੂੰ ਢਾਹ ਲੈਣ ਦਾ ਵਹਿਮ ਪਾਲ ਲਿਆ। ਹਰਿਆਣਾ ਅਸੰਬਲੀ ਚੋਣਾਂ ਦੀ ਹਾਰ ਤੋਂ ਬਾਅਦ ਉਮੀਦ ਕੀਤੀ ਜਾ ਰਹੀ ਸੀ ਕਿ ਕਾਂਗਰਸ 'ਇੰਡੀਆ ਧਰਮ' ਨਿਭਾਏਗੀ ਪਰ ਉਹ ਵਹਿਮ ਵਿੱਚੋਂ ਨਿਕਲ ਨਹੀਂ ਸਕੀ। ਜੋ ਉਸ ਨੇ ਮਹਾਰਾਸ਼ਟਰ ਵਿੱਚ ਦੁਰਗਤ ਕਰਾਈ ਹੈ, ਉਹ ਸਭ ਦੇ ਸਾਹਮਣੇ ਹੈ। ਕਾਂਗਰਸ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਵੱਡੇ ਕਾਰਪੋਰੇਟ ਘਰਾਣਿਆਂ ਦੇ ਸਹਾਰੇ ਚੋਣਾਂ ਲੜਨ ਵਾਲੀ ਭਾਜਪਾ ਨੂੰ ਹਰਾਉਣਾ ਉਸ ਦੇ ਵੱਸ ਦਾ ਰੋਗ ਨਹੀਂ। ਹਰ ਰਾਜ ਦੀ ਨਿੱਕੀ ਤੋਂ ਨਿੱਕੀ ਪਾਰਟੀ ਅਤੇ ਜਨਤਕ ਜਥੇਬੰਦੀਆਂ ਨੂੰ ਨਾਲ ਲੈ ਕੇ ਹੀ ਮੋਦੀ ਰਾਜ ਤੋਂ ਪਿੱਛਾ ਛੁਡਾਇਆ ਜਾ ਸਕਦਾ ਹੈ।*

ਬਰਸੀ 'ਤੇ ਵਿਸ਼ੇਸ਼

# ਕਿਊਬਾ ਕ੍ਰਾਂਤੀ ਦਾ ਮਹਾਂ-ਨਾਇਕ ਫੀਦੇਲ ਕਾਸਤਰੋ

ਬੂਟਾ ਸਿੰਘ ਵਾਕ.ਫ



ਕਿਊਬਾ ਵਿਚ ਕਰੀਬ ਅੱਧੀ ਸਦੀ ਤੱਕ ਰਾਜ-ਭਾਗ ਚਲਾਉਣ ਵਾਲੇ ਫੀਦੇਲ ਕਾਸਤਰੋ ਨੂੰ ਕਿਊਬਾ ਦੀ ਕਮਿਊਨਿਸਟ ਕ੍ਰਾਂਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਬ੍ਰਿਟੇਨ ਦੀ ਮਹਾਰਾਣੀ ਅਤੇ ਥਾਈਲੈਂਡ ਦੇ ਰਾਜੇ ਤੋਂ ਬਾਅਦ ਦੁਨੀਆ 'ਤੇ ਸਭ ਤੋਂ ਲੰਬਾ ਸਮਾਂ ਰਾਜ ਕਰਨ ਵਾਲਿਆਂ ਵਿੱਚੋਂ ਫੀਦੇਲ ਕਾਸਤਰੋ ਇੱਕ ਸਨ। ਕਿਊਬਾ ਨੂੰ ਆਧੁਨਿਕ ਰੂਪ ਦੇਣ ਵਿਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਫੀਦੇਲ ਇੱਕ ਅਜਿਹੇ ਆਗੂ ਸਨ, ਜਿਨ੍ਹਾਂ ਨੇ ਅਮਰੀਕਾ ਦੇ ਨੱਕ ਹੇਠ ਰਾਜ ਕਰਦਿਆਂ ਉਮਰ ਭਰ ਅਮਰੀਕਾ ਵਰਗੇ ਧਨਾਢ ਮੁਲਕ ਦੀ ਈਨ ਨਹੀਂ ਮੰਨੀ। ਉਹ ਭਾਰਤ ਦੇ ਅਟੁੱਟ ਮਿੱਤਰ ਸਨ।

ਫੀਦੇਲ ਦਾ ਜਨਮ ਸਪੇਨ ਦੇ ਇੱਕ ਅਮੀਰ ਜ਼ਿੰਮੀਦਾਰ ਪਰਵਾਰ ਵਿਚ 13 ਅਗਸਤ 1926 ਨੂੰ ਹੋਇਆ। ਉਨ੍ਹਾਂ ਨੇ ਮੁਢਲੀ ਸਿੱਖਿਆ ਜੇਸੂਟ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਹਵਾਨਾ ਯੂਨੀਵਰਸਿਟੀ ਤੋਂ ਕਾਨੂੰਨ ਤੇ ਸੋਸ਼ਲ ਸਾਇੰਸ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਹਵਾਨਾ ਯੂਨੀਵਰਸਿਟੀ ਵਿਖੇ ਕਾਨੂੰਨ ਦੀ ਪੜ੍ਹਾਈ ਕਰਦਿਆਂ ਉਨ੍ਹਾਂ ਖੱਬੇ ਪੱਖੀ ਵਿਚਾਰਧਾਰਾ ਨੂੰ ਅਪਣਾ ਲਿਆ। ਡੋਮਿਨੀਕਨ ਰਿਪਬਲਿਕ ਅਤੇ ਕੰਬੋਡੀਆ ਵਿਚ ਸੱਜੇ ਪੱਖੀ ਸਰਕਾਰ ਖਿਲਾਫ਼ ਵਿਦਰੋਹ ਕਰਦਿਆਂ ਉਨ੍ਹਾਂ ਨੇ ਕਿਊਬਾ ਦੇ ਉਸ ਸਮੇਂ ਦੇ ਰਾਸ਼ਟਰਪਤੀ ਬਤਿਸਤਾ ਦੀ ਫੌਜੀ ਟੁਕੜੀ ਦਾ ਅੰਤ ਕਰਨ ਦੀ ਸਕੀਮ ਉਲੀਕੀ। ਆਪਣੀ ਪਹਿਲੀ ਬਗਾਵਤ ਦੌਰਾਨ 1953 ਵਿਚ ਉਨ੍ਹਾਂ ਆਪਣੇ ਸਾਥੀਆਂ ਸਮੇਤ ਮੋਨਕਾਡਾ ਬੈਰਕਾਂ 'ਤੇ ਹਮਲਾ ਕਰ ਕੀਤਾ, ਪਰ ਇਹ ਹਮਲਾ ਨਾਕਾਮ ਰਿਹਾ। ਕਰੀਬ ਸਾਲ ਭਰ ਦੀ ਕੈਦ ਕੱਟਣ ਉਪਰੰਤ ਫੀਦੇਲ ਮੈਕਸੀਕੋ ਵੱਲ ਚਲਾ ਗਿਆ। ਮੈਕਸੀਕੋ ਵਿਖੇ ਉਨ੍ਹਾਂ ਨੇ ਚੀ ਗੁਵੇਰਾ ਤੇ ਆਪਣੇ ਭਾਈ ਰਾਉਲ ਕਾਸਤਰੋ ਨਾਲ ਮਿਲ ਕੇ ਇਨਕਲਾਬੀ ਗਰੁੱਪ ਦੀ ਸਥਾਪਨਾ ਕੀਤੀ। ਇਹ ਗਰੁੱਪ 26 ਜੁਲਾਈ ਦੇ ਅੰਦੋਲਨ ਵਜੋਂ ਮਸ਼ਹੂਰ ਹੋਇਆ। ਫਿਰ ਕਿਊਬਾ ਪਰਤ ਕੇ ਉਨ੍ਹਾਂ ਨੇ ਫਿਰ ਬਤਿਸਤਾ ਦੀ ਫੌਜ ਦੇ ਖਿਲਾਫ਼ ਗੁਰੀਲਾ ਅੰਦੋਲਨ ਦੀ ਅਗਵਾਈ ਕੀਤੀ। ਕਰੀਬ ਤਿੰਨ ਸਾਲ ਦੇ ਸੰਘਰਸ਼ ਪਿੱਛੋਂ ਬਤਿਸਤਾ ਦੇ ਰਾਜ ਭਾਗ ਦਾ ਅੰਤ ਹੋ ਗਿਆ। ਆਖਿਰ 1959 ਵਿਚ ਫੀਦੇਲ ਨੇ 32 ਸਾਲ ਦੀ ਉਮਰ ਵਿਚ ਕਿਊਬਾ ਦੀ ਵਾਗਡੋਰ ਸੰਭਾਲੀ। 1965 ਵਿਚ ਉਹ ਕਿਊਬਾ ਦੀ ਕਮਿਊਨਿਸਟ ਪਾਰਟੀ ਦੇ ਪਹਿਲੇ ਸਕੱਤਰ ਬਣੇ। ਉਨ੍ਹਾਂ ਦੀ ਯੋਗ ਅਗਵਾਈ ਸਦਕਾ ਕਿਊਬਾ ਵਨ ਪਾਰਟੀ ਸਟੇਟ ਬਣਿਆ । ਜ਼ਿਕਰਯੋਗ ਹੈ ਕਿ ਫੀਦੇਲ ਨੇ ਕਿਊਬਾ ਦੀ ਕ੍ਰਾਂਤੀ ਦਾ ਅੰਦੋਲਨ ਕੇਵਲ 82 ਲੋਕਾਂ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਸੀ।

ਆਪਣੇ ਸ਼ਾਸਨ ਕਾਲ ਦੌਰਾਨ ਦੇਸ਼ ਵਿਚ ਪੈਦਾ ਹੋਣ ਵਾਲੀਆਂ ਬਗਾਵਤੀ ਸੁਰਾਂ ਨੂੰ ਉਨ੍ਹਾਂ ਨੇ ਸਖ਼ਤੀ ਨਾਲ ਦਬਾਈ ਰੱਖਿਆ। ਉਹ ਲੋਕਤੰਤਰ ਦੀ ਬਹਾਲੀ ਦੇ ਹੱਕ ਵਿਚ ਸਨ। ਉਨ੍ਹਾਂ ਆਪਣੇ ਰਾਜ ਕਾਲ ਦੇ ਕੁਝ ਮਹੀਨਿਆਂ ਅੰਦਰ ਹੀ ਆਰਥਿਕ ਸੁਧਾਰਾਂ 'ਤੇ ਪਾਬੰਦੀਆਂ ਲਗਾ ਦਿੱਤੀਆਂ। ਪਹਿਲੀ ਸਰਕਾਰ ਦੇ ਮੈਂਬਰਾਂ ਉੱਤੇ ਅਦਾਲਤੀ ਕੇਸ ਚਲਾਏ ਗਏ ਤੇ ਕਰੀਬ 582 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ । 15 ਹਜ਼ਾਰ ਤੋਂ ਵਧੇਰੇ ਰਾਜਨੀਤਕ ਵਿਅਕਤੀਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਗਿਆ। ਪ੍ਰਿੰਟ ਮੀਡੀਆ 'ਤੇ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਜਿਵੇਂ ਹੀ ਫੀਦੇਲ ਸੋਵੀਅਤ ਯੂਨੀਅਨ ਬਲਾਕ ਵੱਲ ਝੁਕਿਆ ਤਾਂ ਅਮਰੀਕਾ ਨੇ ਉਨ੍ਹਾਂ ਨੂੰ ਰਾਜ ਸੱਤਾ ਤੋਂ ਲਾਂਭੇ ਕਰਨ ਦੀਆਂ ਕਾਰਵਾਈਆਂ ਆਰੰਭ ਕਰ ਦਿੱਤੀਆਂ ।ਇਸੇ ਅਮਲ ਤਹਿਤ ਅਮਰੀਕਾ ਨੇ ਕਿਊਬਾ 'ਤੇ ਵਪਾਰਕ ਪਾਬੰਦੀਆਂ ਲਗਾ ਦਿੱਤੀਆਂ। ਭੋਜਨ ਅਤੇ ਦਵਾਈਆਂ ਤੋਂ ਬਿਨਾਂ ਸਾਰੀਆਂ ਅਮਰੀਕੀ ਬਰਾਮਦਾਂ ਬੰਦ ਕਰ ਦਿੱਤੀਆਂ ਗਈਆਂ। ਆਖਿਰ 1961 ਵਿਚ ਅਮਰੀਕਾ ਨੇ ਕਿਊਬਾ ਨਾਲੋਂ ਆਪਣੇ ਕੂਟਨੀਤਿਕ ਸੰਬੰਧ ਖ਼ਤਮ ਕਰ ਦਿੱਤੇ। ਇਸ ਤੋਂ ਬਾਅਦ ਵੀ ਅਮਰੀਕਾ ਅਤੇ ਜਲਾਵਤਨ ਕੀਤੇ ਕਿਊਬੀਅਨ ਦੁਸ਼ਮਣ ਫੀਦੇਲ ਨੂੰ ਰਾਜ ਸੱਤਾ ਤੋਂ ਲਾਂਭੇ ਕਰਨ ਦੀਆਂ ਚਾਲਾਂ ਚਲਦੇ ਰਹੇ । ਇਨ੍ਹਾਂ ਸਾਜ਼ਿਸ਼ਾਂ ਤਹਿਤ ਦੁਸ਼ਮਣਾਂ ਨੇ ਪੰਜ ਦਹਾਕਿਆਂ ਦੌਰਾਨ ਫੀਦੇਲ ਨੂੰ ਮਾਰਨ ਲਈ 630 ਤੋਂ ਵੱਧ ਵਾਰ ਕੋਸ਼ਿਸ਼ ਕੀਤੀ। ਫੀਦੇਲ ਦੇ ਕਤਲ ਲਈ ਜ਼ਹਿਰੀਲੀਆਂ ਦਵਾਈਆਂ, ਜ਼ਹਿਰੀਲੇ ਸਿਗਾਰ, ਜ਼ਹਿਰੀਲੇ ਪਾਊਡਰ ਤੇ ਵਿਸਫੋਟਕ ਪਦਾਰਥਾਂ ਦੀ ਵਰਤੋਂ ਵੀ ਕੀਤੀ, ਪਰ ਫੀਦੇਲ ਏਨਾ ਹੁਸ਼ਿਆਰ ਸੀ ਕਿ ਅਮਰੀਕੀ ਖੁਫੀਆ ਏਜੰਸੀਆਂ ਦੀਆਂ ਸਾਰੀਆਂ ਯੋਜਨਾਵਾਂ ਮਿੱਟੀ ਹੁੰਦੀਆਂ ਰਹੀਆਂ ਤੇ ਫੀਦੇਲ ਦਾ ਵਾਲ ਤੱਕ ਵਿੰਗਾ ਨਾ ਕਰ ਸਕੀਆਂ।

ਅਕਤੂਬਰ 1962 ਵਿਚ ਅਮਰੀਕਾ ਤੇ ਰੂਸ ਵਿਚਕਾਰ ਸ਼ੀਤ ਯੁੱਧ ਦਾ ਵੱਡਾ ਸੰਕਟ ਉਸ ਸਮੇਂ ਪੈਦਾ ਹੋਇਆ, ਜਦੋਂ ਅਮਰੀਕੀ ਰਾਸ਼ਟਰਪਤੀ ਜੌਹਨ ਐੱਫ. ਕੈਨੇਡੀ ਨੇ ਕਿਊਬਾ ਵਿਚ ਸੋਵੀਅਤ ਯੂਨੀਅਨ ਦੀਆਂ ਪ੍ਰਮਾਣੂ ਮਿਜ਼ਾਇਲਾਂ ਹੋਣ ਦਾ ਐਲਾਨ ਕਰਦਿਆਂ ਕਿਊਬਾ ਦੀ ਨਾਕੇਬੰਦੀ ਕਰ ਦਿੱਤੀ, ਪਰ ਹਫ਼ਤੇ ਭਰ ਦੀ ਕੂਟਨੀਤੀ ਪਿੱਛੋਂ ਰੂਸੀ ਆਗੂ ਕਰੁਸਚੇਵ ਦੇ ਦਖ਼ਲ ਸਦਕਾ ਇਹ ਮਸਲਾ ਵੀ ਸੁਲਝ ਗਿਆ। ਫੀਦੇਲ ਅਮਰੀਕਾ ਵਰਗੇ ਮੁਲਕ ਨਾਲ ਟੱਕਰ ਲੈਣ ਵਾਲਾ ਇੱਕੋ-ਇੱਕ ਜਾਂਬਾਜ਼ ਵਿਅਕਤੀ ਸੀ। 1960 ਤੋਂ 2016 ਤੱਕ ਅਮਰੀਕਾ ਦੇ 11 ਰਾਸ਼ਟਰਪਤੀਆਂ ਨੇ ਫੀਦੇਲ ਨੂੰ ਆਪਣੇ ਪੱਖ ਵਿਚ ਭੁਗਤਾਉਣ ਲਈ ਪੂਰਾ ਜ਼ੋਰ ਲਾਇਆ, ਪਰ ਉਹ ਕਿਸੇ ਤਰ੍ਹਾਂ ਵੀ ਸਫ਼ਲ ਨਾ ਹੋਏ। ਆਖਿਰ ਅਮਰੀਕੀ ਰਾਸ਼ਟਰਪਤੀ ਬਰਾਕ ਉਬਾਮਾ 88 ਸਾਲਾਂ ਦੇ ਲੰਮੇ ਅਰਸੇ ਬਾਅਦ ਕਿਊਬਾ ਜਾਣ ਲਈ ਪਹਿਲੀ ਵਾਰ ਸਫ਼ਲ ਹੋਏ। ਫੀਦੇਲ 1959 ਤੋਂ 1976 ਤੱਕ ਲਗਾਤਾਰ ਕਿਊਬਾ ਦੇ ਪ੍ਰਧਾਨ ਮੰਤਰੀ ਰਹੇ। ਬਾਅਦ ਵਿਚ ਉਹ ਕਿਊਬਾ ਦੇ ਰਾਸ਼ਟਰਪਤੀ ਰਹੇ। ਸਾਲ 2008 ਵਿਚ ਉਨ੍ਹਾਂ ਦੀ ਤਬੀਅਤ ਖ਼ਰਾਬ ਹੋਣ ਕਾਰਨ ਉਨ੍ਹਾਂ ਨੇ ਆਪਣੀ ਰਾਜ ਗੱਦੀ ਆਪਣੇ ਭਰਾ ਰਾਊਲ ਦੇ ਹਵਾਲੇ ਕਰ ਦਿੱਤੀ।

ਕਿਊਬਾ ਦਾ ਇਹ ਮਹਾਨ ਕ੍ਰਾਂਤੀਕਾਰੀ ਨੇਤਾ 90 ਸਾਲ ਦੀ ਉਮਰ ਵਿਚ 25 ਨਵੰਬਰ 2016 ਨੂੰ ਸਦਾ ਲਈ ਅਲਵਿਦਾ ਆਖ ਗਿਆ। ਫੀਦੇਲ ਦਾ ਕਥਨ ਸੀ ਕਿ ਕਿਸੇ ਵੀ ਕ੍ਰਾਂਤੀ ਲਈ ਲੋਕਾਂ ਦੀ ਭੀੜ ਦੀ ਨਹੀਂ, ਸਗੋਂ ਉਚਿਤ ਯੋਜਨਾਬੰਦੀ ਦੀ ਲੋੜ ਹੁੰਦੀ ਹੈ ਤੇ ਸਫ਼ਲ ਯੋਜਨਾਬੰਦੀ ਸਦਕਾ ਹੀ ਜਿੱਤ ਪ੍ਰਾਪਤ ਹੁੰਦੀ ਹੈ । ਸਭ ਤੋਂ ਲੰਬਾ ਭਾਸ਼ਣ ਦੇਣ ਦੇ ਮਾਮਲੇ ਵਿਚ ਉਨ੍ਹਾਂ ਦਾ ਨਾਂਅ ਗਿੰਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿਚ ਵੀ ਦਰਜ ਰਿਹਾ ਹੈ। ਫੀਦੇਲ ਕਈ ਵਾਰ ਲਗਾਤਾਰ ਪੰਜ-ਛੇ ਘੰਟੇ ਤੱਕ ਵੀ ਭਾਸ਼ਣ ਦਿੰਦਾ ਰਹਿੰਦਾ, ਪਰ ਇਸ ਦੇ ਬਾਵਜੂਦ ਲੋਕ ਉਨ੍ਹਾਂ ਦਾ ਭਾਸ਼ਣ ਉਤਸੁਕਤਾ ਨਾਲ ਸੁਣਦੇ ਰਹਿੰਦੇ। ਉਹ ਸਿਗਾਰ ਪੀਣ ਦੇ ਸ਼ੌਕੀਨ ਸਨ, ਪਰ 1985 ਵਿਚ ਉਨ੍ਹਾਂ ਆਪਣੀ ਇਹ ਆਦਤ ਤਿਆਗ ਦਿੱਤੀ। ਇਸ ਉਪਰੰਤ ਉਹ ਤੰਬਾਕੂ ਸੇਵਨ ਦੀ ਆਲੋਚਨਾ ਕਰਦਿਆਂ ਅਕਸਰ ਕਿਹਾ ਕਰਦੇ ਕਿ ਵਧੀਆ ਗੱਲ ਹੋਵੇਗੀ ਕਿ ਸਿਗਾਰ ਆਪਣੇ ਦੁਸ਼ਮਣ ਨੂੰ ਸੌਂਪ ਦਿਓ। ਸਾਲ 2012 ਵਿਚ ਟਾਈਮਜ਼ ਮੈਗਜ਼ੀਨ ਨੇ ਉਨ੍ਹਾਂ ਨੂੰ ਦੁਨੀਆ ਦੇ ਪਹਿਲੇ 100 ਪ੍ਰਭਾਵਸ਼ਾਲੀ ਵਿਅਕਤੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ।

**# ਸੰਪਰਕ : 98762-24461**

# ਕਿਸਾਨਾਂ ਦਾ ਘਟਦਾ ਮੁਨਾ.ਫਾ ਤੇ ਵਧਦੀ ਖੱਜਲ ਖੁਆਰੀ

ਡਾ. ਅਮਨਪ੍ਰੀਤ ਸਿੰਘ ਬਰਾੜ

ਭਾਵੇਂ ਕਿ ਅਨਾਜ ਦੀਆਂ ਕੀਮਤਾਂ ਹਰ ਸਾਲ ਵਧਾਈਆਂ ਜਾਂਦੀਆਂ ਹਨ, ਪਰ ਫਿਰ ਵੀ ਕਿਸਾਨ ਦਾ ਮੁਨਾਫ਼ਾ ਹਰ ਸਾਲ ਘਟਦਾ ਜਾ ਰਿਹਾ ਹੈ। ਇਸ ਦੇ ਕਈ ਕਾਰਨ ਹਨ, ਇੱਕ ਕਾਰਨ ਤਾਂ ਇਹ ਵੀ ਹੈ ਕਿ ਜਿੰਨੀ ਬਾਕੀ ਵਸਤੂਆਂ ਦੀ ਮਹਿੰਗਾਈ ਵਧਦੀ ਹੈ, ਕਿਸਾਨ ਦੀ ਉੱਪਜ ਦਾ ਮੁੱਲ ਉਸ ਹਿਸਾਬ ਨਾਲ ਨਹੀਂ ਵਧਦਾ। ਇਸ ਤੋਂ ਅੱਗੇ ਆਉਂਦੀਆਂ ਹਨ ਕੁਦਰਤੀ ਜਾਂ ਆਦਮੀਆਂ ਦੀਆਂ ਖੜੀਆਂ ਕੀਤੀਆਂ ਆਫਤਾਂ, ਪਿਛਲੇ ਸਾਲ ਹੜ੍ਹਾਂ ਦੀ ਕਰੋਪੀ ਹੋਈ। ਇਸ ਸਾਲ ਕੁਦਰਤ ਦੀ ਮੇਹਰ ਰਹੀ, ਮੌਸਮ ਵਧੀਆ ਰਿਹਾ, ਕੁਝ ਥਾਵਾਂ 'ਤੇ ਮੌਨਸੂਨ ਘਟ ਰਹੀ, ਪਰ ਸਿੰਚਾਈ ਦੇ ਸਾਧਨ ਚੰਗੇ ਹੋਣ ਕਰਕੇ ਫ਼ਸਲ ਚੰਗੀ ਹੋਈ। ਵਾਢੀ ਦੇ ਮੌਸਮ ਵਿੱਚ ਕੁਦਰਤ ਨੇ ਹੁਣ ਤੱਕ ਸਾਥ ਦਿੱਤਾ, ਜੇ ਕਿਤੇ ਚਾਰ ਕਣੀਆਂ ਪੈ ਜਾਂਦੀਆਂ ਤਾਂ ਮੰਡੀਆਂ ਦਾ ਪਤਾ ਨਹੀਂ ਕੀ ਹਾਲ ਹੋਣਾ ਸੀ।

ਪਹਿਲੀ ਅਕਤੂਬਰ ਆਈ, ਸਭ ਨੂੰ ਯਾਦ ਆ ਗਿਆ, ਕਾਵਾਂਰੌਲੀ ਪਾਉਣੀ ਸ਼ੁਰੂ ਕਰ ਦਿੱਤੀ। ਹਾਲਾਂਕਿ ਫ਼ਸਲ ਮੰਡੀਆਂ ਵਿੱਚ ਦਸ ਦਿਨ ਲੇਟ ਆਈ, ਪਰ ਫ਼ਸਲ ਆਉਣ ਤੱਕ ਤਿੰਨਾਂ ਧਿਰਾਂ ਨੇ ਕਮਰਕੱਸੇ ਕੱਸ ਲਏ ਕਿ ਕਿਸਾਨ ਯੂਨੀਅਨਾਂ ਵਾਲੇ ਬਹੁਤੇ ਚਾਂਭਲੇ ਫਿਰਦੇ ਹਨ, ਐਤਕੀਂ ਇਹਨਾਂ ਨੂੰ ਸਬਕ ਸਿਖਾਉਣਾ ਹੈ। ਖਰੀਦ ਸ਼ੁਰੂ ਨਹੀਂ ਹੋਈ, ਮੰਡੀਆਂ ਭਰਨੀਆਂ ਸ਼ੁਰੂ ਹੋ ਗਈਆਂ। ਸੋਸ਼ਲ ਮੀਡੀਆ 'ਤੇ ਖ਼ਬਰਾਂ ਝੋਨੇ ਦੀਆਂ ਹੀ, ਇੱਕ-ਦੂਜੇ 'ਤੇ ਇਲਜ਼ਾਮਬਾਜ਼ੀ, ਹੱਲ ਕੋਈ ਨਹੀਂ, ਹਾਲਾਂਕਿ ਰਿਕਵਰੀ ਦਾ ਮਸਲਾ ਸਭ ਤੋਂ ਸੌਖਾ ਹੱਲ ਕੀਤਾ ਜਾ ਸਕਦਾ ਸੀ। ਉਸ 'ਤੇ ਵੀ ਫੈਸਲਾ ਲਟਕਾਈ ਰੱਖਿਆ। ਸਾਰੀਆਂ ਧਿਰਾਂ ਦੀ ਗਿਆਰਾਂ ਮੈਂਬਰੀ ਕਮੇਟੀ ਬਣਾ ਦਿੰਦੇ। ਰਿਕਵਰੀ ਅਮਲੀ ਤੌਰ 'ਤੇ ਕਮੇਟੀ ਦੇ ਸਾਹਮਣੇ ਕਰਵਾ ਲੈਂਦੇ, ਪਰ ਸਾਨੂੰ ਕੀ, ਰਗੜਾ ਤਾਂ ਕਿਸਾਨ ਨੂੰ ਲੱਗਦਾ ਹੈ। ਤਰਾਸਦੀ ਵੇਖੋ, ਕਿਸਾਨਾਂ ਦਾ ਨੁਕਸਾਨ ਕਰਨ ਵਾਲਿਆਂ ਨੇ ਹੀ ਕਿਸਾਨਾਂ ਨੂੰ ਅੱਗੇ ਲਾ ਕੇ ਸੜਕਾਂ ਰੋਕੀਆਂ।

**ਨਮੀ** : ਮੰਡੀਆਂ ਵਿੱਚ ਝੋਨੇ ਦੇ ਅੰਬਾਰ ਲੱਗ ਗਏ, ਝਾਰ ਲਾਉਣ ਲਈ ਵੀ ਜਗ੍ਹਾ ਨਹੀਂ। ਸਭ ਨੂੰ ਪਤਾ ਹੈ ਕਿ ਝੋਨੇ ਵਿੱਚ ਨਮੀ ਘੱਟ ਵੀ ਹੋਵੇ ਤਾਂ ਅਣਛਾਣਿਆ ਝੋਨਾ ਢੇਰੀ ਵਿੱਚ ਪਿਆ ਨਮੀਂ ਛੱਡ ਜਾਂਦਾ ਹੈ। ਸਾਇੰਸ ਦੇ ਹਿਸਾਬ ਨਾਲ ਵੀ ਜਦੋਂ ਕਿਸੇ ਵੀ ਚੀਜ਼ 'ਤੇ ਦਬਾਅ ਬਣੇਗਾ ਤਾਂ ਉਹ ਸਿੱਲ੍ਹ ਛੱਡੇਗੀ। ਇਸ ਤਰ੍ਹਾਂ ਜਦੋਂ ਢੇਰ ਪਿਆ ਰਿਹਾ, ਜਿਹੜੀ ਚੌਲਾਂ ਵਿੱਚ ਨਮੀ ਹੈ, ਉਸ ਨੇ ਛਿਲਕੇ ਨੂੰ ਸਲ੍ਹਾਬਾ ਕਰਨਾ ਹੈ, ਛਿਲਕਾ ਸਲਾਭਿਆ ਗਿਆ ਤਾਂ ਨਮੀਂ ਕਿਵੇਂ ਘਟੂ। ਹੁਣ ਕਈ ਦਹਾਕਿਆਂ ਤੋਂ ਕਿਸਾਨ ਸੁੱਕਾ ਝੋਨਾ ਵੱਢਦੇ ਹਨ। ਮੰਡੀ ਵਿੱਚ ਨਾਲ-ਨਾਲ ਝਾਰਿਆ ਜਾਂਦਾ ਹੈ, ਜਿਸ ਕਾਰਨ ਬਰੀਕ ਕੰਡ ਅਤੇ ਪੱਤੀ ਨਿਕਲ ਜਾਂਦੀਆਂ ਹਨ। ਜੇ ਕੋਈ ਛੋਟੀ-ਮੋਟੀ ਢੇਰੀ ਸਲਾਭੀ ਵੀ ਆ ਗਈ ਤਾਂ ਖਲਾਰਨ ਨੂੰ ਜਗ੍ਹਾ ਹੁੰਦੀ ਸੀ, ਉਹ ਦੂਜੇ ਦਿਨ ਤੁੱਲ ਜਾਂਦੀ ਸੀ।

ਪਰਾਲੀ: ਇੱਕ ਪਾਸੇ ਕਿਸਾਨ ਝੋਨੇ ਦੀ ਤੁਲਾਈ ਨੂੰ ਲੈ ਕੇ ਪਰੇਸ਼ਾਨ ਹੈ, ਦੂਜੇ ਪਾਸੇ ਉਸ ਨੂੰ ਪਰਾਲੀ ਦਾ ਫਿਕਰ ਹੈ, ਉਹ ਗੰਢਾਂ ਬੰਨ੍ਹਣ ਵਾਲੀਆਂ ਮਸ਼ੀਨਾਂ ਵਾਲਿਆਂ ਦੀਆਂ ਮਿੰਨਤਾਂ ਕਰਦਾ ਫਿਰਦਾ ਹੈ। ਭਾਵੇਂ ਕਿ ਯੂਨੀਵਰਸਿਟੀ ਅਤੇ ਸਰਕਾਰ ਨੇ ਕਈ ਤਰ੍ਹਾਂ ਦੀਆਂ ਮਸ਼ੀਨਾਂ ਅਤੇ ਤਰੀਕੇ ਦੱਸੇ ਹਨ, ਪਰ ਸਭ ਤੋਂ ਚੰਗਾ ਤਰੀਕਾ ਹੈ ਗੰਢਾਂ ਬੰਨ੍ਹਣ ਵਾਲਾ। ਜੇ ਗੰਢਾਂ ਬੰਨ੍ਹ ਕੇ ਪਰਾਲੀ ਚੁੱਕੀ ਜਾਵੇ ਤਾਂ ਕਿਸਾਨ ਆਪਣੇ ਟਰੈਕਟਰ ਅਤੇ ਮਸ਼ੀਨ ਨਾਲ ਬਿਜਾਈ ਕਰ ਲੈਂਦਾ ਹੈ, ਪਰ ਇਸ ਸਾਲ ਗੰਢਾਂ ਬੰਨ੍ਹਣ ਵਾਲੇ ਇੱਕ ਤਾਂ ਹੈ ਘੱਟ, ਦੂਜੇ ਜਿਨ੍ਹਾਂ ਪਰਾਲੀ ਖਰੀਦਣੀ ਹੈ, ਉਹ ਪੈਰ ਨਹੀਂ ਲੱਗਣ ਦਿੰਦੇ, ਕਿਉਂਕਿ ਸਰਕਾਰ ਦੀ ਸਖਤੀ ਕਰਕੇ ਉਹ ਪਰਾਲੀ ਵਿੱਚ ਨੁਕਸ ਕੱਢਦੇ ਹਨ ਅਤੇ ਟਰਾਲੀ ਲਾਹਉਂਦੇ ਨਹੀਂ। ਰੌਲਾ ਹਰ ਜਗ੍ਹਾ ਭਾਅ ਘਟਾਉਂਦਾ ਹੈ। ਜਦੋਂ ਮਿੱਲ ਵਾਲੇ ਭਾਅ ਘਟਾਉਂਦੇ ਹਨ ਮਸ਼ੀਨ ਵਾਲੇ ਅੱਗੇ ਕਿਸਾਨ ਤੋਂ ਵੱਧ ਪੈਸੇ ਮੰਗਦੇ ਹਨ। ਜਦੋਂ ਗੰਢਾਂ ਦੀ ਗੱਲ ਨਹੀਂ ਬਣਦੀ ਫਿਰ ਕਿਸਾਨ ਸੁਪਰ-ਸੀਡਰ ਵਾਲਿਆਂ ਮਗਰ ਭੱਜਦਾ ਹੈ, ਅੱਗੋਂ ਉਹ ਵੀ ਨੱਖਰੇ ਕਰਦੇ ਹਨ, ਕਿਉਂਕਿ ਉਸ ਨੂੰ ਖਿੱਚਣ ਲਈ ਟਰੈਕਟਰ ਦੀ ਜਾਨ ਨਿਕਲਦੀ ਹੈ ਅਤੇ ਘੱਟੋ-ਘੱਟ 10 ਲਿਟਰ ਡੀਜ਼ਲ ਏਕੜ ਦਾ ਲੱਗਦਾ ਹੈ। ਡੀਜ਼ਲ ਤਾਂ ਕਿਸਾਨ ਬਾਲਦੂ, ਪਰ ਜਦੋਂ ਟਰੈਕਟਰ ਫੁੱਲ ਰੇਸ 'ਤੇ ਘੰਟਿਆਂਬੱਧੀ ਚੱਲਦਾ ਹੈ, ਉਪਰ ਬੈਠੇ ਟਰੈਕਟਰ ਦੇ ਮਾਲਕ ਦਾ ਦਿਲ ਧੱਕ-ਧੱਕ ਕਰਦਾ ਹੈ। 11-12 ਲੱਖ ਦਾ ਟਰੈਕਟਰ ਵਿਆਜ ਪੈ ਕੇ 15-16 ਲੱਖ ਵਿੱਚ ਪੈਂਦਾ ਹੈ। ਇਥੇ ਹੀ ਬੱਸ ਨਹੀਂ, ਜਦੋਂ ਕਿਸੇ ਕਿਸਾਨ ਦਾ ਕਿਸੇ ਪਾਸੇ ਹੱਥ ਨਹੀਂ ਅੜਦਾ ਅਤੇ ਉਸ ਨੂੰ ਮਜਬੂਰੀ ਵੱਸ ਅੱਗ ਲਾਉਣੀ ਪੈਂਦੀ ਹੈ, ਉਸ ਨੂੰ ਪਹਿਲਾਂ ਨਾਲੋਂ ਦੁੱਗਣਾ ਜੁਰਮਾਨਾ ਭਰਨਾ ਪਵੇਗਾ। ਜੋ 2 ਏਕੜ ਤੋਂ ਘੱਟ ਵਾਲੇ ਕਿਸਾਨ ਨੂੰ 5 ਹਜ਼ਾਰ, 2-5 ਏਕੜ ਵਾਲੇ ਨੂੰ 10 ਹਜ਼ਾਰ ਅਤੇ 5 ਏਕੜ ਤੋਂ ਵੱਧ ਵਾਲੇ ਨੂੰ 30 ਹਜ਼ਾਰ ਦੇਣਾ ਪਵੇਗਾ। ਇਕੱਲਾ ਜੁਰਮਾਨਾ ਨਹੀਂ, ਪਰਚਾ ਅਤੇ ਜਮ੍ਹਾਂਬੰਦੀ ਵਿੱਚ ਲਾਲ ਇੰਦਰਾਜ਼ ਵੀ ਨਾਲ ਹੀ ਹੈ।

**ਡੀ ਏ ਪੀ** : ਡੀ ਏ ਪੀ ਦੀ ਘਾਟ ਵੀ ਗਲਤ ਪਲੈਨਿੰਗ ਕਰਕੇ ਜਾਂ ਨੈਨੋਂ ਡੀ ਏ ਪੀ ਨੂੰ ਜ਼ਬਰਦਸਤੀ ਧੱਕਣ ਕਰਕੇ ਹੋਈ। ਜਦੋਂ ਤੋਂ ਨੈਨੋ ਖਾਦਾਂ ਮੰਡੀ ਵਿੱਚ ਆਈਆਂ ਹਨ, ਸਰਕਾਰ ਇਹਨਾਂ ਨੂੰ ਵੇਚ ਕੇ ਦੂਜੀਆਂ ਖਾਦਾਂ ਦੀ ਦਰਆਮਦ ਘਟਾਉਣੀ ਚਾਹੁੰਦੀ ਹੈ, ਹਾਲਾਂਕਿ ਪੀ ਏ ਯੂ ਮੁਤਾਬਕ ਇਹਨਾਂ ਖਾਦਾਂ ਨਾਲ ਫਸਲ ਦੀ ਜ਼ਰੂਰਤ ਪੂਰੀ ਨਹੀਂ ਹੁੰਦੀ ਅਤੇ ਫਸਲ ਦਾ ਨੁਕਸਾਨ ਹੁੰਦਾ। ਤਜਰਬਾ ਅਤੇ ਮੁਨਾਫਾ ਇਫਕੋ ਦੇ ਹਿੱਸੇ, ਪ੍ਰੇਸ਼ਾਨੀ ਅਤੇ ਨੁਕਸਾਨ ਕਿਸਾਨ ਦੀ।

**ਚੌਲਾਂ ਦੀ ਗੁਣਵੱਤਾ** : ਅੱਜ ਤਕਰੀਬਨ 55 ਸਾਲ ਬਾਅਦ ਪੰਜਾਬ ਤੋਂ ਦੂਜੇ ਸੂਬਿਆਂ ਨੂੰ ਜਾਂਦੇ ਚੌਲਾਂ ਦੀ ਗੁਣਵੱਤਾ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਂਦਾ ਗਿਆ। 20 ਕੁ ਦਿਨ ਪਹਿਲਾਂ ਅਰੁਣਾਚਲ ਪ੍ਰਦੇਸ਼ ਤੋਂ ਇਹ ਖ਼ਬਰ ਆਈ ਕਿ ਪੰਜਾਬ ਤੋਂ ਭੇਜੇ ਗਏ ਚੌਲਾਂ ਦੇ ਨਮੂਨੇ ਫੇਲ੍ਹ ਹੋ ਗਏ। ਉਸ ਤੋਂ ਦੋ ਹਫਤੇ ਬਾਅਦ ਕਰਨਾਟਕਾ ਨੂੰ ਭੇਜੇ ਗਏ 26 ਨਮੂਨਿਆਂ ਵਿੱਚੋਂ 4 ਫੇਲ੍ਹ ਹੋ ਗਏ। ਸਾਰੇ ਮੀਡੀਆ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ, ਜਿਵੇਂ ਪੰਜਾਬ ਵਿੱਚ ਚੌਲ ਹੀ ਮਾੜੇ ਪੈਦਾ ਹੁੰਦੇ ਹਨ ਅਤੇ ਸਟੋਰਾਂ ਵਿੱਚ ਪਿਆਂ ਦੀ ਗੁਣਵੱਤਾ ਖ਼ਰਾਬ ਹੋ ਕੇ ਇਨਸਾਨਾਂ ਦੇ ਖਾਣ ਯੋਗ ਨਹੀਂ ਰਹੇ। ਮੈਨੂੰ ਇਤਰਾਜ਼ ਇਸ ਗੱਲ 'ਤੇ ਹੈ ਕਿ ਕਿਹਾ ਜਾ ਰਿਹਾ ਹੈ ਕਿ 'ਪੰਜਾਬ ਵਿੱਚ ਪੈਦਾ ਕੀਤੇ ਚੌਲ'। ਕੀ ਪੰਜਾਬ ਦਾ ਕਿਸਾਨ ਮਾੜੇ ਚੌਲ ਪੈਦਾ ਕਰਦਾ ਹੈ? ਰਹੀ ਗੱਲ ਨਮੂਨਿਆਂ ਦੇ ਫੇਲ੍ਹ ਹੋਣ ਦੀ, ਲਓ ਥੋੜ੍ਹਾ ਇਸ 'ਤੇ ਵੀ ਵਿਚਾਰ ਕਰੀਏ । ਜਿਹੜੇ ਚੌਲ ਅਰੁਣਾਚਲ ਪ੍ਰਦੇਸ਼ ਨੂੰ ਭੇਜੇ ਗਏ ਸਨ, ਉਹ ਜੁਲਾਈ ਦੇ ਮਹੀਨੇ ਭੇਜੇ ਗਏ ਸਨ। ਜੋ ਐੱਫ ਸੀ ਆਈ ਦੇ ਨਿਯਮ ਹਨ, ਉਹਨਾਂ ਮੁਤਾਬਕ ਜੋ ਸਟਾਕ ਚੌਲਾਂ ਦਾ ਪੰਜਾਬ ਵਿੱਚ ਪਿਆ ਹੈ, ਉਸ ਦੀ ਹਰ ਮਹੀਨੇ ਗੁਣਵੱਤਾ ਲਈ ਪਰਖ ਕੀਤੀ ਜਾਂਦੀ ਹੈ। ਏਨਾ ਹੀ ਨਹੀਂ, ਜਿਹੜੇ ਚੌਲ ਪੰਜਾਬ ਵਿੱਚੋਂ ਅਰੁਣਾਚਲ ਪ੍ਰਦੇਸ਼ ਨੂੰ ਗਏ, ਉਹਨਾ ਦੀ ਪਰਖ ਵੀ ਐੱਫ ਸੀ ਆਈ ਪੰਜਾਬ ਨੇ ਕਰਕੇ ਭੇਜੀ। ਦੋ ਮਹੀਨੇ ਚੌਲ ਅਰੁਣਾਚਲ ਪ੍ਰਦੇਸ਼ ਵਿੱਚ ਪਏ ਰਹਿਣ ਤੋਂ ਬਾਅਦ ਸਤੰਬਰ ਦੇ ਮਹੀਨੇ ਸੈਂਪਲ ਭਰੇ ਗਏ ਅਤੇ ਰਿਪੋਰਟ ਅੱਧ ਅਕਤੂਬਰ ਵਿੱਚ ਆਈ, ਜਿਹਨਾਂ ਦੀ ਗੁਣਵੱਤਾ ਕਿਵੇਂ ਅਤੇ ਕਿਹੜੇ ਸਟੋਰ ਵਿੱਚ ਘਟੀ, ਇਸ ਦੀ ਜਾਂਚ ਤੋਂ ਬਿਨਾਂ ਹੀ ਪੰਜਾਬ ਦੇ ਚੌਲਾਂ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਇਹ ਰਿਪੋਰਟ ਉਦੋਂ ਲਿਆਂਦੀ, ਜਦੋਂ ਪੰਜਾਬ ਵਿੱਚ ਝੋਨੇ ਦੀ ਖਰੀਦ ਦਾ ਰੌਲਾ-ਰੱਪਾ ਸਿਖਰ 'ਤੇ ਪਹੁੰਚਿਆ ਸੀ। ਖਰੀਦਣ ਵਾਲਿਆਂ ਨੇ ਸੋਚਿਆ ਚੌਲਾਂ ਦੀ ਕੁਆਲਟੀ ਦਾ ਹੀ ਰੌਲਾ ਪਵਾ ਦਿਓ, ਆਪੇ ਹੀ ਸਾਰੇ ਸਿੱਧੇ ਹੋ ਜਾਣਗੇ।

**ਫੋਰਟੀਫਾਈਡ ਰਾਈਸ** : ਸਰਕਾਰ ਨੇ ਇਹ ਫੈਸਲਾ ਕੀਤਾ ਕਿ ਬੱਚਿਆਂ ਅਤੇ ਘੱਟ ਆਮਦਨੀ ਵਾਲੇ ਲੋਕ ਜਿਹਨਾਂ ਦੇ ਖ਼ੂਨ ਵਿੱਚ ਹੀਮੋਗਲੋਬਿਨ ਘੱਟ ਹੈ, ਉਹਨਾਂ ਨੂੰ ਜੇ ਚੌਲਾਂ ਵਿੱਚ ਲੋਹਾ, ਫੋਲਿਕ ਐਸਿਡ ਅਤੇ ਵਿਟਾਮਿਬ ਬੀ 12 ਰਲਾ ਕੇ ਦੇ ਦੇਈਏ ਤਾਂ ਉਹਨਾਂ ਦੀ ਸਿਹਤ ਠੀਕ ਰਹੇਗੀ। ਫੋਰਟੀਫਾਈਡ ਰਾਈਸ ਬਣਾਉਣ ਲਈ ਪਹਿਲਾਂ ਟੋਟਾ ਚੌਲਾਂ ਨੂੰ ਪੀਸਿਆ ਜਾਂਦਾ ਹੈ, ਫਿਰ ਇਸ ਵਿੱਚ ਉਪਰੋਕਤ ਤਿੰਨੋਂ ਚੀਜ਼ਾਂ ਮਿਲਾ ਕੇ ਆਟੇ ਵਾਂਗੂ ਗੁੰਨ ਕੇ ਦੁਬਾਰਾ ਚੌਲਾਂ ਦੀ ਸ਼ਕਲ ਦਿੱਤੀ ਜਾਂਦੀ ਹੈ। ਇਹ ਫੋਰਟੀਫਾਈਡ ਰਾਈਸ ਬਣਾਉਣ ਦਾ ਠੇਕਾ ਕੰਪਨੀਆਂ ਨੂੰ ਦਿੱਤਾ ਜਾਂਦਾ ਹੈ। ਕੰਪਨੀਆਂ ਫੋਰਟੀਫਾਈਡ ਚੌਲ ਸ਼ੈਲਰਾਂ ਵਾਲਿਆਂ ਨੂੰ ਭੇਜਦੇ ਹਨ। ਸ਼ੈਲਰਾਂ ਵਾਲੇ ਅੱਗੇ ਜਦੋਂ ਚੌਲ ਕੱਢਦੇ ਹਨ ਤਾਂ ਇੱਕ ਕਿੱਲੋ ਚੌਲ 99 ਕਿਲੋ ਸਾਦੇ ਚੌਲਾਂ ਵਿੱਚ ਮਿਲਾ ਕਿ ਬੋਰੀਆਂ ਭਰਦੇ ਹਨ ।

ਜਿਵੇਂ ਹਰ ਵਿਟਾਮਿਨ ਦੀ ਮੁਨਿਆਦ ਹੁੰਦੀ ਹੈ, ਫੋਲਿਕ ਐਸਿਡ ਅਤੇ ਬੀ-12 ਦੀ ਵੀ ਮੁਨਿਆਦ ਹੈ। ਜਦੋਂ ਇਹ ਚੌਲ ਜ਼ਿਆਦਾ ਸਮਾਂ ਪਏ ਰਹਿਣਗੇ ਤਾਂ ਕੁਆਲਟੀ ਘਟਦੀ ਜਾਵੇਗੀ। ਰਿਪੋਰਟ ਮੁਤਾਬਕ ਪੰਜਾਬ ਵਿੱਚ ਏਸ ਵੇਲੇ 2022-23 ਦੇ ਵੀ ਚੌਲ ਪਏ ਹਨ। ਸ਼ਾਇਦ ਇਹੋ ਹੀ ਕਰਨਾਟਕਾ ਵਿੱਚ ਹੋਇਆ। ਚਾਹੀਦਾ ਤਾਂ ਇਹ ਹੈ ਕਿ ਫੋਰਟੀਫਿਕੇਸ਼ਨ ਝੋਨਾ ਛੜਨ ਵੇਲੇ ਦੀ ਬਜਾਏ ਸੂਬੇ ਦੀ ਲੋੜ ਅਨੁਸਾਰ ਚੌਲ ਵੰਡਣ ਵੇਲੇ ਕੀਤੀ ਜਾਵੇ, ਤਾਂ ਕਿ ਫੋਰਟੀਫਿਕੇਸ਼ਨ ਦੀ ਗੁਣਵੱਤਾ ਠੀਕ ਰਹੇ, ਪਰ ਕਈ ਵੇਰੀ ਲਾਗਤ ਮੁੱਲ ਘਟਾਉਣ ਦੇ ਚੱਕਰ ਵਿੱਚ ਸਾਨੂੰ ਗੁਣਵੱਤਾ ਨਾਲ ਸਮਝੌਤਾ ਕਰਨਾ ਪੈਂਦਾ ਹੈ।

**ਨਿਚੋੜ**: ਕਿਸਾਨੀ ਮੁੱਢਲੀ ਆਮਦਨ ਦਾ ਸਰੋਤ ਹੈ, ਜਿਸ ਉਪਰ ਉਦਯੋਗ ਅਤੇ ਸਰਵਿਸ ਖੇਤਰ ਨਿਰਭਰ ਕਰਦਾ ਹੈ। ਸਮੇਂ ਦੇ ਹਾਕਮਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇ ਕਿਸਾਨੀ ਡੁੱਬਦੀ ਹੈ ਤਾਂ ਬਾਕੀ ਦੋਵੇਂ ਖੇਤਰ ਡੁੱਬਣੇ ਸ਼ਰਤੀਆ ਹਨ। ਜਿਸ ਨਾਲ ਅਸ਼ਾਂਤੀ ਫੈਲਣੀ ਲਾਜ਼ਮੀ ਹੈ।

**# ਸੰਪਰਕ : 96537-90000**

# ਗਦਰ ਲਹਿਰ ਦਾ ਚਮਕਦਾ ਸਿਤਾਰਾ ਬਾਬਾ ਬਚਨ ਸਿੰਘ ਘੋਲੀਆ

ਜਗਸੀਰ ਖੋਸਾ

20ਵੀਂ ਸਦੀ ਦੀ ਸ਼ੁਰੂਆਤ ਇੱਕ ਅੰਤਰਰਾਸ਼ਟਰੀ ਸਿਆਸੀ ਲਹਿਰ ਨਾਲ ਹੋਈ, ਜਿਸ ਦੀ ਸਥਾਪਨਾ ਪ੍ਰਵਾਸੀ ਭਾਰਤੀਆਂ ਦੁਆਰਾ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਨੂੰ ਉਖਾੜ ਸੁੱਟਣ ਲਈ ਕੀਤੀ ਗਈ ਸੀ। ਪਹਿਲੇ ਵਿਸ਼ਵ ਯੁੱਧ ਦੇ ਦੌਰ ਵਿੱਚ ਆਪਣਾ ਅਖਬਾਰ ਪ੍ਰਕਾਸ਼ਿਤ ਕਰਨ, ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਅਤੇ ਆਜ਼ਾਦੀ ਤੋਂ ਬਾਅਦ ਕਿਰਤ ਦੀ ਸਰਦਾਰੀ ਵਾਲਾ ਸਮਾਜ ਸਿਰਜਣ ਲਈ ਗਦਰ ਲਹਿਰ ਦੇ ਸੂਰਮਿਆਂ ਨੇ ਅਣਗਿਣਤ ਕੁਰਬਾਨੀਆਂ ਕੀਤੀਆਂ। ਗਦਰ ਲਹਿਰ ਇੱਕ ਅਜਿਹੀ ਲਹਿਰ ਸੀ, ਜਿਸ ਨੇ ਪਹਿਲੀ ਵਾਰ ਅੰਗਰੇਜ਼ ਸਾਮਰਾਜ ਸਾਹਮਣੇ ਇਨਕਲਾਬੀ ਸਿਆਸੀ ਬਦਲ ਪੇਸ਼ ਕੀਤਾ। ਇਸ ਨੇ ਅੰਗਰੇਜ਼ ਸਾਮਰਾਜ ਨੂੰ ਬਦਲਣ ਅਤੇ ਲੋਕ-ਪੱਖੀ ਨਿਜ਼ਾਮ ਤੇ ਭਵਿੱਖ ਨੂੰ ਸਿਰਜਣ ਦਾ ਸੁਪਨਾ ਸਾਹਮਣੇ ਲਿਆਂਦਾ। ਇਸ ਸੁਪਨੇ ਨੂੰ ਸੰਪੂਰਨ ਕਰਨ ਲਈ ਗਦਰੀਆਂ ਨੇ ਸਿਆਸੀ ਪਾਰਟੀ ਦੀ ਲੋੜ ਤੇ ਸਿਆਸਤ ਦੀ ਮਹੱਤਤਾ ਨੂੰ ਸਮਝਿਆ। ਗਦਰੀਆਂ ਦੀ ਇਸ ਸਮਝ ਨੇ ਵਿਦੇਸ਼ੀਂ ਵਸਦੇ ਪੰਜਾਬੀਆਂ ਨੂੰ ਗੁਲਾਮੀ ਦਾ ਤੀਬਰ ਅਹਿਸਾਸ ਕਰਵਾਇਆ ਤੇ ਆਜ਼ਾਦੀ ਲਈ ਸਿਆਸੀ ਚੇਤਨਾ ਦੀ ਜ਼ਰੂਰਤ ਵੱਲ ਤੁਰਨ ਦੇ ਰਾਹ ਤੋਰਿਆ। ਗਦਰ ਪਾਰਟੀ ਵੱਲੋਂ ਭਾਰਤ ਵਿੱਚ ਰੂਸ ਵਰਗੀ ਕ੍ਰਾਂਤੀ ਲਿਆਉਣ ਦਾ ਆਪਣਾ ਨਿਸ਼ਾਨਾ ਮਿੱਥਿਆ ਅਤੇ ਰੂਸੀ ਇਨਕਲਾਬ ਦੇ ਸਿਧਾਂਤ ਨੂੰ ਸਮਝਣ ਅਤੇ ਅਧਿਐਨ ਕਰਨ ਦਾ ਫੈਸਲਾ ਲਿਆ। ਉਹਨਾਂ ਲੋਕ ਹਿੱਤਾਂ ਲਈ ਆਪਣੇ ਪਰਵਾਰ, ਘਰ-ਬਾਰ ਛੱਡ, ਆਪਣੇ ਚੰਗੇ ਭਵਿੱਖ ਦੀ ਆਸ ਲਈ ਦੇਸ਼ ਦੀ ਆਜ਼ਾਦੀ ਨੂੰ ਹੀ ਆਪਣਾ ਮਿਸ਼ਨ ਬਣਾ ਲਿਆ। ਇਸ ਲੜਾਈ 'ਚ ਬਹੁਤ ਸਾਰੇ ਚਿਹਰੇ ਅਜਿਹੇ ਹਨ, ਜਿਨ੍ਹਾਂ ਨੇ ਇਸ ਲਹਿਰ ਨੂੰ ਸਫਲ ਕਰਨ ਲਈ ਸਿਰਧੜ ਦੀ ਬਾਜ਼ੀ ਲਗਾਈ। ਉਹਨਾਂ ਗਦਰੀ ਬਾਬਿਆਂ ਦੀ ਲੜੀ ਦਾ ਇੱਕ ਚਮਕਦਾ ਮੋਤੀ ਹੈ, ਬਾਬਾ ਬਚਨ ਸਿੰਘ ਘੋਲੀਆ। ਜਿਨ੍ਹਾਂ ਇਕ ਆਮ ਕਿਸਾਨ ਹੁੰਦਿਆਂ ਆਪਣੇ ਦੇਸ਼ ਦੀ ਗੁਲਾਮੀ ਨੂੰ ਮਹਿਸੂਸ ਕੀਤਾ ਤੇ ਗਦਰ ਲਹਿਰ 'ਚ ਇਕ ਆਗੂ ਦੀ ਭੂਮਿਕਾ ਨਿਭਾਈ।

ਬਾਬਾ ਬਚਨ ਸਿੰਘ ਘੋਲੀਆ ਦਾ ਜਨਮ ਇੱਕ ਸਧਾਰਨ ਕਿਸਾਨ ਪਰਵਾਰ ਵਿੱਚ 6 ਸਤੰਬਰ 1894 ਨੂੰ ਹੋਇਆ। ਇਹਨਾਂ ਦੇ ਪਿਤਾ ਦਾ ਨਾਂਅ ਸ੍ਰ. ਭਗਵਾਨ ਸਿੰਘ ਅਤੇ ਮਾਤਾ ਦਾ ਨਾਂਅ ਪ੍ਰੇਮ ਕੌਰ ਸੀ। ਬਾਬਾ ਜੀ ਛੋਟੀ ਉਮਰ ਵਿੱਚ ਹੀ ਮਾਤਾ-ਪਿਤਾ ਦੇ ਪਿਆਰ ਤੋਂ ਵਿਰਵੇ ਹੋ ਗਏ। ਸਕੂਲ ਜਾਣ ਦੀ ਉਮਰ ਵਿੱਚ ਹੀ ਇਨ੍ਹਾਂ ਨੂੰ ਖੇਤੀ ਅਤੇ ਪਸ਼ੂ ਪਾਲਣ ਦੇ ਕੰਮ ਕਰਨ ਵੱਲ ਰੁੱਝਣਾ ਪਿਆ। ਬਾਬਾ ਬਚਨ ਸਿੰਘ ਘੋਲੀਆ ਹੋਣੀਂ ਚਾਰ ਭਰਾ ਸਨ। ਸਭ ਤੋਂ ਵੱਡੇ ਚੰਨਣ ਸਿੰਘ, ਦੂਜੇ ਨੰਬਰ 'ਤੇ ਨਿਰੰਜਣ ਸਿੰਘ, ਤੀਜੇ 'ਤੇ ਇਹ ਆਪ ਅਤੇ ਛੋਟੇ ਭਜਨ ਸਿੰਘ ਸਨ। ਇਹਨਾਂ ਦਾ ਪਾਲਣ-ਪੋਸ਼ਣ ਇਹਨਾਂ ਦੀ ਭੂਆ ਨਿਰੰਜਣ ਕੌਰ ਨੇ ਕੀਤਾ, ਕਿਉਂਕਿ ਉਹਨਾਂ ਦੇ ਪਤੀ ਵਿਦੇਸ਼ ਹੋਣ ਕਰਕੇ ਉਹ ਆਪਣੇ ਪੇਕੇ ਪਿੰਡ ਹੀ ਰਹਿੰਦੇ ਸਨ । ਇਹਨਾਂ ਦੀ ਜ਼ਮੀਨ ਨਹਿਰੀ ਵਿਭਾਗ ਦੇ, ਡਾਕ ਬੰਗਲੇ ਦੇ ਨਾਲ ਲੱਗਦੀ ਸੀ, ਉੱਥੇ ਅਕਸਰ ਹੀ ਅੰਗਰੇਜ਼ ਅਫਸਰ ਅਤੇ ਉਨ੍ਹਾਂ ਦੇ ਟੋਡੀਆਂ ਦਾ ਆਉਣ-ਜਾਣ ਬਣਿਆ ਰਹਿੰਦਾ ਸੀ। ਅੰਗਰੇਜ਼ਾਂ ਦੀਆਂ ਧੱਕੇਸ਼ਾਹੀਆਂ ਵੇਖਦਿਆਂ ਬਚਪਨ ਵਿਚ ਹੀ ਬਚਨ ਸਿੰਘ ਦੇ ਮਨ ਵਿੱਚ ਅਜਿਹੀਆਂ ਧੱਕੇਸ਼ਾਹੀਆ ਅਤੇ ਬੇਇਨਸਾਫੀਆਂ ਤੋਂ ਛੁਟਕਾਰਾ ਪਾਉਣ ਦੀ ਸੋਚ ਪਨਪਦੀ ਰਹਿੰਦੀ। 1912 ਵਿੱਚ ਆਪ ਜੀ ਦੀ ਸ਼ਾਦੀ ਤਖਾਣਵੱਧ ਵਿਖੇ ਪ੍ਰਤਾਪ ਕੌਰ ਨਾਲ ਹੋ ਗਈ । ਘਰ ਦੀਆਂ ਤੰਗੀਆਂ ਤੁਰਸ਼ੀਆਂ ਵਧਣ ਕਾਰਨ ਅਤੇ ਖੇਤੀਬਾੜੀ ਕੋਈ ਬਹੁਤਾ ਲਾਹੇਵੰਦ ਧੰਦਾ ਨਾ ਹੋਣ ਕਾਰਨ ਉਹ ਇਸ ਕੰਮ ਨੂੰ ਤਿਆਗਣ ਬਾਰੇ ਸੋਚਣ ਲੱਗੇ। ਪਿੰਡ ਦੇ ਕੁਝ ਲੋਕ ਵਿਦੇਸ਼ਾਂ ਵਿਚ ਗਏ ਹੋਏ ਸਨ। ਉਹਨਾਂ ਨੂੰ ਵੇਖ ਕੇ ਬਚਨ ਸਿੰਘ ਦੇ ਮਨ ਵਿਚ ਵੀ ਵਿਦੇਸ਼ ਜਾ ਕੇ ਕਮਾਈ ਕਰਕੇ ਘਰ ਦੀ ਆਰਥਿਕ ਹਾਲਤ ਸੁਧਾਰਨ ਲਈ ਫੁਰਨਾ ਫੁਰਦਾ ਰਹਿੰਦਾ, ਪਰ ਵਿਆਹੁਤਾ ਜ਼ਿੰਦਗੀ ਵਿਦੇਸ਼ ਜਾਣ ਦੇ ਸੁਪਨੇ ਵਿਚ ਅੜਿੱਕਾ ਸੀ, ਭਾਵੇਂ ਕਿ ਅੱਜ ਦੀ ਤਰ੍ਹਾਂ ਉਨ੍ਹੀਂ ਦਿਨੀਂ ਵਿਦੇਸ਼ ਜਾਣ ਦੀ ਪ੍ਰਕਿਰਿਆ ਗੁੰਝਲਦਾਰ ਜਾਂ ਔਖੀ ਨਹੀਂ ਸੀ। ਇਹਨਾਂ ਨਾਲ ਜੈਮਲ ਸਿੰਘ ਨਾਂਅ ਦਾ ਇੱਕ ਆਦਮੀ ਪਸ਼ੂ ਚਾਰਦਾ ਹੁੰਦਾ ਸੀ, ਜਿਸ ਪਾਸੋਂ ਇਹਨਾਂ ਚਿੱਠੀ ਪੱਤਰ ਪੜ੍ਹਨ ਜੋਗੀ ਪੰਜਾਬੀ ਵੀ ਸਿੱਖ ਲਈ ਸੀ।





1914 ਵਿੱਚ ਪਹਿਲੇ ਵਿਸ਼ਵ ਯੁੱਧ ਦੌਰਾਨ ਨਹਿਰੀ ਡਾਕ ਬੰਗਲੇ ਵਿੱਚ ਹੋਈ ਫੌਜੀ ਭਰਤੀ ਸਮੇਂ ਉਹਨਾਂ ਫੌਜ ਵਿੱਚ ਭਰਤੀ ਹੋਣ ਦੀ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋ ਸਕੇ। ਖੇਤੀਬਾੜੀ ਕਰਦਿਆਂ ਉਨ੍ਹਾਂ ਦਾ ਮੇਲ ਪਿੰਡ ਬੁਰਜ ਦੁੱਨੇ ਦੇ ਇੱਕ ਵਿਅਕਤੀ ਪਰਤਾਪ ਸਿੰਘ ਨਾਲ ਹੋਇਆ, ਜਿਹੜਾ ਕਿ ਕਾਫੀ ਸਮਾਂ ਸਿੰਘਾਪੁਰ ਰਹਿਣ ਤੋਂ ਬਾਅਦ ਪਿੰਡ ਆਇਆ ਹੋਇਆ ਸੀ। ਉਸ ਨਾਲ ਗੱਲਬਾਤ ਅਤੇ ਮੇਲ-ਮਿਲਾਪ ਤੋਂ ਬਾਅਦ ਬਚਨ ਸਿੰਘ ਦੇ ਮਨ ਵਿੱਚ ਫਿਰ ਵਿਦੇਸ਼ ਜਾਣ ਦੀ ਹਸਰਤ ਨੇ ਕਰਵਟ ਲੈ ਲਈ। ਦੋਹਾਂ ਨੇ ਸਿੰਘਾਈ ਜਾਣ ਦੀ ਸਕੀਮ ਬਣਾਈ। ਅਸਲ ਵਿੱਚ ਇੱਥੇ ਪ੍ਰਤਾਪ ਸਿੰਘ ਦਾ ਭਾਣਜਾ ਗੁਰਦੁਆਰਾ ਸਾਹਿਬ ਵਿਚ ਗ੍ਰੰਥੀ ਸੀ। ਇਸ ਲਈ ਦੋਵਾਂ ਨੇ ਸੰਘਾਈ ਜਾਣ ਬਾਰੇ ਹੀ ਸੋਚਿਆ, ਪਰ ਬਚਨ ਸਿੰਘ ਦਾ ਵੱਡਾ ਭਰਾ ਇਸ ਦੇ ਵਿਦੇਸ਼ ਜਾਣ ਨਾਲ ਸਹਿਮਤ ਨਹੀਂ ਸੀ। ਇਸ ਲਈ ਬਚਨ ਸਿੰਘ ਨੇ ਪਾਸਪੋਰਟ ਬਣਾਉਣ ਸਮੇਤ ਸਾਰੀ ਸਕੀਮ ਦਾ ਘਰਦਿਆਂ ਤੋਂ ਓਹਲਾ ਰੱਖਿਆ। ਉਹ ਸੋਚਦੇ ਸਨ ਕਿ ਜ਼ਮੀਨ ਥੋੜ੍ਹੀ ਹੋਣ ਕਾਰਨ ਇਸ ਕੰਮ ਵਿੱਚ ਕੋਈ ਬਹੁਤੀ ਆਮਦਨ ਨਹੀਂ ਸੀ। ਮਿੱਟੀ ਨਾਲ ਮਿੱਟੀ ਤਾਂ ਕਿਸਾਨ ਹੁੰਦਾ ਹੈ, ਪਰ ਬਹੁਤਾ ਹਿੱਸਾ ਜ਼ਿਮੀਦਾਰ ਵੰਡਾ ਕੇ ਲੈ ਜਾਂਦੇ ਹਨ। ਇਸ ਲਈ ਵਿਦੇਸ਼ ਜਾ ਕੇ ਮਿਹਨਤ ਕਰਕੇ ਘਰ ਦੀ ਗਰੀਬੀ ਦੂਰ ਕੀਤੀ ਜਾ ਸਕਦੀ ਹੈ। ਬਚਨ ਸਿੰਘ ਨੂੰ ਲੱਗਦਾ ਸੀ ਕਿ ਵੱਡੇ ਭਰਾ ਨੇ ਵਿਦੇਸ਼ ਜਾਣ ਦੀ ਸਕੀਮ ਸਿਰੇ ਨਹੀਂ ਚੜ੍ਹਨ ਦੇਣੀ, ਇਸ ਲਈ ਉਹਨਾਂ ਕਿਸੇ ਨਜ਼ਦੀਕੀ ਤੋਂ ਵਿਦੇਸ਼ ਜਾਣ ਲਈ ਪੈਸਿਆਂ ਦੀ ਮੰਗ ਕੀਤੀ, ਪਰ ਉਸ ਵਿਅਕਤੀ ਨੇ ਸਾਰੀ ਗੱਲ ਇਹਨਾਂ ਦੇ ਵੱਡੇ ਭਰਾ ਚੰਨਣ ਸਿੰਘ ਨੂੰ ਦੱਸ ਦਿੱਤੀ। ਚੰਨਣ ਸਿੰਘ ਨੂੰ ਜਦੋਂ ਇਸ ਗੱਲ ਦਾ ਅਹਿਸਾਸ ਹੋਇਆ ਕਿ ਇਹ ਹੁਣ ਬਾਹਰ ਜਾਣ ਦਾ ਪੱਕਾ ਮਨ ਬਣਾਈ ਬੈਠਾ ਹੈ ਤਾਂ ਉਸ ਨੇ ਇਹਨਾਂ ਨੂੰ ਖੁਸ਼ੀ-ਖੁਸ਼ੀ ਪੈਸਿਆਂ ਸਮੇਤ ਸਹਿਮਤੀ ਦੇ ਦਿੱਤੀ। ਇਸ ਤਰ੍ਹਾਂ 1922 ਵਿੱਚ ਆਪ ਜੀ ਪਿੰਡ ਦੇ ਹੀ ਇੱਕ ਸਾਥੀ ਸੁੰਦਰ ਸਿੰਘ ਨਾਲ ਸਿੰਘਾਪੁਰ ਪਹੁੰਚ ਗਏ, ਕਿਉਂਕਿ ਬੁਰਜ ਦੁੱਨੇ ਵਾਲਾ ਪ੍ਰਤਾਪ ਸਿੰਘ ਕਿਸੇ ਕਾਰਨ ਬਾਹਰ ਨਹੀਂ ਗਿਆ ਸੀ, ਪਰ ਉਸ ਨੇ ਆਪਣੇ ਭਾਣਜੇ ਦੇ ਨਾਂਅ ਇੱਕ ਚਿੱਠੀ ਬਚਨ ਸਿੰਘ ਨੂੰ ਥਮਾ ਦਿੱਤੀ। ਇਸ ਵਕਤ ਇਹਨਾਂ ਦੇ ਤਿੰਨ ਬੱਚੇ ਸਨ। ਛੋਟਾ ਲੜਕਾ ਜਸਮੇਰ ਸਿੰਘ ਸਿਰਫ ਇੱਕ ਸਾਲ ਦਾ ਸੀ। 11 ਦਿਨ ਸਿੰਘਾਪੁਰ ਰਹਿਣ ਤੋਂ ਬਾਅਦ ਬਚਨ ਸਿੰਘ ਤੇ ਸੁੰਦਰ ਸਿੰਘ ਦੋਵੇਂ ਸੰਘਾਈ ਚਲੇ ਗਏ। ਇੱਥੇ ਉਹ ਦੋਵੇਂ ਗ੍ਰੰਥੀ ਸੁੱਚਾ ਸਿੰਘ ਕੋਲ ਉਸ ਦੇ ਮਾਮੇ ਦੀ ਦਿੱਤੀ ਚਿੱਠੀ ਸਮੇਤ ਪਹੁੰਚ ਗਏ। ਮਾਮੇ ਦੀ ਚਿੱਠੀ ਪੜ੍ਹ ਕੇ ਸੁੱਚਾ ਸਿੰਘ ਨੇ ਇਹਨਾਂ ਦੀ ਖੂਬ ਸੇਵਾ ਕੀਤੀ ਅਤੇ ਬਚਨ ਸਿੰਘ ਨੇ ਉੱਥੇ ਹੀ ਟਿਕਾਣਾ ਬਣਾ ਲਿਆ।

ਤਕਰੀਬਨ ਦੋ ਮਹੀਨੇ ਸੰਘਾਈ ਰਹਿਣ ਤੋਂ ਬਾਅਦ ਬਚਨ ਸਿੰਘ ਨੇ ਠਿਨਚਿਨ ਸ਼ਹਿਰ ਵਿਚ ਦੋ ਸਾਲ ਇੱਕ ਤੇਲ ਕੰਪਨੀ ਵਿੱਚ ਕੰਮ ਕੀਤਾ। ਇਸ ਤੋਂ ਬਾਅਦ ਉਹ ਪੀਰੂ ਦਾ ਪਾਸਪੋਰਟ ਬਣਾ ਕੇ ਬੋਲੀਵੀਆ ਹੁੰਦੇ ਹੋਏ ਅਰਜਨਟੀਨਾ ਪਹੁੰਚ ਗਏ। ਜਿੱਥੇ ਉਹਨਾਂ ਰੇਲਵੇ ਵਿੱਚ ਨੌਕਰੀ ਕੀਤੀ। 1928 ਵਿੱਚ ਉਹਨਾਂ ਦੀ ਮੁਲਾਕਾਤ ਗਦਰੀ ਬਾਬਾ ਰਤਨ ਸਿੰਘ ਘੋਲੀਆ ਕਲਾਂ ਅਤੇ ਈਸਰ ਸਿੰਘ ਢੁੱਡੀਕੇ ਨਾਲ ਹੋਈ। ਇੱਥੋਂ ਹੀ ਉਹਨਾਂ ਦਾ ਬਚਨ ਸਿੰਘ ਤੋਂ ਗਦਰੀ ਬਾਬਾ ਬਚਨ ਸਿੰਘ ਘੋਲੀਆ ਬਣਨ ਦਾ ਸਫਰ ਸ਼ੁਰੂ ਹੋਇਆ। ਬਾਬਾ ਭਗਤ ਸਿੰਘ ਬਿਲਗਾ ਨਾਲ ਵੀ ਉਹਨਾਂ ਦਾ ਮੇਲ ਇੱਥੇ ਹੀ ਹੋਇਆ। 1915 ਵਿੱਚ ਗਦਾਰਾਂ ਵੱਲੋਂ ਕੀਤੀ ਗਦਾਰੀ ਕਾਰਨ ਅਸਫਲ ਹੋਏ ਗਦਰ ਨੂੰ ਬਚੇ ਹੋਏ ਗਦਰੀ ਦੁਬਾਰਾ ਕਰਨ ਦੀ ਫਿਰਾਕ ਵਿੱਚ ਸਨ। ਗਦਰੀਆਂ 1917 ਦੇ ਰੂਸੀ ਇਨਕਲਾਬ ਦੀ ਤਰਜ਼ ਵਾਲਾ, ਕਿਰਤ ਦੀ ਸਰਦਾਰੀ ਵਾਲਾ ਦੇਸ਼ ਬਣਾਉਣ ਲਈ ਹਥਿਆਰਬੰਦ ਸੰਘਰਸ਼ ਰਾਹੀਂ ਬਰਤਾਨਵੀ ਸਾਮਰਾਜ ਦੀਆਂ ਜੜ੍ਹਾਂ ਉਖਾੜ ਕੇ ਸੁੱਟਣ ਲਈ ਲਾਮਬੰਦੀ ਕਰ ਰਹੇ ਸਨ । 1929 ਵਿੱਚ ਤੇਜਾ ਸਿੰਘ ਸੁਤੰਤਰ ਵੀ ਕੈਨੇਡਾ ਤੋਂ ਅਮਰੀਕਾ ਵਿੱਚ ਗਦਰ ਪਾਰਟੀ ਨੂੰ ਨਵੇਂ ਸਿਰਿਉਂ ਜਥੇਬੰਦ ਕਰਨ ਪਹੁੰਚ ਗਏ ਸਨ। ਉਸ ਸਮੇਂ ਅਰਜਨਟੀਨਾ ਵਿੱਚ ਵਸਦੇ ਤਕਰੀਬਨ 600 ਭਾਰਤੀ ਉਹਨਾਂ ਨੂੰ ਵੱਡੀ ਮਾਤਰਾ ਵਿੱਚ ਮਾਲੀ ਮਦਦ ਦਿਆ ਕਰਦੇ ਸਨ। 1930 ਵਿੱਚ ਤੇਜਾ ਸਿੰਘ ਸੁਤੰਤਰ ਦੇ ਦਿੱਤੇ ਹੌਸਲੇ ਤੇ ਪ੍ਰੇਰਨਾ ਕਰਕੇ ਬਾਬਾ ਬਚਨ ਸਿੰਘ ਘੋਲੀਆ ਨੂੰ ਗਦਰ ਪਾਰਟੀ ਦਾ ਖਜ਼ਾਨਚੀ ਨਿਯੁਕਤ ਕੀਤਾ ਗਿਆ। 3 ਸਾਲ ਇਸ ਅਹੁਦੇ 'ਤੇ ਰਹਿ ਕੇ ਉਹਨਾਂ ਆਪਣੀ ਡਿਊਟੀ ਇਮਾਨਦਾਰੀ ਤੇ ਸ਼ਾਨਦਾਰ ਤਰੀਕੇ ਨਾਲ ਨਿਭਾਈ। ਇਸੇ ਦੌਰਾਨ ਹੀ ਉਹ ਗਦਰ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਵੀ ਚੁਣੇ ਗਏ। ਤੇਜਾ ਸਿੰਘ ਸੁਤੰਤਰ ਨੇ ਇਹਨਾਂ ਨੂੰ ਤਿੰਨ ਮੈਂਬਰੀ ਕਮਿਸ਼ਨ ਦਾ ਮੈਂਬਰ ਨਿਯੁਕਤ ਕੀਤਾ ਸੀ। ਇਸ ਕਮਿਸ਼ਨ ਦਾ ਮੁੱਖ ਕੰਮ ਯੋਗ ਵਿਅਕਤੀਆਂ ਦੀ ਚੋਣ ਕਰਕੇ ਰੂਸ ਵਿਖੇ ਮਾਰਕਸਵਾਦ ਦੀ ਸਿੱਖਿਆ ਲੈਣ ਲਈ ਭੇਜਣਾ ਹੁੰਦਾ ਸੀ। 1934 ਵਿੱਚ ਉਹ ਮਾਸਕੋ ਵਿਖੇ ਮਾਰਕਸਵਾਦੀ ਵਿਚਾਰਧਾਰਾ ਦੀ ਟ੍ਰੇਨਿੰਗ ਲਈ ਬਚਨ ਸਿੰਘ ਤਖਾਣਵੱਧ, ਕਿਹਰ ਸਿੰਘ ਮਾਹਲਾ ਕਲਾਂ, ਅਮਰ ਸਿੰਘ ਜੰਡਿਆਲਾ, ਜਵਾਲਾ ਸਿੰਘ, ਕਰਤਾਰ ਸਿੰਘ ਮੂਸਾਪੁਰ ਅਤੇ ਸਰਬੰਸ ਸਿੰਘ ਬੰਡਾਲਾ ਸਮੇਤ ਗਏ। 3 ਸਾਲ ਦੀ ਟ੍ਰੇਨਿੰਗ ਕਰਕੇ ਉਹ 16 ਮਾਰਚ 1937 ਨੂੰ ਮੁੰਬਈ (ਭਾਰਤ) ਪਹੁੰਚ ਗਏ। ਇੱਕ ਹਫਤੇ ਅੰਦਰ ਹੀ ਇਹਨਾਂ ਨੂੰ ਅੰਗਰੇਜ਼ ਹਕੂਮਤ ਨੇ ਗ੍ਰਿਫਤਾਰ ਕਰ ਲਿਆ ਤੇ ਦੋ ਮਹੀਨੇ ਲਾਹੌਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਰੱਖਿਆ। ਰਿਹਾਅ ਹੋਣ ਤੋਂ ਬਾਅਦ ਇਹਨਾਂ ਕਿਸਾਨ ਸਭਾ ਲਈ ਕੰਮ ਕਰਨਾ ਸ਼ੁਰੂ ਕੀਤਾ। 1937 ਵਿੱਚ ਹੀ ਪਿੰਡ ਦੌਧਰ ਵਿੱਚ ਭਾਰੀ ਕਿਸਾਨ ਕਾਨਫਰੰਸ ਹੋਈ, ਜਿਸ ਕਾਰਨ ਇਹਨਾਂ ਦਾ ਨਾਂਅ ਪੂਰੇ ਇਲਾਕੇ ਵਿੱਚ ਮਸ਼ਹੂਰ ਹੋ ਗਿਆ। ਇਸੇ ਦੌਰਾਨ ਹੀ ਇਹਨਾਂ ਮਿੰਟਗੁਮਰੀ ਇਲਾਕੇ ਵਿੱਚ ਮੁਜ਼ਾਰਾ ਲਹਿਰ ਨੂੰ ਮਜ਼ਬੂਤ ਅਤੇ ਜਥੇਬੰਦ ਕੀਤਾ। ਇਸ ਲਹਿਰ ਨੇ ਹੀ ਕਾਮਰੇਡ ਵਧਾਵਾ ਰਾਮ ਵਰਗੇ ਆਗੂ ਪੈਦਾ ਕੀਤੇ । ਬਾਬਾ ਬਚਨ ਸਿੰਘ ਘੋਲੀਆ ਨੇ ਇਸ ਇਲਾਕੇ ਵਿੱਚ ਕਮਿਊਨਿਸਟ ਪਾਰਟੀ ਦੀ ਵੀ ਨੀਂਹ ਰੱਖੀ।

ਦੂਜੀ ਸੰਸਾਰ ਜੰਗ ਦੇ ਸ਼ੁਰੂ ਹੁੰਦੇ ਸਾਰ ਹੀ ਇਹ ਰੂਪੋਸ਼ ਹੋ ਕੇ ਕੰਮ ਕਰਦੇ ਰਹੇ। ਇਹਨਾਂ ਨੂੰ 1948 ਵਿੱਚ ਭਾਰਤੀ ਹਕੂਮਤ ਵੱਲੋਂ ਕਮਿਊਨਿਸਟ ਪਾਰਟੀ 'ਤੇ ਪਾਬੰਦੀ ਲਾ ਦਿੱਤੀ ਗਈ ਅਤੇ ਹਜ਼ਾਰਾਂ ਕਮਿਊਨਿਸਟ ਵਰਕਰਾਂ ਸਮੇਤ ਇਨ੍ਹਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਤੇ ਦੋ ਸਾਲ ਅੰਬਾਲਾ ਜੇਲ੍ਹ ਵਿੱਚ ਨਜ਼ਰਬੰਦ ਰੱਖਿਆ ਗਿਆ। ਉਸ ਤੋਂ ਬਾਅਦ ਛੇ ਮਹੀਨੇ ਪਿੰਡ ਵਿੱਚ ਹੀ ਜੂਹਬੰਦ ਰੱਖਿਆ ਗਿਆ । 1952 ਵਿੱਚ ਉਹ ਪਹਿਲੀਆਂ ਆਮ ਚੋਣਾਂ ਵਿੱਚ ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਤੋਂ ਐੱਮ.ਐੱਲ.ਏ ਚੁਣੇ ਗਏ। ਇਸ ਸਮੇਂ ਦੌਰਾਨ ਉਹ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਮਜ਼ਦੂਰਾਂ, ਕਿਸਾਨਾਂ ਤੇ ਆਮ ਲੋਕਾਂ ਦੇ ਹਿੱਤਾਂ ਲਈ ਕੰਮ ਕਰਦੇ ਰਹੇ। ਪੰਜਾਬ ਵਿੱਚ ਉਸ ਸਮੇਂ ਕਈ ਕਬੀਲਿਆਂ ਨੂੰ ਜਮਾਂਦਰੂ ਜਰਾਇਮਪੇਸ਼ਾ ਕਰਾਰ ਦਿੱਤਾ ਹੋਇਆ ਸੀ। ਜਿਵੇਂ ਕਿ ਬੌਰੀਆ ਕਬੀਲੇ ਦੇ ਜੰਮਦੇ ਬੱਚੇ ਨੂੰ ਹੀ 10 ਨੰਬਰੀ ਕਰਾਰ ਦਿੱਤਾ ਜਾਂਦਾ ਸੀ। ਬਾਬਾ ਜੀ ਤੇ ਉਸ ਦੇ ਸਾਥੀਆਂ ਨੇ ਇਸ ਲਾਹਨਤ ਵਿਰੁੱਧ ਸੰਘਰਸ਼ ਕਰਕੇ ਇਸ ਨੂੰ ਖਤਮ ਕਰਵਾਇਆ, ਪਿੰਡ ਦੇ ਪ੍ਰਾਇਮਰੀ ਸਕੂਲ ਨੂੰ ਮਿਡਲ ਅਤੇ ਫਿਰ ਹਾਈ ਤੱਕ ਅੱਪਗ੍ਰੇਡ ਕਰਵਾਇਆ, ਲੋੜਵੰਦਾਂ ਨੂੰ ਘਰਾਂ ਲਈ ਗਰਾਂਟ ਦਿਵਾਉਣ, ਘੰਟਾ ਘਰ ਦੀ ਉਸਾਰੀ ਕਰਵਾਉਣ, ਸਕੂਲ ਵਿੱਚ ਹਾਲ ਕਮਰੇ ਦੀ ਉਸਾਰੀ, ਡਰੇਨ ਦਾ ਕੰਮ ਨੇਪਰੇ ਚਾੜ੍ਹਨ ਆਦਿ ਕੰਮ ਜ਼ਿਕਰਯੋਗ ਹਨ। ਇਸ ਅਰਸੇ ਦੌਰਾਨ ਬੀਬੀ ਪ੍ਰਤਾਪ ਕੌਰ ਨੇ ਵੀ ਇਹਨਾਂ ਦਾ ਪੂਰਾ ਸਾਥ ਦਿੱਤਾ, ਉਸ ਨੇ ਇਹਨਾਂ ਦੀ ਗੈਰ-ਹਾਜ਼ਰੀ ਵਿੱਚ ਘਰ ਦੀ ਪੂਰੀ ਜ਼ਿੰਮੇਵਾਰੀ ਨਿਭਾਈ। ਇਹਨਾਂ ਦੇ ਵੱਡੇ ਪੁੱਤਰ ਜਗਮੇਲ ਸਿੰਘ ਨੂੰ ਆਜ਼ਾਦ ਹਿੰਦ ਫੌਜ ਵਿੱਚ ਸੁਭਾਸ਼ ਚੰਦਰ ਬੋਸ ਦੀ ਹਾਜ਼ਰੀ ਵਿੱਚ ਲੈਫਟੀਨੈਂਟ ਦਾ ਅਹੁਦਾ ਦਿੱਤਾ ਗਿਆ ਤੇ ਇਹਨਾਂ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਲਿਆ। ਇਸ ਪਰਵਾਰ ਨੂੰ ਇਸ ਗੱਲ ਦਾ ਮਾਣ ਹੈ ਕਿ ਇਸ ਦੇ ਦੋ ਮੈਂਬਰਾਂ ਬਚਨ ਸਿੰਘ ਘੋਲੀਆ ਤੇ ਉਹਨਾਂ ਦੇ ਪੁੱਤਰ ਜਗਮੇਲ ਸਿੰਘ ਨੂੰ ਇਕੱਠਿਆਂ ਹੀ ਸਰਕਾਰ ਵੱਲੋਂ ਤਾਮਰ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਬਾਬਾ ਜੀ ਦੇ ਦੂਜੇ ਲੜਕੇ ਹਰਦੇਵ ਸਿੰਘ ਨੇ ਫੌਜ ਵਿੱਚ 1965 ਅਤੇ 1971 ਦੀ ਲੜਾਈ ਵਿੱਚ ਦੇਸ਼ ਦੀ ਰਾਖੀ ਲਈ ਵਧ-ਚੜ੍ਹ ਕੇ ਹਿੱਸਾ ਲਿਆ, ਜਿਹੜੇ ਕਿ ਫੌਜ ਵਿੱਚੋਂ ਕਰਨਲ ਦੇ ਅਹੁਦੇ ਤੋਂ ਰਿਟਾਇਰ ਹੋਏ। ਛੋਟੇ ਲੜਕੇ ਜਸਮੇਰ ਸਿੰਘ ਨੇ ਵੀ ਘਰ ਦੀਆਂ ਜ਼ਿੰਮੇਵਾਰੀਆਂ ਸੰਭਾਲੀਆਂ ਅਤੇ ਬਾਬਾ ਬਚਨ ਸਿੰਘ ਘੋਲੀਆ ਵੱਲੋਂ ਛੇੜੇ ਸੰਘਰਸ਼ ਵਿੱਚ ਆਪਣਾ ਪੂਰਾ ਯੋਗਦਾਨ ਪਾਇਆ। ਬਾਬਾ ਜੀ ਦਾ ਪੂਰਾ ਜੀਵਨ ਪ੍ਰੇਰਨਾ-ਸਰੋਤ ਹੈ। ਉਹਨਾਂ ਆਪਣੀ ਸਾਰੀ ਜ਼ਿੰਦਗੀ ਗਰੀਬਾਂ, ਮਜ਼ਦੂਰਾਂ, ਮਜ਼ਲੂਮਾਂ, ਨਿੱਕੇ ਦੁਕਾਨਦਾਰ ਅਤੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਲਾ ਦਿੱਤੀ। ਅੰਤ ਉਹ ਨਵੰਬਰ 1983 ਨੂੰ ਆਪਣਾ ਜੀਵਨ ਸਫਰ ਪੂਰਾ ਕਰਦੇ ਹੋਏ ਸਦਾ ਲਈ ਸਾਡੇ ਤੋਂ ਵਿੱਛੜ ਗਏ। ਅੱਜ ਜਦੋਂ ਕਿਰਤ ਕਰਨ ਵਾਲਾ ਹਰ ਵਰਗ ਸਮੱਸਿਆਵਾਂ ਵਿੱਚੋਂ ਨਿਕਲਣ ਲਈ ਹੱਥ-ਪੈਰ ਮਾਰਦਾ ਬੇਵੱਸ ਨਜ਼ਰ ਆ ਰਿਹਾ ਹੈ। ਆਪਣੇ ਚੰਗੇ ਭਵਿੱਖ ਲਈ ਦੇਸ਼ 'ਚੋਂ ਬਾਹਰ ਗਏ ਨੌਜਵਾਨਾਂ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆ ਰਿਹਾ ਹੈ, ਉਸ ਮੌਕੇ ਸਿਰਫ ਤੇ ਸਿਰਫ ਬਾਬਾ ਬਚਨ ਸਿੰਘ ਘੋਲੀਆ ਦੀ ਵਿਚਾਰਧਾਰਾ ਅਨੁਸਾਰ ਉਸਾਰਿਆ ਸਮਾਜਵਾਦੀ ਪ੍ਰਬੰਧ ਹੀ ਲੋਕਾਈ ਨੂੰ ਮੌਜੂਦਾ ਸਰਮਾਏਦਾਰੀ ਪ੍ਰਬੰਧ ਦੀਆਂ ਪੈਦਾ ਕੀਤੀਆਂ ਮੁਸ਼ਕਲਾਂ ਵਿੱਚੋਂ ਕੱਢ ਸਕਦੀ ਹੈ।

ਇਸ ਮਹਾਨ ਆਗੂ ਨੂੰ ਯਾਦ ਤੇ ਉਹਨਾ ਦੀ ਕੁਰਬਾਨੀ ਨੂੰ ਸਿਜਦਾ ਕਰਨ ਲਈ ਹਰ ਸਾਲ ਦੀ ਤਰ੍ਹਾਂ ਅੱਜ ਉਹਨਾਂ ਦੀ ਬਰਸੀ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ, ਪਰਵਾਰ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਉਹਨਾਂ ਦੇ ਜੱਦੀ ਪਿੰਡ ਘੋਲੀਆ ਖੁਰਦ (ਮੋਗਾ) ਵਿਖੇ ਮਨਾਈ ਜਾ ਰਹੀ ਹੈ।

**# ਸੰਪਰਕ : 94173-01670**

25-NOV-PAGE-5.qxd 11/24/2024 10:42 PM Page 1



# ਮੰਡੀਆਂ 'ਚ ਕਿਸਾਨਾਂ ਦੀ ਲੁੱਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਆਤਮਾ ਸਿੰਘ





**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**

ਦਾਣਾ ਮੰਡੀ ਨਿਹਾਲ ਸਿੰਘ ਵਾਲਾ ਮਾਰਕੀਟ ਕਮੇਟੀ ਦਫਤਰ ਦੇ ਨਜ਼ਦੀਕ ਇੱਕ ਕਿਸਾਨ ਆੜ੍ਹਤੀਏ ਦੀ ਠੱਗੀ ਦਾ ਸ਼ਿਕਾਰ ਹੋ ਰਿਹਾ ਸੀ, ਜਦੋਂ ਇਸ ਦੀ ਭਿਣਕ ਪੱਤਰਕਾਰਾਂ ਨੂੰ ਪਈ ਤਾਂ ਉੱਥੇ ਜਾ ਕੇ ਦੇਖਿਆ ਕਿ ਸ਼ੇਰੇ-ਏ-ਪੰਜਾਬ ਕਿਸਾਨ ਯੂਨੀਅਨ ਦੇ ਆਗੂ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂਰਕੋਟ ਰਣਸੀਂਹ ਤੇ ਸੂਬਾ ਪ੍ਰੈੱਸ ਸਕੱਤਰ ਬਿੱਕਰ ਸਿੰਘ ਰੌਂਤਾ ਤੇ ਹੋਰ ਕਿਸਾਨ ਆਗੂ ਤੇ ਯੂਨੀਅਨ ਦੇ ਆਗੂ ਮੌਜੂਦ ਸਨ।

ਜਦੋਂ ਬਲਕਰਨ ਸਿੰਘ ਪੁੱਤਰ ਨਵਤੇਜ ਸਿੰਘ ਪਿੰਡ ਪਤੋ ਹੀਰਾ ਸਿੰਘ ਨੂੰ ਪੁੱਛਿਆ ਗਿਆ ਕਿ ਤੇਰੀ ਢੇਰੀ ਦੀ ਨਮੀਂ ਕਿੰਨੀ ਹੈ ਤਾਂ ਜਦੋਂ ਨਮੀਂ ਮਾਪਣ ਵਾਲ਼ੀ ਮਸ਼ੀਨ ਮੰਗਾ ਕੇ ਦੇਖਿਆ ਗਿਆ ਤਾਂ ਉਸ ਢੇਰੀ ਦੀ ਨਮੀਂ 16.2% ਆਈ ਤੇ ਕਿਸਾਨ ਬਲਕਰਨ ਸਿੰਘ ਪੁੱਤਰ ਨਵਤੇਜ ਸਿੰਘ ਪੱਤੋ ਹੀਰਾ ਸਿੰਘ ਨੇ ਦੱਸਿਆ ਕਿ ਆੜ੍ਹਤੀਆ 100 ਗੱਟੇ ਮਗਰ 9 ਗੱਟਿਆਂ ਦੀ ਮੰਗ ਕੀਤੀ ਹੈ।ਜੇ ਮਾਰਕੀਟ ਕਮੇਟੀ ਦੇ ਨੱਕ ਹੇਠ ਇਹ ਕੰਮ ਹੁੰਦੇ ਰਹੇ ਤਾਂ ਕਿੱਥੋਂ ਤੱਕ ਕਿਸਾਨ ਬਰਦਾਸ਼ਤ ਕਰਨਗੇ।ਸਰਕਾਰ ਦੀਆਂ ਹਦਾਇਤਾਂ ਮੁਤਾਬਕ 17% ਨਮੀਂ ਵਾਲਾ ਝੋਨੇ ਦੀ ਖਰੀਦ ਕੀਤੀ ਗਈ ਹੈ, ਜਦਕਿ ਉਸ ਕਿਸਾਨ ਦੇ ਝੋਨੇ ਦੀ ਨਮੀਂ 16.2% ਦੇ ਬਾਵਜੂਦ 100 ਗੱਟੇ ਮਗਰ 9 ਗੱਟੇ ਕੱਟ ਲਾਇਆ ਜਾ ਰਿਹਾ ਸੀ ਤਾਂ ਇਹ ਕਾਲਾ ਬਜ਼ਾਰੀ ਨਹੀਂ ਜਾਂ ਜ਼ਿਮੀਦਾਰ ਨੂੰ ਮਾਰਨ ਵਾਲੀਆਂ ਗੱਲਾਂ ਹਨ ਜਾਂ ਨਹੀਂ ?

ਜਦ ਸੈਕਟਰੀ ਨਿਹਾਲ ਸਿੰਘ ਵਾਲਾ ਨੂੰ ਫੋਨ ਲਗਾਇਆ ਗਿਆ ਤਾਂ ਉਨ੍ਹਾਂ ਨੇ ਫੋਨ ਨਹੀਂ ਚੱਕਿਆ। ਜਦ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਨੇ ਆੜ੍ਹਤੀਏ ਟੋਨੀ ਦੇ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਹੁਣ ਤੁਸੀਂ ਰੌਲਾ ਨਾ ਪਾਓ ਤੇ ਅਸੀਂ ਹੁਣੇ ਹੀ ਝੋਨੇ ਨੂੰ ਕੰਡਾ ਲਵਾ ਦਿੰਦੇ ਹਾਂ ਅਤੇ ਢੇਰੀ ਭਰਵਾ ਦਿੰਦੇ ਹਾਂ ਤਾਂ ਕਿਸਾਨ ਯੂਨੀਅਨ ਦੇ ਮੈਂਬਰਾਂ ਨੇ ਕੋਲੇ ਖੜ ਕੇ ਉਸ ਕਿਸਾਨ ਦੀ ਫ਼ਸਲ ਦੀ ਤੁਲਵਾਈ ਕਰਵਾਈ।ਕਿਸਾਨ ਯੂਨੀਅਨ ਸ਼ੇਰੇ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਬਿੱਕਰ ਸਿੰਘ ਰੌਂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਹੜੀ ਕਿਸਾਨ ਦੀ ਲੁੱਟ ਹੋ ਰਹੀ ਆ, ਉਹ ਸਭ ਏਜੰਸੀ ਦੇ ਅਧਿਕਾਰੀਆਂ ਤੇ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਨਾਲ ਮਿਲੀਭੁਗਤ ਨਾਲ ਹੋ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਬਿੱਕਰ ਸਿੰਘ ਰੌਂਤਾ, ਬਲਾਕ ਪ੍ਰੈੱਸ ਸਕੱਤਰ ਹਰਦੀਪ ਸਿੰਘ ਹੈਪੀ ਧੂਰਕੋਟ ਰਣਸੀਂਹ, ਇਕਾਈ ਪ੍ਰਧਾਨ ਕਰਨੈਲ ਸਿੰਘ ਧੂਰਕੋਟ ਰਣਸੀਂਹ, ਰੇਸ਼ਮ ਸਿੰਘ ਧੂਰਕੋਟ ਰਣਸੀਂਹ, ਸੰਦੀਪ ਸਿੰਘ ਸਨੀ ਧੂਰਕੋਟ ਰਣਸੀਂਹ, ਜੱਸੀ ਬਿਲਾਸਪੁਰ, ਨਿੱਕਾ ਨਿਹਾਲ ਸਿੰਘ ਵਾਲਾ ਹੋਰ ਬਹੁਤ ਸਾਰੇ ਆਗੂ ਤੇ ਕਿਸਾਨ ਵੀਰ ਹਾਜ਼ਰ ਸਨ।

# ਕਾਲੇ ਢਿੱਲੋਂ ਦੀ ਜਿੱਤ ਨੇ ਮੁੱਖ ਮੰਤਰੀ ਦਾ ਕਿਲ੍ਹਾ ਢਾਹਿਆ : ਕਾਂਗੜ

## *ਸਾਬਕਾ ਸਰਪੰਚ ਜੱਗਾ ਭੋਡੀਪੁਰਾ ਤੇ ਪ੍ਰਧਾਨ ਬੂਟਾ ਸਿੱਧੂ ਵੱਲੋਂ ਕਾਲੇ ਢਿੱਲੋਂ ਨੂੰ ਵਧਾਈ*

**ਬਠਿੰਡਾ (ਰਾਜੀਵ ਗੋਇਲ)**-ਸੂਬੇ ਅੰਦਰ ਪਿਛਲੇ ਦਿਨੀਂ ਹੋਈਆਂ ਚਾਰ ਜ਼ਿਮਨੀ ਚੋਣਾਂ ਦੇ ਆਏ ਨਤੀਜਿਆਂ ਵਿੱਚ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਕਾਂਗਰਸੀ ਉਮੀਦਵਾਰ ਕਾਲਾ ਢਿੱਲੋਂ ਦੀ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਤੇ ਵਧਾਈ ਦਿੰਦਿਆਂ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਹੈ ਕਿ ਕਾਲੇ ਢਿੱਲੋਂ ਵੱਲੋਂ ਮੁੱਖ ਮੰਤਰੀ ਤੇ ਸੰਸਦ ਮੈਂਬਰ ਦੋ ਰਾਜਨੀਤਕ ਆਗੂਆਂ ਦੇ ਵਿਰੋਧ ਦਾ ਸਾਹਮਣੇ ਕਰਦੇ ਹੋਏ ਆਪ ਦਾ ਕਿਲ੍ਹਾ ਫਤਹਿ ਕੀਤਾ ਗਿਆ ਹੈ।

ਉਨ੍ਹਾ ਕਿਹਾ ਕਿ ਸੂਬੇ ਅੰਦਰ ਫੈਲ ਰਹੀ ਅਰਾਜਿਕਤਾ ਤੋਂ ਤੰਗ ਸਾਡਾ ਵਪਾਰੀ, ਮਜ਼ਦੂਰ ਤੇ ਕਿਸਾਨ ਆਉਣ ਵਾਲੇ ਸਮੇਂ ਵਿੱਚ ਕਾਂਗਰਸ ਸਰਕਾਰ ਦੀ ਮੰਗ ਕਰ ਰਿਹਾ ਹੈ।ਕਾਲੇ ਢਿੱਲੋਂ ਦੀ ਜਿੱਤ ਨੇ ਇਹ ਸਾਫ ਕਰ ਦਿੱਤਾ ਹੈ ਕਿ ਜਿੱਥੇ ਮੁੱਖ ਮੰਤਰੀ ਸਮੇਤ ਸੰਸਦ ਮੈਂਬਰ ਦਾ ਜ਼ੋਰ ਹੋਣ ਦੇ ਬਾਵਜੂਦ ਲੋਕਾਂ ਵੱਲੋਂ ਕਾਂਗਰਸ ਨੂੰ ਫਤਵਾ ਦਿੱਤਾ ਗਿਆ ਹੈ, ਕਿ ਆਉਣ ਵਾਲਾ ਸਮਾਂ ਕਾਂਗਰਸ ਦਾ ਹੀ ਹੋਵੇਗਾ।ਉਧਰ ਦੂਜੇ ਪਾਸੇ ਭਗਤਾ ਬਲਾਕ ਨਾਲ ਸੰਬੰਧਤ ਤੇ ਸੀਨੀਅਰ ਕਾਂਗਰਸੀ ਆਗੂ ਬੋਡੀਪੁਰਾ ਦੇ ਸਾਬਕਾ ਸਰਪੰਚ ਇੰਦਰਜੀਤ ਸਿੰਘ ਜੱਗਾ ਤੇ ਨਗਰ ਪੰਚਾਇਤ ਭਗਤਾ ਦੇ ਪ੍ਰਧਾਨ ਬੂਟਾ ਸਿੰਘ ਸਿੱਧੂ ਵੱਲੋਂ ਵੀ ਕਾਲੇ ਢਿੱਲੋਂ ਨੂੰ ਵਧਾਈ ਦਾ ਪਾਤਰ ਦੱਸਿਆ ਗਿਆ ਹੈ।ਇਸ ਮੌਕੇ ਰਾਮਪੁਰਾ ਫੂਲ ਹਲਕੇ ਦੇ ਸਮੂਹ ਕਾਂਗਰਸੀ ਆਗੂ ਹਾਜ਼ਰ ਸਨ।



ਸਾਬਕਾ ਵਜ਼ੀਰ ਕਾਂਗੜ, ਵਿਧਾਇਕ ਕਾਲਾ ਢਿੱਲੋਂ, ਸਾਬਕਾ ਸਰਪੰਚ ਇੰਦਰਜੀਤ ਸਿੰਘ ਜੱਗਾ ਤੇ ਪ੍ਰਧਾਨ ਬੂਟਾ ਸਿੱਧੂ ਦੀ ਤਸਵੀਰ।

# ਡਰੋਨ ਪਾਇਲਟ ਬਣ ਕੇ ਖੇਤਾਂ 'ਚ ਸਪਰੇਅ ਕਰੇਗੀ ਸਵੱਦੀ ਕਲਾਂ ਦੀ ਅਰਵਿੰਦਰ ਕੌਰ

**• ਘੰਟਿਆਂ ਬੱਧੀ ਹੋਣ ਵਾਲਾ ਕੰਮ ਹੁਣ ਹੋਵੇਗਾ ਮਹਿਜ਼ 7 ਮਿੰਟ ਵਿੱਚ • ਹੋਰਨਾਂ ਔਰਤਾਂ ਲਈ ਵੀ ਸਫ਼ਲਤਾ ਦੇ ਰਾਹ ਖੋਲ੍ਹੇ**

**ਲੁਧਿਆਣਾ (ਐੱਮ ਐੱਸ ਭਾਟੀਆ)**

ਮਹਿਲਾ ਸਸ਼ਕਤੀਕਰਨ ਵੱਲ ਆਪਣੇ ਕਦਮ ਨੂੰ ਵਧਾਉਂਦਿਆਂ ਪਿੰਡ ਸਵੱਦੀ ਕਲਾਂ ਦੀ ਅਗਾਂਹਵਧੂ ਔਰਤ ਅਰਵਿੰਦਰ ਕੌਰ ਨੇ ਡਰੋਨ ਪਾਇਲਟ ਬਣ ਕੇ ਹੋਰਨਾਂ ਔਰਤਾਂ ਲਈ ਵੀ ਸਫ਼ਲਤਾ ਦੇ ਰਾਹ ਖੋਲ੍ਹ ਦਿੱਤੇ ਹਨ। ਅਰਵਿੰਦਰ ਕੌਰ ਆਪਣੇ ਇਲਾਕੇ ਦੀ ਪਹਿਲੀ ਮਹਿਲਾ ਡਰੋਨ ਪਾਇਲਟ ਬਣ ਗਈ ਹੈ।ਇਸ ਦੇ ਲਈ ਉਸ ਨੇ ਬਾਕਾਇਦਾ ਚੰਬਲ ਫਰਟੀਲਾਈਜ਼ਰ ਕੰਪਨੀ ਰਾਹੀਂ ਇਫਕੋ ਤੋਂ ਟ੍ਰੇਨਿੰਗ ਲਈ, ਜਿਸ ਤੋਂ ਬਾਅਦ ਉਸ ਨੂੰ ਕੰਪਨੀ ਵੱਲੋਂ ਫਸਲਾਂ ਉੱਤੇ ਸਪਰੇਅ ਕਰਨ ਵਾਲਾ ਡਰੋਨ ਵੀ ਦਿੱਤਾ ਗਿਆ, ਜਿਸ ਨਾਲ ਉਹ ਇਲਾਕੇ ਵੀ ਕਿਸਾਨਾਂ ਦੇ ਖੇਤਾਂ ਵਿੱਚ ਡਰੋਨ ਰਾਹੀਂ ਦਵਾਈ ਸਪਰੇਅ ਕਰਕੇ ਪ੍ਰਸਿੱਧੀ ਹਾਸਲ ਕਰ ਰਹੀ ਹੈ। ਅਰਵਿੰਦਰ ਕੌਰ ਪਤਨੀ ਜਗਰੂਪ ਸਿੰਘ ਨੇ ਦੱਸਿਆ ਕਿ ਡਰੋਨ ਸਪਰੇਅ ਤਕਨੀਕ ਖੇਤੀਬਾੜੀ ਕਿੱਤੇ ਲਈ ਕ੍ਰਾਂਤੀਕਾਰੀ ਕਦਮ ਹੈ, ਜਿਸ ਨੂੰ ਵੱਧ ਤੋਂ ਵੱਧ ਕਿਸਾਨਾਂ ਨੂੰ ਅਪਣਾਉਣਾ ਚਾਹੀਦਾ ਹੈ।ਇਸ ਤਕਨੀਕ ਨਾਲ ਜਿੱਥੇ ਕੀਟਨਾਸ਼ਕ ਦਵਾਈਆਂ ਤੇ ਸਮੇਂ ਦੀ ਬੱਚਤ ਹੋਵੇਗੀ, ਕਿਉਂਕਿ ਡਰੋਨ ਨਾਲ ਇੱਕ ਏਕੜ ਫਸਲ 'ਤੇ ਸਿਰਫ਼ 7 ਮਿੰਟ ਵਿੱਚ ਦਵਾਈ ਦੀ ਸਪਰੇਅ ਹੁੰਦੀ ਹੈ ਅਤੇ ਝਾੜ ਵਿੱਚ ਵੀ 15 ਫੀਸਦੀ ਤੱਕ ਦਾ ਵਾਧਾ ਹੁੰਦਾ ਹੈ।ਡਰੋਨ ਸਪਰੇਅ ਤਕਨੀਕ ਨਾਲ ਕੀਟਨਾਸ਼ਕ ਦਵਾਈ ਦਾ ਸਿੱਧਾ ਫਸਲ ਦੇ ਪੱਤਿਆਂ 'ਤੇ ਛਿੜਕਾਅ ਹੁੰਦਾ ਹੈ, ਜੋ ਫਸਲ ਲਈ ਲਾਹੇਵੰਦ ਹੁੰਦਾ ਹੈ।

ਅਰਵਿੰਦਰ ਕੌਰ ਨੇ ਦੱਸਿਆ ਉਹ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਅਧੀਨ ਚੱਲਦੇ ਸੈਲਫ ਹੈਲਪ ਗਰੁੱਪ ਨਾਲ ਜੁੜੀ ਹੋਈ ਸੀ।ਇਸ ਗਰੁੱਪ ਦੇ ਮੈਂਬਰ ਵਜੋਂ ਉਸ ਨੂੰ ਬਲਾਕ ਪ੍ਰੋਗਰਾਮ ਮੈਨੇਜਰ ਨਵਦੀਪ ਸਿੰਘ ਨੇ ਇਸ ਡਰੋਨ ਦੀ ਸਿਖਲਾਈ ਲੈਣ ਲਈ ਜਾਗਰੂਕ ਕੀਤਾ, ਜਿਸ ਕਰਕੇ ਇਨ੍ਹਾਂ ਵੱਲੋਂ ਇਸ ਦੀ ਟ੍ਰੇਨਿੰਗ ਲੈਣ ਲਈ ਇੱਛਾ ਜਤਾਈ।ਇਸ ਵਿਭਾਗ ਵੱਲੋਂ ਚੰਬਲ ਫਰਟੀਲਾਈਜ਼ਰ ਕੰਪਨੀ ਦੀ ਮਦਦ ਨਾਲ ਉਸ ਨੂੰ ਗੁੜਗਾਓਂ ਵਿਖੇ ਪੈਂਦੇ ਮਾਨੇਸਰ ਵਿੱਚ ਦਸ ਦਿਨ ਦੀ ਟ੍ਰੇਨਿੰਗ ਲਈ ਭੇਜਿਆ ਗਿਆ।ਇਹ ਸਾਰੀ ਸਿਖਲਾਈ ਭਾਰਤ ਸਰਕਾਰ ਦੇ ਅਦਾਰੇ ਡਾਇਰੈਕਟਰ ਜਨਰਲ ਆਫ਼ ਸਿਵਲ ਐਵੀਏਸ਼ਨ (ਡੀ ਜੀ ਸੀ ਏ) ਟ੍ਰੇਨਿੰਗ ਸੈਂਟਰ ਮਾਨੇਸਰ ਦੁਆਰਾ ਦਿੱਤੀ ਗਈ।ਸਿਖਲਾਈ ਲੈਣ ਉਪਰੰਤ ਪਾਇਲਟ ਨੂੰ ਸਰਟੀਫਿਕੇਟ ਦਿੱਤਾ ਗਿਆ।ਉਨ੍ਹਾ ਕਿਹਾ ਉਸ ਨੂੰ ਇਸ ਖੇਤਰ 'ਚ ਆ ਕੇ ਬਹੁਤ ਖੁਸ਼ੀ ਹੋ ਰਹੀ ਹੈ ਤੇ ਹੋਰ ਔਰਤਾਂ ਨੂੰ ਪਹਿਲ ਕਰਨੀ ਚਾਹੀਦੀ ਹੈ। ਬਲਾਕ ਪ੍ਰੋਗਰਾਮ ਮੈਨੇਜਰ ਨਵਦੀਪ ਸਿੰਘ ਨੇ ਦੱਸਿਆ ਕਿ ਬਲਾਕ ਸਿੱਧਵਾਂ ਬੇਟ ਵਿੱਚ ਅਚਾਰ ਪਾਪੜ, ਵਰਮੀ ਕੰਪੋਸਟ, ਫੁਲਕਾਰੀ, ਸਾਬਣ, ਕੈਂਡਲ, ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ, ਹਲਦੀ ਦੀਆਂ ਪਿੰਨੀਆਂ ਆਦਿ ਵੀ ਸੈਲਫ ਹੈਲਪ ਗਰੁੱਪ ਦੀਆਂ ਔਰਤਾਂ ਬਣਾਉਂਦੀਆਂ ਹਨ ਤੇ ਇਨ੍ਹਾਂ ਦੀ ਅਸੀਂ ਮੇਲੇ ਵਿੱਚ ਸਟਾਲ ਵੀ ਲਗਾਉਂਦੇ ਹਾਂ ਅਤੇ ਅਸੀਂ ਦੁਕਾਨਾਂ ਵਿੱਚ ਵੀ ਸੇਲ ਕਰਵਾਉਂਦੇ ਹਾਂ।ਇਸ ਮੌਕੇ ਸਰਪੰਚ ਜਗਦੀਪ ਸਿੰਘ ਖਾਲਸਾ ਨੇ ਅਰਵਿੰਦਰ ਕੌਰ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਰਵਿੰਦਰ ਕੌਰ ਨੇ ਡਰੋਨ ਉਡਾਉਣ ਦੀ ਸਿਖਲਾਈ ਲੈ ਕੇ ਸਵੱਦੀ ਕਲਾਂ ਦਾ ਨਾਮ ਰੋਸ਼ਨ ਕੀਤਾ ਹੈ।ਇਸ ਨਾਲ ਹੋਰ ਔਰਤਾਂ ਵੀ ਅੱਗੇ ਆਉਣਗੀਆਂ ਤੇ ਉਨ੍ਹਾਂ ਨੂੰ ਇਸ ਨਾਲ ਹੌਸਲਾ ਮਿਲੇਗਾ।



ਡਰੋਨ ਪਾਇਲਟ ਅਰਵਿੰਦਰ ਕੌਰ ਨਾਲ ਬਲਾਕ ਪ੍ਰੋਗਰਾਮ ਮੈਨੇਜਰ ਨਵਦੀਪ ਸਿੰਘ, ਸਰਪੰਚ ਜਗਦੀਪ ਸਿੰਘ ਖਾਲਸਾ, ਸੈਲਫ ਹੈਲਪ ਗਰੁੱਪ ਦੇ ਮੈਂਬਰ ਤੇ ਹੋਰ।

## ਕਾਤਰਾਂ

### ਸੜਕ ਹਾਦਸੇ 'ਚ ਜ਼ਖਮੀ ਦੀ ਇਲਾਜ ਦੌਰਾਨ ਮੌਤ, ਕੇਸ ਦਰਜ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਫ਼ਤਹਿਪੁਰ ਅਰਾਈਆਂ ਨਜ਼ਦੀਕ ਵਾਪਰੇ ਸੜਕ ਹਾਦਸੇ 'ਚ ਗੰਭੀਰ ਜ਼ਖਮੀ ਹੋਏ 60 ਸਾਲਾ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਵਾਸੀ ਪਿੰਡ ਦੇਦੜਾਂ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦੇ ਪਿਤਾ ਰਣਧੀਰ ਸਿੰਘ (60), ਜੋ ਇੱਕ ਮੈਰਿਜ ਪੈਲੇਸ 'ਚ ਸਕਿਓਰਟੀ ਗਾਰਡ ਦੀ ਨੌਕਰੀ ਕਰਦੇ ਸਨ, ਸ਼ਾਮ ਕਰੀਬ ਸਵਾ ਛੇ ਵਜੇ ਡਿਊਟੀ ਖਤਮ ਕਰਕੇ ਆਪਣੀ ਸਕੂਟਰੀ 'ਤੇ ਘਰ ਨੂੰ ਜਾ ਰਹੇ ਸਨ ਤਾਂ ਪਿੰਡ ਫ਼ਤਹਿਪੁਰ ਅਰਾਈਆਂ ਕਰਾਸ ਕਰਨ 'ਤੇ ਸਾਹਮਣੇ ਤੋਂ ਤੇਜ਼ ਰਫ਼ਤਾਰ ਨਾਲ ਗਲਤ ਦਿਸ਼ਾ 'ਚ ਆ ਰਹੇ ਮੋਟਰਸਾਈਕਲ ਚਾਲਕ ਜਿਸ ਦਾ ਕੋਈ ਨਸ਼ਾ ਕੀਤਾ ਹੋਇਆ ਸੀ, ਨੇ ਉਸ ਦੇ ਪਿਤਾ ਦੀ ਸਕੂਟਰੀ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੇ ਪਿਤਾ ਰਣਧੀਰ ਸਿੰਘ ਗੰਭੀਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਪਹਿਲਾਂ ਸੈਕਟਰ 32 ਹਸਪਤਾਲ ਚੰਡੀਗੜ੍ਹ ਤੇ ਫਿਰ ਪੀ.ਜੀ.ਆਈ. ਚੰਡੀਗੜ੍ਹ ਵਿਖੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਮੌਤ ਹੋ ਗਈ।ਗੁਰਪ੍ਰੀਤ ਸਿੰਘ ਦੇ ਬਿਆਨਾਂ 'ਤੇ ਮੋਟਰਸਾਈਕਲ ਦੇ ਕਥਿਤ ਚਾਲਕ ਅਮਨਿੰਦਰ ਸਿੰਘ ਵਾਸੀ ਪਿੰਡ ਜਰਖੇਲਾਂ ਖੇੜੀ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਬਸੀ ਪਠਾਣਾਂ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਕਿਸਾਨ ਅੰਦੋਲਨ ਦੀ ਚੌਥੀ ਵਰ੍ਹੇਗੰਢ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ 'ਚ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ, ਸੀਨੀਅਰ ਮੀਤ ਪ੍ਰਧਾਨ ਗੋਰਾ ਸਿੰਘ ਭੈਣੀ ਬਾਘਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨ ਰਾਮਫਲ ਚੱਕ ਅਲੀਸ਼ੇਰ ਤੇ ਪ੍ਰੈੱਸ ਸਕੱਤਰ ਨਰਿੰਦਰ ਕੌਰ ਬੁਰਜ ਹਮੀਰਾ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਤੇ ਟਰੇਡ ਯੂਨੀਅਨਾਂ ਦੇ ਸੱਦੇ ਤਹਿਤ 26 ਨਵੰਬਰ ਨੂੰ ਦਿੱਲੀ ਕਿਸਾਨ ਅੰਦੋਲਨ ਦੀ ਚੌਥੀ ਵਰ੍ਹੇਗੰਢ ਮੌਕੇ ਡੀ ਸੀ ਦਫਤਰ ਮਾਨਸਾ ਵਿਖੇ ਕਿਸਾਨੀ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ ਜਾਵੇਗਾ, ਜਿਸ ਵਿੱਚ ਝੋਨੇ ਦੀ ਖਰੀਦ, ਅਦਾਇਗੀ ਤੇ ਕਾਟ ਕੱਟਣ ਵਾਲੇ ਆੜ੍ਹਤੀਆਂ 'ਤੇ ਕਾਰਵਾਈ ਤੇ ਲਾਇਸੰਸ ਰੱਦ ਕਰਨ, ਨਮੀਂ ਦੇ ਨਾਂ 'ਤੇ ਕਾਟ ਕੱਟਣ ਵਾਲੇ ਸੈਲਰ ਮਾਲਕਾਂ 'ਤੇ ਕਾਰਵਾਈ, ਪਰਾਲੀ ਦੇ ਪਰਚੇ ਰੱਦ ਕਰਨ, ਪਾਏ ਜੁਰਮਾਨੇ ਰੱਦ ਕਰਨ ਦੀਆਂ ਮੰਗਾਂ ਤੇ ਚਾਰ ਲੇਬਰ ਕੋਡ ਰੱਦ ਕਰਨ,ਠੇਕੇਦਾਰੀ ਸਿਸਟਮ ਬੰਦ ਕਰਨ, ਕਿਸਾਨਾਂ ਮਜ਼ਦੂਰਾਂ ਦਾ ਕਰਜ਼ ਮੁਆਫ ਕਰਨ ਆਦਿ ਮੰਗਾਂ ਸ਼ਾਮਲ ਕੀਤੀਆਂ ਗਈਆਂ ਹਨ। ਪੰਜਾਬ ਕਿਸਾਨ ਯੂਨੀਅਨ ਚੌਥੀ ਵਰ੍ਹੇਗੰਢ ਮੌਕੇ 200 ਵਰਕਰਾਂ ਦੀ ਸ਼ਮੂਲੀਅਤ ਕਰਵਾਏਗੀ ਤੇ 2 ਦਸੰਬਰ ਨੂੰ ਇਨਕਲਾਬੀ ਆਗੂ ਧਰਮ ਸਿੰਘ ਫੱਕਰ ਦੀ ਬਰਸੀ ਮੌਕੇ ਵੀ ਵੱਡੀ ਗਿਣਤੀ ਵਰਕਰ ਸ਼ਾਮਲ ਹੋਣਗੇ। ਇਸ ਸਮੇਂ ਮੀਤ ਪ੍ਰਧਾਨ ਇਕਬਾਲ ਸਿੰਘ ਫਫੜੇ, ਖਜ਼ਾਨਚੀ ਗੁਰਜੰਟ ਸਿੰਘ ਮਾਨਸਾ, ਜ਼ਿਲ੍ਹਾ ਕਮੇਟੀ ਮੈਂਬਰ ਸੁਖਚਰਨ ਦਾਨੇਵਾਲੀਆ, ਨਾਇਬ ਸਿੰਘ ਕੁਲਰੀਆਂ, ਅਮਰੀਕ ਸਿੰਘ ਕੋਟ ਧਰਮੂ, ਜਗਤਾਰ ਸਿੰਘ ਸਹਾਰਨਾ, ਰਣਜੀਤ ਸਿੰਘ ਤਾਮਕੋਟ, ਕਰਨੈਲ ਸਿੰਘ ਮਾਨਸਾ, ਦਰਸ਼ਨ ਮਘਾਣੀਆਂ, ਅਮਰੀਕ ਸਿੰਘ ਮਾਨਸਾ, ਗੁਰਦੀਪ ਸਿੰਘ ਖਿਆਲਾ, ਜਸਪਾਲ ਸਿੰਘ ਉੱਭਾ, ਸੋਮ ਸਿੰਘ ਉੱਭਾ, ਜਰਨੈਲ ਸਿੰਘ ਕੁਲਰੀਆਂ ਹਾਜ਼ਰ ਸਨ।

# ਗੁਰਚਰਨ ਚਾਹਲ ਭੀਖੀ ਦੀ ਯਾਦ ਨੂੰ ਸਮਰਪਤ ਕਹਾਣੀ ਗੋਸ਼ਟੀ

## ਗੁਰਚਰਨ ਭੀਖੀ ਆਪਣੀਆਂ ਕਹਾਣੀਆਂ ਕਰਕੇ ਅੱਜ ਵੀ ਜਿਉਂਦੈ : ਨਿਰੰਜਣ ਬੋਹਾ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਨਵਯੁਗ ਸਾਹਿਤ ਕਲਾ ਮੰਚ ਤੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਮਾਨਸਾ ਵੱਲੋਂ ਸ਼ਹੀਦ ਭਗਤ ਸਿੰਘ ਯਾਦਗਾਰੀ ਲਾਇਬ੍ਰੇਰੀ ਵਿਖੇ ਕਹਾਣੀਕਾਰ ਗੁਰਚਰਨ ਚਾਹਲ ਭੀਖੀ ਦੀ ਯਾਦ ਵਿੱਚ ਕਹਾਣੀ ਗੋਸ਼ਟੀ ਕਰਵਾਈ।ਸਮਾਗਮ ਦੌਰਾਨ ਗੁਰਚਰਨ ਚਾਹਲ ਭੀਖੀ ਤੇ ਮੰਚ ਦੇ ਸਰਪ੍ਰਸਤ ਕੇਵਲ ਸ਼ਾਰਦਾ ਨੂੰ ਸ਼ਰਧਾਂਜਲੀ ਦਿੱਤੀ ਗਈ।ਇਸ ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰਿਤਪਾਲ ਸ਼ਰਮਾ ਸੀਓਓ (ਪੀ.ਬੀ.ਐੱਫ.ਪ੍ਰਾ.ਲਿ.) ਅਲੋਚਕ ਨਿਰੰਜਣ ਬੋਹਾ, ਸ਼ਾਇਰ ਗੁਰਪ੍ਰੀਤ, ਅਲੋਚਕ ਡਾ. ਕੁਲਦੀਪ ਚੌਹਾਨ ਤੇ ਮੰਚ ਦੇ ਪ੍ਰਧਾਨ ਕਹਾਣੀਕਾਰ ਭੁਪਿੰਦਰ ਫ਼ੌਜੀ ਸ਼ਾਮਲ ਹੋਏ।ਕਾ. ਗੁਰਨਾਮ ਭੀਖੀ ਨੇ ਗੁਰਚਰਨ ਚਾਹਲ ਭੀਖੀ ਦੇ ਜੀਵਨ ਤੇ ਲਿਖਤਾਂ ਬਾਰੇ ਚਾਨਣ ਪਾਇਆ।ਕਹਾਣੀ ਪਾਠ ਅਮਨ ਮਾਨਸਾ ਨੇ ਆਪਣੀ ਕਹਾਣੀ 'ਆਪਣਾ ਖ਼ਿਆਲ ਰੱਖੀਂ', ਜਗਦੀਸ਼ ਰਾਏ ਕੁਲਰੀਆਂ ਨੇ 'ਜ਼ਿੰਦਗੀ' ਤੇ ਪ੍ਰਸਿੱਧ ਨਾਵਲਕਾਰ ਪਰਗਟ ਸਿੰਘ ਸਤੌਜ ਨੇ 'ਬਾਲਦ ਮੰਗੂ ਉਰਫ਼ ਮੰਗਲ ਸਿੰਘ' ਦਾ ਪਾਠ ਕੀਤਾ।ਸ਼ਾਇਰ ਗੁਰਪ੍ਰੀਤ ਨੇ ਕਿਹਾ ਕਿ ਨਵਯੁਗ ਸਾਹਿਤ ਕਲਾ ਮੰਚ ਦਾ ਇਹ ਬਹੁਤ ਵੱਡਾ ਉਪਰਾਲਾ ਹੈ, ਜੋ ਅੱਜ ਵੀ ਚਾਰ ਦਹਾਕੇ ਬੀਤ ਜਾਣ ਤੋਂ ਬਾਅਦ ਗੁਰਚਰਨ ਚਾਹਲ ਨੂੰ ਯਾਦ ਕੀਤਾ ਜਾ ਰਿਹਾ ਹੈ, ਉਹ ਵੀ ਸਾਹਿਤ ਪ੍ਰੋਗਰਾਮ ਜ਼ਰੀਏ ਇਹ ਇੱਕ ਲੇਖਕ ਦਾ ਹਾਸਿਲ ਹੈ।ਅਲੋਚਕ ਡਾ. ਕੁਲਦੀਪ ਚੌਹਾਨ ਨੇ ਤਿੰਨਾਂ ਕਹਾਣੀਆਂ 'ਤੇ ਬੇਵਾਕ ਟਿੱਪਣੀਆਂ ਕਰਦਿਆਂ ਕਿਹਾ ਕਿ ਮੰਚ ਲੰਬੇ ਸਮੇਂ ਤੋਂ ਕਹਾਣੀ ਉਪਰ ਚਰਚਾ ਕਰਵਾਉਂਦਾ ਆ ਰਿਹਾ ਹੈ।ਇਸ ਚਰਚਾ ਵਿੱਚ ਭਾਗ ਲੈਣ ਵਾਲੇ ਅੱਜ ਪੰਜਾਬੀ ਕਹਾਣੀ ਦੇ ਸਿਰਮੌਰ ਕਹਾਣੀਕਾਰ ਹਨ।ਮੰਚ ਸੰਚਾਲਨ ਅਮਰੀਕ ਭੀਖੀ ਨੇ ਬਾਖੂਬੀ ਨਿਭਾਇਆ।ਇਸ ਮੌਕੇ ਐੱਸਡੀਓ ਰਾਜਿੰਦਰ ਰੋਹੀ, ਇੰਜ. ਲੱਖਾ ਸਿੰਘ, ਵਿਨੋਦ ਕੁਮਾਰ ਸਿੰਗਲਾ, ਰਾਜਿੰਦਰ ਜਾਫਰੀ, ਮਾ. ਬੂਟਾ ਸਿੰਘ, ਅਵਤਾਰ ਸਿੰਘ, ਕਾ. ਧਰਮਪਾਲ ਨੀਟਾ, ਕਾ. ਬਲਦੇਵ ਭੀਖੀ, ਡਾ. ਭਰਭੂਰ ਮੰਨਣ, ਕਪੂਰ ਚੰਦ, ਗੁਰਪ੍ਰੀਤ ਸਿੰਘ ਘੁੱਦਾ, ਹਰਵਿੰਦਰ ਭੀਖੀ, ਕ੍ਰਿਸ਼ਨ ਮਾਨ ਬੀਬੜੀਆਂ, ਜਸਪਾਲ ਅਤਲਾ, ਬਲਕਾਰ ਅਤਲਾ, ਵੈਦ ਕੁਲਦੀਪ ਸਿੰਘ, ਨਵਜੋਤ ਰੋਹੀ, ਸ਼ਾਇਰ ਸਤ-ਔਜ, ਬਲਵਿੰਦਰ ਸਿੰਘ ਡੀਪੀਆਈ, ਸੰਦੀਪ ਮਹਿਤਾ, ਪ੍ਰਿੰਸ ਜਿੰਦਲ, ਐਡਵੋਕੇਟ ਮਹਿਬੂਬ ਅਲੀ ਚੌਹਾਨ ਆਦਿ ਹਾਜ਼ਰ ਸਨ।

# ਜਬਰ ਦਾ ਰਾਹ ਛੱਡ ਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨੇ ਸਰਕਾਰ : ਡੀ ਟੀ ਐੱਫ



**ਨਿਹਾਲ ਸਿੰਘ ਵਾਲ਼ਾ (ਲਵਲੀ ਮਾਛੀਕੇ)**-ਭਾਰਤ ਤੇ ਪੰਜਾਬ ਦੀ ਹਕੂਮਤ ਵੱਲੋਂ ਕਾਰਪਰੇਟਾਂ ਨੂੰ ਕੌਡੀਆਂ ਦੇ ਭਾਅ ਜ਼ਮੀਨਾਂ ਤੇ ਸਰਕਾਰੀ ਅਦਾਰੇ ਵੇਚਣ ਦੀ ਧੁੱਸ ਦਿੱਤੀ ਹੋਈ ਹੈ, ਜਿਸ ਦੇ ਤਹਿਤ ਕਿਸਾਨਾਂ ਵੱਲੋਂ ਜ਼ਮੀਨ ਦਾ ਉਚਿਤ ਭਾਅ ਲੈਣ ਲਈ ਚੱਲ ਰਹੇ ਮੋਰਚਿਆਂ ਨੂੰ ਉਖਾੜ ਕੇ ਤੇ ਕਿਸਾਨਾਂ ਦੀ ਗ੍ਰਿਫਤਾਰੀ ਕਰਕੇ ਜਬਰੀ ਉਨ੍ਹਾਂ ਦੀਆਂ ਜ਼ਮੀਨਾਂ ਵਾਹ ਦਿੱਤੀਆਂ ਗਈਆਂ।ਬਠਿੰਡਾ ਜ਼ਿਲ੍ਹੇ ਦੇ ਸੰਗਤ ਬਲਾਕ ਦੇ ਦੋ ਪਿੰਡਾਂ ਦੁੰਨੇਕੇ ਤੇ ਸ਼ੇਰਗੜ੍ਹ ਵਿਖੇ ਜ਼ਮੀਨਾਂ 'ਤੇ ਜਬਰੀ ਕਬਜ਼ੇ ਨੂੰ ਰੋਕਣ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਵਿੱਚ ਜ਼ਮੀਨਾਂ ਬਚਾਉਣ ਲਈ ਜਾ ਰਹੇ ਲੋਕਾਂ 'ਤੇ ਅੰਨ੍ਹੇਵਾਹ ਲਾਠੀਚਾਰਜ ਕੀਤਾ ਗਿਆ ਅਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ।

ਇਸ ਦੀ ਡੈਮੋਕ੍ਰੇਟਿਕ ਟੀਚਰ ਫਰੰਟ ਬਲਾਕ ਨਿਹਾਲ ਸਿੰਘ ਵਾਲ਼ਾ ਵੱਲੋਂ ਜ਼ੋਰਦਾਰ ਨਿਖੇਧੀ ਕੀਤੀ ਜਾਂਦੀ ਹੈ ਤੇ ਮੰਗ ਕੀਤੀ ਜਾਂਦੀ ਹੈ ਕਿ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨੀਆਂ ਜਾਣ, ਕਾਰਪਰੇਟਾਂ ਨੂੰ ਕੌਡੀਆਂ ਦੇ ਭਾਅ ਜ਼ਮੀਨਾਂ ਦਿਵਾਉਣੀਆਂ ਬੰਦ ਕੀਤੀਆਂ ਜਾਣ ਤੇ ਜਬਰ ਕਰਨਾ ਬੰਦ ਕੀਤਾ ਜਾਵੇ।ਉਕਤ ਵਿਚਾਰ ਡੀ ਟੀ ਐੱਫ ਨਿਹਾਲ ਸਿੰਘ ਵਾਲ਼ਾ ਦੇ ਪ੍ਰਧਾਨ ਅਮਨਦੀਪ ਮਾਛੀਕੇ, ਸਕੱਤਰ ਗੁਰਮੀਤ ਝੋਰੜਾਂ ਤੇ ਵਿੱਤ ਸਕੱਤਰ ਜਸਵੀਰ ਸੈਦੋਕੇ ਵੱਲੋਂ ਪੇਸ਼ ਕੀਤੇ ਗਏ।ਇਸ ਸਮੇਂ ਬਲਾਕ ਨਿਹਾਲ ਸਿੰਘ ਵਾਲ਼ਾ ਦੇ ਮੀਤ ਪ੍ਰਧਾਨ ਸੁਖਜੀਤ ਕੁੱਸਾ, ਸੁਖਮੰਦਰ ਨਿਹਾਲ ਸਿੰਘ ਵਾਲ਼ਾ, ਕਮੇਟੀ ਮੈਂਬਰ ਕੁਲਵਿੰਦਰ ਚੁੱਘੇ, ਨਵਦੀਪ ਧੂੜਕੋਟ ਹਾਜ਼ਰ ਸਨ।

# ਕੈਬਨਿਟ ਮੰਤਰੀ ਚੀਮਾ ਵੱਲੋਂ ਛਾਜਲੀ-ਨੰਗਲਾ ਸੜਕ ਦਾ ਉਦਘਾਟਨ



**ਸੰਗਰੂਰ/ਦਿੜ੍ਹਬਾ (ਪ੍ਰਵੀਨ ਸਿੰਘ)**-ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਿੰਡ ਛਾਜਲੀ ਤੋਂ ਨੰਗਲਾ ਤੱਕ ਸੜਕ ਨੂੰ 18 ਫੁੱਟ ਚੌੜਾ ਕਰਕੇ ਅੱਪਗ੍ਰੇਡ ਕਰਨ ਮਗਰੋਂ ਰਸਮੀ ਉਦਘਾਟਨ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਸੂਬੇ ਦੇ ਹਰ ਪਿੰਡ, ਕਸਬੇ ਤੇ ਸ਼ਹਿਰ ਦੇ ਨਿਵਾਸੀਆਂ ਦੀਆਂ ਜ਼ਰੂਰਤਾਂ ਤੋਂ ਭਲੀ-ਭਾਂਤ ਜਾਣੂ ਹੈ ਤੇ ਪਿਛਲੇ ਕਰੀਬ ਪੌਣੇ ਤਿੰਨ ਸਾਲਾਂ ਤੋਂ ਸੂਬੇ ਦੇ ਹਰ ਹਿੱਸੇ ਵਿੱਚ ਵਿਕਾਸ ਕਾਰਜਾਂ ਦੀ ਹਨੇਰੀ ਚੱਲ ਰਹੀ ਹੈ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਦਿੜ੍ਹਬਾ ਅਧੀਨ ਆਉਂਦੇ ਹਰ ਖੇਤਰ ਦੀ ਦਿੱਖ ਨੂੰ ਸੰਵਾਰਨ ਤੇ ਇਥੇ ਵਸਦੇ ਨਾਗਰਿਕਾਂ ਦੀ ਹਰ ਜ਼ਰੂਰਤ ਨੂੰ ਤਰਜੀਹ ਦੇ ਆਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ, ਜਿਸ ਦੇ ਚਲਦਿਆਂ ਪਿੰਡਾਂ ਨੂੰ ਆਪਸ ਵਿੱਚ ਜੋੜਨ ਵਾਲੀਆਂ ਸੜਕਾਂ ਨੂੰ ਲੋਕਾਂ ਦੀਆਂ ਜ਼ਰੂਰਤਾਂ ਦੇ ਅਨੁਕੂਲ ਬਣਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਛਾਜਲੀ ਤੋਂ ਨੰਗਲਾ ਸੜਕ ਦੀ ਲੰਬਾਈ 5.75 ਕਿਲੋਮੀਟਰ ਹੈ ਤੇ ਇਸ ਦਾ ਨਿਰਮਾਣ ਕਰਨ ਤੇ ਲਗਭਗ 3 ਕਰੋੜ 97 ਲੱਖ ਰੁਪਏ ਦੇ ਲਗਭਗ ਖਰਚ ਆਇਆ ਹੈ।

ਇੱਕ ਹੋਰ ਵਿਕਾਸ ਪ੍ਰੋਜੈਕਟ ਦੇ ਤਹਿਤ ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਪਿੰਡ ਰਟੋਲਾਂ ਤੋਂ ਢੰਡੋਲੀ ਕਲਾਂ ਦੇ ਲਿੰਕ ਰੋਡ ਦੇ ਕੱਚੇ ਪਹੇ ਨੂੰ ਪੱਕਾ ਕਰਨ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕੀਤੀ।ਉਨ੍ਹਾਂ ਨੇ ਕਿਹਾ ਕਿ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਨਿਰਧਾਰਤ ਪ੍ਰੋਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਤਾਂ ਜੋ ਲੋਕਾਂ ਨੂੰ ਸੜਕਾਂ ਨਾਲ ਸੰਬੰਧਤ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਕੈਬਨਿਟ ਮੰਤਰੀ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ, ਪੀਡਬਲਡੀ ਦੇ ਐੱਸ ਡੀ ਓ ਦਲਜੀਤ ਸਿੰਘ, ਜੇਈ ਜੀਵਨ ਜੋਤ ਸਿੰਘ ਤੇ ਜਤਿਨ ਕੁਮਾਰ ਤੋਂ ਇਲਾਵਾ ਸੰਬੰਧਤ ਵੱਖ-ਵੱਖ ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਦੇ ਸਰਪੰਚ, ਪੰਚ ਤੇ ਹੋਰ ਮੋਹਤਬਰ ਹਾਜ਼ਰ ਸਨ।

# ਅਮਨਿੰਦਰ ਸਿੰਘ ਨੇ ਮਰਨ ਉਪਰੰਤ ਪੰਜ ਜ਼ਿੰਦਗੀਆਂ ਬਦਲੀਆਂ !



**ਸਮਰਾਲਾ (ਸੁਰਜੀਤ ਸਿੰਘ)**-21 ਸਾਲਾ ਅਮਨਿੰਦਰ ਸਿੰਘ ਦੀ ਅਚਾਨਕ ਮੌਤ ਉਸ ਦੇ ਪਰਵਾਰ ਲਈ ਇੱਕ ਵੱਡੇ ਦੁੱਖ ਦਾ ਕਾਰਨ ਬਣੀ, ਪਰ ਇਸ ਮੁਸ਼ਕਲ ਸਮੇਂ ਵਿੱਚ ਉਸ ਦੇ ਪਰਵਾਰ ਨੇ ਮਨੁੱਖਤਾ ਦੀ ਨਵੀਂ ਮਿਸਾਲ ਕਾਇਮ ਕੀਤੀ।ਅਮਨਿੰਦਰ ਦੇ ਅੰਗਾਂ ਦੇ ਦਾਨ ਨੇ ਉਸ ਦੀ ਯਾਦ ਨੂੰ ਜਿਉਂਦਾ ਰੱਖਿਆ ਤੇ ਪੰਜ ਹੋਰ ਲੋਕਾਂ ਨੂੰ ਨਵੀਂ ਜ਼ਿੰਦਗੀ ਦਾ ਮੌਕਾ ਪ੍ਰਦਾਨ ਕੀਤਾ।ਇਹ ਘਟਨਾ ਸਾਨੂੰ ਇਹ ਸਿੱਖ ਦਿੰਦੀ ਹੈ ਕਿ ਇੱਕ ਦੁੱਖਦਾਈ ਹਾਦਸਾ ਵੀ ਦੂਜਿਆਂ ਲਈ ਆਸ ਤੇ ਜੀਵਨ ਦਾ ਕਾਰਨ ਬਣ ਸਕਦਾ ਹੈ।ਪੀਜੀਆਈ ਸੂਤਰਾਂ ਮੁਤਾਬਕ ਰੂਪਨਗਰ ਜ਼ਿਲ੍ਹੇ ਦੇ ਖਿਜਰਾਬਾਦ ਪਿੰਡ ਦਾ ਰਹਿਣ ਵਾਲਾ ਅਮਨਿੰਦਰ ਸਿੰਘ 10 ਨਵੰਬਰ 2024 ਨੂੰ ਸੜਕ ਹਾਦਸੇ ਦਾ ਸ਼ਿਕਾਰ ਹੋਇਆ।ਸਭ ਤੋਂ ਪਹਿਲਾਂ ਉਸ ਨੂੰ ਸਿਵਲ ਹਸਪਤਾਲ ਰੂਪਨਗਰ ਵਿੱਚ ਦਾਖਲ ਕਰਵਾਇਆ ਗਿਆ, ਪਰ ਗੰਭੀਰ ਹਾਲਤ ਦੇ ਚਲਦੇ ਉਸ ਨੂੰ ਪੀਜੀਆਈ ਚੰਡੀਗੜ੍ਹ ਭੇਜਿਆ ਗਿਆ। ਬੀਤੀ 20 ਨਵੰਬਰ ਨੂੰ ਉਸ ਨੂੰ ਬ੍ਰੇਨ ਡੈੱਡ ਐਲਾਨਿਆ ਗਿਆ।ਇਸ ਤੋਂ ਬਾਅਦ ਉਸ ਦੇ ਪਰਵਾਰ ਨੇ ਇੱਕ ਬਹਾਦਰੀ ਭਰਿਆ ਤੇ ਦਲੇਰੀ ਵਾਲਾ ਫ਼ੈਸਲਾ ਲਿਆ ਅਤੇ ਅਮਨਿੰਦਰ ਦੇ ਸਾਰੇ ਅੰਗ ਦਾਨ ਕਰਨ ਦਾ ਨਿਰਣਾ ਕੀਤਾ।ਇਸ ਫ਼ੈਸਲੇ ਤੋਂ ਬਾਅਦ ਅਮਨਿੰਦਰ ਦੇ ਜਿਗਰ, ਕਿਡਨੀ, ਪੈਂਕ੍ਰੀਆਸ ਅਤੇ ਨੇਤਰਾਂ ਦਾ ਸਫਲ ਟਰਾਂਸਪਲਾਂਟ ਕੀਤਾ ਗਿਆ।ਉਸ ਦਾ ਜ਼ਿਗਰ ਦਿੱਲੀ ਦੇ ਏ ਐੱਚ ਆਰ ਆਰ ਵਿੱਚ, ਜਦਕਿ ਕਿਡਨੀ, ਪੈਂਕ੍ਰੀਆਸ ਅਤੇ ਨੇਤਰ ਪੀਜੀਆਈ, ਚੰਡੀਗੜ੍ਹ ਵਿੱਚ ਜ਼ਰੂਰਤਮੰਦ ਮਰੀਜ਼ਾਂ ਨੂੰ ਦਿੱਤੇ ਗਏ।ਇਸ ਮਹਾਨ ਫ਼ੈਸਲੇ ਨਾਲ ਤਿੰਨ ਮਰੀਜ਼ਾਂ ਨੂੰ ਨਵੀਂ ਜ਼ਿੰਦਗੀ ਮਿਲੀ, ਜਦਕਿ ਦੋ ਨੇ ਆਪਣੀ ਅੱਖਾਂ ਦੀ ਰੌਸ਼ਨੀ ਮੁੜ ਪ੍ਰਾਪਤ ਕੀਤੀ।ਅਮਨਿੰਦਰ ਦੇ ਪਰਵਾਰ ਨੇ ਇਸ ਫ਼ੈਸਲੇ ਰਾਹੀਂ ਨਾ ਸਿਰਫ਼ ਆਪਣੇ ਪੁੱਤਰ ਦੀ ਯਾਦ ਨੂੰ ਜਿਊਂਦਾ ਰੱਖਿਆ, ਬਲਕਿ ਹੋਰਨਾਂ ਨੂੰ ਜੀਵਨ ਦਿੰਦਿਆਂ ਜੋ ਸਿੱਖਿਆ ਦਿੱਤੀ, ਉਸ ਨੂੰ ਪੀਜੀਆਈ ਤੇ ਹੋਰ ਸੰਗਠਨਾਂ ਨੇ ਮਨੁੱਖਤਾ ਦੀ ਅਸਲ ਮਿਸਾਲ ਮੰਨਿਆ।ਇਸ ਕਦਮ ਨੇ ਨਾ ਸਿਰਫ਼ ਅੰਗ ਦਾਨ ਦੇ ਮਹੱਤਵ ਨੂੰ ਉਜਾਗਰ ਕੀਤਾ, ਬਲਕਿ ਇਹ ਵੀ ਸਿੱਖਾਇਆ ਕਿ ਦੁੱਖ ਦੇ ਬਾਵਜੂਦ, ਇੱਕ ਵਿਅਕਤੀ ਦੀ ਦਿਆਨਤਦਾਰੀ ਨਾਲ ਕਈ ਜ਼ਿੰਦਗੀਆਂ ਬਦਲੀਆਂ ਜਾ ਸਕਦੀਆਂ ਹਨ।

# ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ ਸੰਪੰਨ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਨੇੜਲੇ ਪਿੰਡ ਜਖੇਪਲ ਦੇ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਮਮਤਾ ਤੇ ਮੈਨੇਜਿੰਗ ਡਾਇਰੈਕਟਰ ਹਰੀਸ਼ ਗੱਖੜ ਦੀ ਅਗਵਾਈ ਹੇਠ ਸਾਲਾਨਾ ਸਮਾਗਮ 'ਮੁਸਕਾਨ-2024' ਕਰਵਾਇਆ ਗਿਆ, ਜਿਸ ਦੌਰਾਨ ਡੀ.ਐੱਸ.ਪੀ. ਸੁਨਾਮ ਹਰਵਿੰਦਰ ਸਿੰਘ ਖਹਿਰਾ, ਐੱਸ.ਐੱਚ.ਓ. ਧਰਮਗੜ੍ਹ ਗੁਰਪਾਲ ਸਿੰਘ, ਪੰਜਾਬੀ ਲੇਖਕ, ਸੰਪਾਦਕ ਤੇ ਸਮਾਜ ਸੇਵੀ ਅਵਿਨਾਸ਼ ਰਾਣਾ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਾਜਿੰਦਰ ਦੀਪਾ, ਸਟੇਟ ਐਵਾਰਡੀ ਅਧਿਆਪਕ ਸੁਰਿੰਦਰ ਸਿੰਘ ਭਰੂਰ, ਰੋਟਰੀ ਕਲੱਬ ਸੁਨਾਮ ਦੇ ਪ੍ਰਧਾਨ ਦੇਵਿੰਦਰਪਾਲ ਸਿੰਘ ਰਿੰਪੀ ਤੇ ਗ੍ਰੇ ਮੈਟਰਜ਼ ਦੇ ਮੈਨੇਜਿੰਗ ਡਾਇਰੈਕਟਰ ਭਵੇਸ਼ ਗੱਖੜ ਸਮੇਤ ਇਲਾਕੇ ਦੀਆਂ ਲਗਭਗ 3 ਦਰਜਨ ਪੰਚਾਇਤਾਂ ਦੇ ਸਰਪੰਚ-ਪੰਚਾਂ ਨੇ ਸ਼ਿਰਕਤ ਕੀਤੀ।

ਸਮਾਗਮ ਦੀ ਸ਼ੁਰੂਆਤ ਗੁਰਬਾਣੀ ਅਧਿਆਪਕਾ ਧਰਮਿੰਦਰ ਕੌਰ ਐਂਡ ਪਾਰਟੀ ਨੇ ਸ਼ਬਦ ਕੀਰਤਨ ਕਰਕੇ ਕੀਤੀ ਤੇ ਬਾਅਦ ਵਿੱਚ ਵੱਖ-ਵੱਖ ਪਿੰਡਾਂ ਤੋਂ ਪਹੁੰਚੀਆਂ ਪੰਚਾਇਤਾਂ ਤੇ ਸ਼ਖਸੀਅਤਾਂ ਦਾ ਮੰਚ ਤੋਂ ਭਰਵਾਂ ਸਵਾਗਤ ਕੀਤਾ ਗਿਆ।ਇਸ ਸਮੇਂ ਵੱਖ-ਵੱਖ ਬੁਲਾਰਿਆਂ ਡੀ.ਐੱਸ.ਪੀ. ਸੁਨਾਮ ਹਰਵਿੰਦਰ ਸਿੰਘ ਖਹਿਰਾ, ਸੀਨੀਅਰ ਅਕਾਲੀ ਆਗੂ ਰਾਜਿੰਦਰ ਦੀਪਾ ਨੇ ਆਖਿਆ ਕਿ ਸਕੂਲ ਇੱਕ ਅਜਿਹੀ ਥਾਂ ਹੈ, ਜਿੱਥੇ ਵਿਦਿਆਰਥੀ ਪੜ੍ਹਾਈ ਦੇ ਨਾਲ-ਨਾਲ ਮਨੁੱਖੀ ਜੀਵਨ ਦੀਆਂ ਕਦਰਾਂ-ਕੀਮਤਾਂ ਵੀ ਸਿਖਦਾ ਹੈ ਅਤੇ ਵਿਸ਼ੇਸ਼ ਕਰਕੇ ਅਨੁਸ਼ਾਸਨ ਨੂੰ ਆਪਣੀ ਜ਼ਿੰਦਗੀ ਵਿੱਚ ਧਾਰਨ ਕਰਕੇ ਅੱਗੇ ਵਧਦਾ ਹੈ।ਇਸ ਸਮੇਂ ਸਟੇਟ ਐਵਾਰਡੀ ਅਧਿਆਪਕ ਸੁਰਿੰਦਰ ਸਿੰਘ ਭਰੂਰ ਨੇ ਆਖਿਆ ਕਿ ਉਨ੍ਹਾਂ ਦਾ ਇਸ ਸਕੂਲ ਨਾਲ ਲਗਭਗ 20 ਵਰ੍ਹਿਆਂ ਤੋਂ ਵੀ ਵੱਧ ਨੇੜਤਾ ਹੈ ਤੇ ਅਜੋਕੇ ਸਮੇਂ ਵਿੱਚ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣਾ ਆਪਣੇ ਆਪ ਵਿੱਚ ਵੱਡਾ ਕਦਮ ਹੈ ਅਤੇ ਅੱਜ ਦੇ ਸਮਾਗਮ ਵਿੱਚ ਵੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜੀਆਂ ਆਈਟਮਾਂ ਨੇ ਉਨ੍ਹਾਂ ਨੂੰ ਹੋਰ ਵੀ ਉਤਸ਼ਾਹਤ ਕੀਤਾ ਹੈ।ਇਸ ਦੌਰਾਨ ਸਕੂਲ ਮੈਨੇਜਿੰਗ ਡਾਇਰੈਕਟਰ ਹਰੀਸ਼ ਗੱਖੜ ਨੇ ਸਮਾਗਮ ਵਿੱਚ ਪੁੱਜੇ ਪਤਵੰਤਿਆਂ ਤੇ ਸਮੂਹ ਪੰਚਾਇਤਾਂ ਦਾ ਧੰਨਵਾਦ ਕੀਤਾ।

ਇਸ ਸਮੇਂ ਵੱਖ-ਵੱਖ ਅਧਿਆਪਕਾਂ ਵੱਲੋਂ ਤਿਆਰ ਕਰਵਾਈਆਂ ਗਈਆਂ ਧਾਰਮਿਕ, ਸੰਸਕ੍ਰਿਤਕ, ਦੇਸ਼ ਭਗਤੀ ਦੀਆਂ ਆਈਟਮਾਂ ਬਾਖੂਬੀ ਢੰਗ ਨਾਲ ਪੇਸ਼ ਕੀਤੀਆਂ।ਇਸ ਦੌਰਾਨ ਸਕੂਲ ਪ੍ਰਬੰਧਕਾਂ ਵੱਲੋਂ ਖੇਡਾਂ ਦੇ ਖੇਤਰ ਵਿੱਚ ਨੈਸ਼ਨਲ ਪੱਧਰ 'ਤੇ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਵੀ ਸਨਮਾਨਤ ਕੀਤਾ ਗਿਆ।

# ਪੀ ਜੀ ਆਈ ਦੇ ਫੇਫੜਾ ਰੋਗ ਮਾਹਰ ਡਾ. ਦਿਗੰਬਰ ਬਿਹੇੜਾ ਨੇ 'ਨੈਮਸ' ਦੇ ਪ੍ਰਧਾਨ ਵਜੋਂ ਚਾਰਜ ਸੰਭਾਲਿਆ



**ਸਮਰਾਲਾ (ਸੁਰਜੀਤ ਸਿੰਘ)**-ਪੀਜੀਆਈ ਚੰਡੀਗੜ੍ਹ ਦੇ ਫੇਫੜਾ ਰੋਗਾਂ ਦੇ ਮਾਹਰ ਡਾ. ਦਿਗੰਬਰ ਬਿਹੇੜਾ ਨੇ ਨੈਸ਼ਨਲ ਅਕੈਡਮੀ ਆਫ਼ ਮੈਡੀਕਲ ਸਾਇੰਸਜ਼ (ਨੈਮਸ) ਦੇ ਪ੍ਰਧਾਨ ਦੇ ਤੌਰ 'ਤੇ ਚਾਰਜ ਸੰਭਾਲਿਆ। ਮਿਲੀ ਜਾਣਕਾਰੀ ਅਨੁਸਾਰ ਡਾ. ਬਿਹੇੜਾ, ਜੋ ਪੀਜੀਆਈ ਦੇ ਸਾਬਕਾ ਡੀਨ ਤੇ ਇਸ ਸਮੇਂ ਪਲਮੋਨਰੀ ਮੈਡੀਸਨ ਅਤੇ ਕ੍ਰਿਟੀਕਲ ਕੇਅਰ ਮੈਡੀਸਨ ਦੇ ਡਾਇਰੈਕਟਰ ਹਨ, ਨੇ ਪ੍ਰਧਾਨ ਡਾ. ਐੱਸ ਕੇ ਸਰੀਨ ਤੋਂ ਚਾਰਜ ਲਿਆ।ਡਾ. ਬਿਹੇੜਾ ਤਿੰਨ ਸਾਲਾਂ ਦੀ ਮਿਆਦ ਲਈ 'ਨੈਮਸ' ਦੇ ਪ੍ਰਧਾਨ ਰਹਿਣਗੇ। ਡਾ. ਬਿਹੇੜਾ ਰਾਸ਼ਟਰੀ ਟੀ ਬੀ ਉਲੰਘਣ ਪ੍ਰੋਗਰਾਮ ਦੇ ਟਾਸਕ ਫੋਰਸ ਲਈ ਸਲਾਹਕਾਰ ਵੀ ਹਨ।ਉਹ ਪੂਰਵ ਵਿੱਚ ਨੈਸ਼ਨਲ ਇੰਸਟੀਚਿਊਟ ਆਫ਼ ਟਿਊਬਰਕੁਲੋਸਿਸ ਐਂਡ ਲੰਗ ਦੇ ਡਾਇਰੈਕਟਰ ਰਹੇ ਹਨ।ਉਨ੍ਹਾਂ ਦੇ 602 ਵਿਗਿਆਨਕ ਪ੍ਰਕਾਸ਼ਨ ਹਨ, ਦੋ ਪਾਠ ਪੁਸਤਕਾਂ ਫੇਫੜਾ ਚਿਕਿਤਸਾ ਵਿਸ਼ੇ ਉੱਤੇ ਹਨ, ਪੰਜ ਕਿਤਾਬਾਂ ਤੇ ਉਨ੍ਹਾਂ ਨੂੰ 35 ਰਾਸ਼ਟਰੀ ਅਤੇ 9 ਅੰਤਰਰਾਸ਼ਟਰੀ ਪੁਰਸਕਾਰ ਪ੍ਰਾਪਤ ਹੋਏ ਹਨ।ਡਾ. ਬਿਹੇੜਾ ਨੇ ਕਿਹਾ ਕਿ ਉਹ ਇਸ ਅਹੁਦੇ ਨੂੰ ਸੰਭਾਲ ਕੇ ਮਾਣ ਮਹਿਸੂਸ ਕਰਦੇ ਹਨ, ਜੋ ਪਹਿਲਾਂ ਦੇਸ਼ ਦੇ ਪ੍ਰਸਿੱਧ ਚਿਕਿਤਸਾ ਵਿਦਵਾਨਾਂ ਦੁਆਰਾ ਸੰਭਾਲਿਆ ਗਿਆ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਧਿਆਨ ਅਕੈਡਮੀ ਦੀਆਂ ਰਿਵਾਇਤਾਂ ਨੂੰ ਕਾਇਮ ਰੱਖਣ 'ਤੇ ਹੋਵੇਗਾ ਅਤੇ ਇਹ ਗੱਲ ਯਕੀਨੀ ਬਣਾਈ ਜਾਵੇਗੀ ਕਿ 'ਨੈਮਸ' ਦੇਸ਼ ਵਿੱਚ ਚਿਕਿਤਸਾ ਸਿੱਖਿਆ, ਰਿਸਰਚ ਤੇ ਸਿਹਤ ਸੇਵਾਵਾਂ ਵਿੱਚ ਹੋਰ ਯੋਗਦਾਨ ਪਾਇਆ ਜਾਵੇ। ਨੈਸ਼ਨਲ ਅਕੈਡਮੀ ਆਫ ਮੈਡੀਕਲ ਸਾਇੰਸਜ਼ ਦੀ ਸਥਾਪਨਾ 1961 ਵਿੱਚ ਹੋਈ ਸੀ ਤੇ ਇਸ ਦਾ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਉਦਘਾਟਨ ਕੀਤਾ ਸੀ।ਪ੍ਰਸਿੱਧ 'ਨੈਮਸ' ਫੈਲੋਜ਼ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਸ੍ਰੀ ਪੀ ਵੀ ਨਰਸਿੰਮਹਾ ਰਾਓ, ਡਾ. ਬੀ ਸੀ ਰਾਏ, ਇੰਦਰਾ ਗਾਂਧੀ ਅਤੇ ਡਾ. ਏ ਪੀ ਜੇ ਅਬਦੁਲ ਕਲਾਮ ਸ਼ਾਮਲ ਹਨ।ਅਕੈਡਮੀ ਦੇ ਫੈਲੋਜ਼ ਨੂੰ ਦੇਸ਼ ਦੇ ਸਭ ਤੋਂ ਉੱਚੇ ਸਿਵਲ ਪੁਰਸਕਾਰ ਮਿਲੇ ਹਨ।'ਨੈਮਸ' ਨੇ ਕਈ ਟਾਸਕ ਫੋਰਸ ਸਥਾਪਤ ਕੀਤੀਆਂ ਹਨ, ਜੋ ਮਹੱਤਵਪੂਰਨ ਰਾਸ਼ਟਰੀ ਸਿਹਤ ਤੇ ਮੈਡੀਕਲ ਮਸਲਿਆਂ ਨਾਲ ਜੁੜੇ ਨੀਤੀ ਦਸਤਾਵੇਜ਼ ਸਰਕਾਰ ਲਈ ਤਿਆਰ ਕਰਦੀਆਂ ਹਨ।

# ਚੈਕਿੰਗ ਬਹਾਨੇ ਅਧਿਆਪਕਾਂ 'ਤੇ ਬੇਲੋੜਾ ਦਬਾਅ ਪਾਉਣ ਦਾ ਵਿਰੋਧ, ਡਾਇਰੈਕਟਰ ਦਫ਼ਤਰ ਪਹੁੰਚੀਆਂ ਜਥੇਬੰਦੀਆਂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਰਾਜ ਵਿੱਦਿਅਕ ਖੋਜ ਤੇ ਸਿਖਲਾਈ ਕੌਂਸਲ (ਐੱਸ.ਸੀ.ਈ.ਆਰ.ਟੀ.) ਵੱਲੋਂ ਕੌਮੀ ਸਿੱਖਿਆ ਨੀਤੀ ਅਧੀਨ ਸੀ. ਈ. ਨਾਮ ਦਾ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਇੱਕ ਪਾਸੇ ਜਿੱਥੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਕਈ ਮਹੀਨਿਆਂ ਤੋਂ ਤਹਿਸ਼ੁਦਾ ਸਿਲੇਬਸ ਤੋਂ ਦੂਰ ਕਰਕੇ ਸਿੱਖਣ ਸਿਖਾਉਣ ਦੇ ਬੁਨਿਆਦੀ ਕੰਮ ਤੋਂ ਲਾਂਭੇ ਕੀਤਾ ਹੋਇਆ ਹੈ, ਉੱਥੇ ਦੂਜੇ ਪਾਸੇ ਚੈਕਿੰਗਾਂ ਦੇ ਨਾਮ ਹੇਠ ਸਿੱਖਿਆ ਵਰਗੇ ਸੰਵੇਦਨਸ਼ੀਲ ਅਦਾਰੇ ਵਿੱਚ ਦਬਾਅ ਦਾ ਮਾਹੌਲ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ।ਇਸੇ ਦਰਮਿਆਨ ਪਿਛਲੇ ਦਿਨੀਂ ਸੀਈਪੀ ਦੀ ਜਾਂਚ ਦੇ ਆੜ ਵਿੱਚ ਮੁਅੱਤਲ ਕੀਤੇ ਪਟਿਆਲਾ ਜ਼ਿਲ੍ਹੇ ਦੇ ਈਟੀਟੀ ਅਧਿਆਪਕ ਸ੍ਰੀ ਰਾਮ ਦਾਸ ਦੀ ਬਹਾਲੀ ਦੀ ਮੰਗ ਨੂੰ ਲੈ ਕੇ ਜਥੇਬੰਦੀਆਂ ਦੇ ਸਮੂਹਕ ਵਫ਼ਦ ਵਿੱਚ ਸ਼ਾਮਲ 100 ਤੋਂ ਵਧੇਰੇ ਅਧਿਆਪਕਾਂ ਵੱਲੋਂ ਗੌਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਐੱਸ.ਸੀ.ਬੀ.ਸੀ. ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਬਲਜੀਤ ਸਿੰਘ ਸਲਾਣਾ, 6635 ਈਟੀਟੀ ਟੀਚਰਜ਼ ਯੂਨੀਅਨ ਦੇ ਸੂਬਾ ਆਗੂ ਜਰਨੈਲ ਸਿੰਘ ਨਾਗਰਾ, ਐਲੀਮੈਂਟਰੀ ਟੀਚਰਜ਼ ਯੂਨੀਅਨ ਦੇ ਪ੍ਰਮੁੱਖ ਆਗੂ ਅਵਤਾਰ ਸਿੰਘ ਮਾਨ ਤੇ ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਦੇ ਆਗੂ ਪਰਮਵੀਰ ਸਿੰਘ ਪਟਿਆਲਾ ਦੀ ਅਗਵਾਈ ਵਿੱਚ ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ) ਤੇ ਐੱਸ.ਸੀ.ਈ.ਆਰ.ਟੀ. ਦੇ ਦਫ਼ਤਰ ਵਿਖੇ ਪਹੁੰਚ ਕੀਤੀ ਗਈ ਅਤੇ ਮੁਅੱਤਲ ਸਾਥੀ ਦੀ ਤੁਰੰਤ ਬਹਾਲੀ ਦੀ ਮੰਗ ਕੀਤੀ ਗਈ।ਡੀ.ਐੱਸ.ਈ. (ਐਲੀਮੈਂਟਰੀ) ਦੇ ਨਿੱਜੀ ਸਹਾਇਕ ਨੇ ਉਨ੍ਹਾਂ ਦੀ ਗੈਰ-ਮੌਜੂਦਗੀ ਵਿੱਚ ਮੰਗ ਪੱਤਰ ਪ੍ਰਾਪਤ ਕੀਤਾ ਤੇ ਮੌਕੇ 'ਤੇ ਡੀ.ਐੱਸ.ਈ. ਨਾਲ ਫੋਨ 'ਤੇ ਕਰਵਾਈ ਗੱਲਬਾਤ ਦੇ ਅਧਾਰ 'ਤੇ 26 ਨਵੰਬਰ ਤੱਕ ਇਸ ਮੁਅੱਤਲੀ ਨੂੰ ਵਾਪਸ ਲੈਣ ਦਾ ਭਰੋਸਾ ਦਿੱਤਾ।ਇਸ ਤੋਂ ਇਲਾਵਾ ਸਹਾਇਕ ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਨਾਲ ਵੀ ਮੁਲਾਕਾਤ ਕੀਤੀ ਗਈ ਤੇ ਸਕੂਲਾਂ ਦੀ ਜਾਂਚ ਪੜਤਾਲ ਨੂੰ ਵਿੱਦਿਅਕ ਮਨੋਵਿਗਿਆਨ ਅਨੁਸਾਰ ਰੱਖਣ ਤੇ ਅਧਿਆਪਕਾਂ ਨੂੰ ਤੰਗ ਪ੍ਰੇਸ਼ਾਨ ਕਰਨਾ ਫੌਰੀ ਬੰਦ ਕਰਨ ਦੀ ਮੰਗ ਕੀਤੀ ਗਈ।ਇਸ ਉਪਰੰਤ ਸੀ.ਈ.ਪੀ. ਬਹਾਨੇ ਸਕੂਲਾਂ ਵਿੱਚ ਦਬਾਅ ਦਾ ਮਾਹੌਲ ਬਣਾਉਣ ਤੇ ਨਵੀਂ ਸਿੱਖਿਆ ਨੀਤੀ-2020 ਰਾਹੀਂ ਸਿੱਖਿਆ ਦਾ ਉਜਾੜਾ ਕਰਨ ਖਿਲਾਫ਼ ਡੀ.ਐੱਸ.ਈ. ਦਫ਼ਤਰ ਦੇ ਬਾਹਰ ਸੰਕੇਤਕ ਧਰਨੇ ਦੇ ਰੂਪ ਵਿੱਚ ਰੋਸ ਪ੍ਰਗਟਾਉਂਦਿਆ ਐਲਾਨ ਕੀਤਾ ਕਿ ਜੇਕਰ ਇਸ ਦਬਾਅ ਦੇ ਮਾਹੌਲ ਨੂੰ ਖਤਮ ਨਾ ਕੀਤਾ ਗਿਆ ਤਾਂ ਸਮੁੱਚੀਆਂ ਜਥੇਬੰਦੀਆਂ ਵੱਲੋਂ ਵੱਡੇ ਸਘੰਰਸ਼ ਦਾ ਬਿਗੁਲ ਵਜਾਇਆ ਜਾਵੇਗਾ।

ਇਸ ਮੌਕੇ ਜਸਵਿੰਦਰ ਸਿੰਘ ਸਮਾਣਾ, ਹਰਵਿੰਦਰ ਸਿੰਘ ਰੱਖੜਾ, ਲਛਮਣ ਸਿੰਘ ਨਬੀਪੁਰ, ਦੀਦਾਰ ਸਿੰਘ, ਹਿੰਮਤ ਸਿੰਘ ਖੋਖ, ਰਵਿੰਦਰ ਸਿੰਘ ਪੱਪੀ ਮੋਹਾਲੀ, ਪਰਮਜੀਤ ਸਿੰਘ ਪਟਿਆਲਾ, ਜਸਵਿੰਦਰ ਬਾਤਿਸ਼, ਅਨਿਲ ਕੁਮਾਰ ਸ਼ਰਮਾ, ਗੁਰਮੀਤ ਸਿੰਘ ਤੇ ਰਣਜੀਤ ਹਠੂਰ ਤੋਂ ਇਲਾਵਾ ਵੱਡੀ ਗਿਣਤੀ ਹੋਰ ਅਧਿਆਪਕ ਆਗੂ ਮੌਜੂਦ ਸਨ।

# ਰੂਪ ਵਾਟਿਕਾ ਸੀਨੀ. ਸੈਕ. ਸਕੂਲ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਵਿਖੇ ਧਰੋਹਰ ਥੀਮ ਦੇ ਅੰਤਰਗਤ ਸਾਲਾਨਾ ਇਨਾਮ ਵੰਡ ਸਮਾਗਮ ਪ੍ਰਿੰਸੀਪਲ ਸ੍ਰੀਮਤੀ ਵਿੰਮੀ ਠਾਕੁਰ ਦੀ ਯੋਗ ਅਗਵਾਈ ਅਧੀਨ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਸਭ ਤੋਂ ਪਹਿਲਾਂ ਪ੍ਰਿੰਸੀਪਲ ਸ੍ਰੀਮਤੀ ਵਿੰਮੀ ਠਾਕੁਰ ਨੇ ਪ੍ਰਬੰਧ ਸਮਿਤੀ ਦੇ ਪ੍ਰਧਾਨ ਸ੍ਰੀ ਰਮੇਸ਼ ਜੈਨ, ਪ੍ਰਬੰਧਕ ਸ੍ਰੀ ਧਰਮਪਾਲ ਜੈਨ, ਸੈਕਰੇਟਰੀ ਸ੍ਰੀ ਵਿਜੈ ਜੈਨ ਨੇ ਆਏ ਹੋਏ ਮੁੱਖ ਮਹਿਮਾਨ ਸ੍ਰੀ ਵਿਨੋਦ ਜੈਨ (ਗੋਇੰਮ ਸਕਰਿਓ ਪ੍ਰੈੱਸ ਦੇ ਪ੍ਰਸਿੱਧ ਉਦਯੋਗਪਤੀ), ਸ੍ਰੀ ਮੋਹਿੰਦਰ ਪਾਲ ਜੈਨ ਯੂ ਐੱਸ ਪੀ ਸੀ ਜੈਨ ਪਬਲਿਕ ਸਕੂਲ ਅਤੇ ਲੁਧਿਆਣਾ ਦੇ ਚੈਰੀਟੇਬਲ ਹਸਪਤਾਲ ਦੇ ਪ੍ਰਬੰਧਕ ਤੇ ਐੱਸ ਐੱਸ ਜੈਨ ਬਿਰਾਦਰੀ ਆਫ ਲੁਧਿਆਣਾ ਦੇ ਪ੍ਰਧਾਨ ਸ੍ਰੀ ਵਿਧੂ ਜੈਨ ਦਾ ਸਵਾਗਤ ਬੈਂਡ ਦੁਆਰਾ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਆਏ ਹੋਏ ਮੁੱਖ ਮਹਿਮਾਨਾਂ ਦੁਆਰਾ ਦੀਪ ਪ੍ਰਜਵੱਲਿਤ ਕਰਕੇ ਤੇ ਨਵਕਾਰ ਮੰਤਰ ਤੇ ਰੂਪ ਸਤੁਤੀ ਦਾ ਉਚਾਰਨ ਕਰਦੇ ਹੋਏ ਸੁਆਮੀ ਸ੍ਰੀ ਰੂਪ ਚੰਦ ਜੀ ਮਹਾਰਾਜ ਦੇ ਆਸ਼ੀਰਵਾਦ ਨਾਲ ਕੀਤੀ ਗਈ।ਸਭ ਤੋਂ ਪਹਿਲਾਂ ਬੱਚਿਆਂ ਦੁਆਰਾ ਬੁੱਧੀ ਦੇ ਦਾਤਾ ਸਿੱਧੀ ਵਿਨਾਇਕ ਸ੍ਰੀ ਗਣੇਸ਼ ਜੀ ਦੀ ਵੰਦਨਾ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ, ਜਿਸ ਵਿੱਚ ਬੱਚਿਆਂ ਨੇ ਸਿੱਧੀ ਵਿਨਾਇਕ ਜੀ ਦੀ ਪੂਜਾ ਕਰਕੇ ਆਸ਼ੀਰਵਾਦ ਲਿਆ।ਪ੍ਰੀ ਪ੍ਰਾਇਮਰੀ ਦੇ ਬੱਚਿਆਂ ਵੱਲੋਂ ਧੂਮ ਮਚਾ ਲੈ ਗੀਤ ਉੱਪਰ ਜ਼ਬਰਦਸਤ ਡਾਂਸ ਦਾ ਪ੍ਰਦਰਸ਼ਨ ਕੀਤਾ।ਰੰਗ ਬਰੰਗੀਆਂ ਲਾਈਟਾਂ ਨਾਲ ਸਜਿਆ ਪੰਡਾਲ ਬਹੁਤ ਹੀ ਮਨਮੋਹਕ ਲੱਗ ਰਿਹਾ ਸੀ।ਪੁਰਾਣੇ ਗੀਤਾਂ ਨੂੰ ਆਰਕੈਸਟਰਾ ਦੀ ਧੁਨ 'ਤੇ ਇੱਕ ਲੜੀ ਵਿੱਚ ਪਰੋ ਕੇ ਪੇਸ਼ ਕੀਤਾ ਗਿਆ, ਜਿਸ ਦਾ ਆਏ ਹੋਏ ਮਹਿਮਾਨਾਂ ਤੇ ਮਾਤਾ-ਪਿਤਾ ਨੇ ਬਹੁਤ ਆਨੰਦ ਮਾਣਿਆ।'ਨਮਸਤੇ ਹਿੰਦੁਸਤਾਨ' ਤੇ 'ਮਾਟੀ ਦੀ ਮਹਿਕ' ਦੋਨੋਂ ਆਈਟਮਾਂ ਦੇਸ਼ ਭਗਤੀ ਨੂੰ ਜਾਗ੍ਰਿਤ ਕਰਨ ਵਾਲੀਆਂ ਸਨ ਤੇ ਜਿਸ ਦਾ ਸਭ ਨੇ ਭਰਪੂਰ ਆਨੰਦ ਮਾਣਿਆ।ਉਪਰੰਤ ਸੋਸ਼ਲ ਮੀਡੀਆ ਜਿਵੇਂ ਇੰਸਟਾਗਰਾਮ, ਸਨੈਪਚੈਟ, ਯੂਟੀਊਬ, ਫੇਸਬੁਕ ਨਾਲ ਸੰਬੰਧਤ ਡਾਂਸ ਦਾ ਪ੍ਰਦਰਸ਼ਨ ਕੀਤਾ ਗਿਆ।'ਸ਼ਕਤੀ ਦੀ ਵਿਜੈ' ਡਾਂਸ ਤੇ ਪਲੇਅ ਦੁਆਰਾ ਨਾਰੀ ਸ਼ਕਤੀ ਨੂੰ ਦਰਸਾਇਆ ਗਿਆ ਹੈ ਕਿ ਨਾਰੀ ਅਬਲਾ ਨਹੀਂ ਹੈ ਸਬਲਾ ਹੈ।ਇਸ ਤੋਂ ਬਾਅਦ ਸਲਾਨਾ ਪ੍ਰੀਖਿਆਵਾਂ ਵਿੱਚ ਪਹਿਲਾ, ਦੂਸਰਾ ਤੇ ਤੀਸਰਾ ਦਰਜਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ, ਤਾਂ ਜੋ ਬਾਕੀ ਵਿਦਿਆਰਥੀ ਵੀ ਆਪਣਾ ਧਿਆਨ ਪੜ੍ਹਾਈ ਉੱਪਰ ਕੇਂਦਰਿਤ ਕਰਨ।

ਪ੍ਰਿੰਸੀਪਲ ਸ੍ਰੀਮਤੀ ਵਿੰਮੀ ਠਾਕੁਰ ਨੇ ਸਕੂਲ ਦੀਆਂ ਉਪਲੱਬਧੀਆਂ ਤੇ ਪ੍ਰਗਤੀ ਰਿਪੋਰਟ 'ਤੇ ਚਾਨਣਾ ਪਾਇਆ।ਸਕੂਲ ਦੇ ਪ੍ਰਬੰਧਕ ਧਰਮਪਾਲ ਜੈਨ ਨੇ ਸਟਾਫ ਦੁਆਰਾ ਕੀਤੇ ਗਏ ਕੰਮਾਂ ਦੀ ਪ੍ਰਸੰਸਾ ਕੀਤੀ ਤੇ ਨੰਨ੍ਹੇ-ਮੁੰਨੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ ਤੇ ਆਪਣੀ ਪ੍ਰਤਿਭਾ ਨੂੰ ਹੋਰ ਨਿਖਾਰਨ ਲਈ ਪ੍ਰੇਰਿਤ ਕੀਤਾ।ਪ੍ਰਬੰਧ ਸਮਿਤੀ ਤੇ ਪ੍ਰਿੰਸੀਪਲ ਵਿੰਮੀ ਠਾਕੁਰ ਨੇ ਆਏ ਹੋਏ ਮੁੱਖ ਮਹਿਮਾਨ ਵਿਨੋਦ ਜੈਨ, ਮਹਿੰਦਰ ਪਾਲ ਜੈਨ ਤੇ ਵਿਧੂ ਜੈਨ ਨਾਲ ਅਕਾਦਮਿਕ ਵਿੱਚ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਟਰਾਫੀਆਂ ਦਿੱਤੀਆਂ।

ਸਕੂਲ ਦੇ ਪ੍ਰਬੰਧਕ ਤੇ ਪ੍ਰਿੰਸੀਪਲ ਵਿੰਮੀ ਠਾਕੁਰ ਨੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਸੱਭਿਆਚਾਰਕ ਤੇ ਚਮਕੀਲੇ ਕੱਪੜਿਆਂ ਵਿੱਚ ਸਜੇ ਸੀਨੀਅਰ ਵਿਦਿਆਰਥੀਆਂ ਦੁਆਰਾ ਪੰਜਾਬੀ ਗੀਤਾਂ ਦੀ ਤਾਲ ਤੇ ਯੰਤਰਾਂ ਦੇ ਸਹਾਇਤਾ ਨਾਲ ਭੰਗੜੇ ਦਾ ਪ੍ਰਦਰਸ਼ਨ ਕੀਤਾ ਗਿਆ, ਜਿਸ ਨਾਲ ਸਾਰਾ ਪੰਡਾਲ ਤਾੜੀਆਂ ਦੀ ਆਵਾਜ਼ ਨਾਲ ਗੂੰਜ ਉੱਠਿਆ।ਅੰਤ ਵਿੱਚ ਰਾਸ਼ਟਰੀ ਗਾਨ ਨਾਲ ਇਸ ਪ੍ਰੋਗਰਾਮ ਦਾ ਸਮਾਪਨ ਕੀਤਾ ਗਿਆ।

# ਕਾਮਰੇਡ ਰਾਮ ਜੀ ਦਾਸ ਬਾਘਲਾ ਸਾਹਿਤ ਸਭਾ ਵੱਲੋਂ ਸਨਮਾਨਤ



**ਬਠਿੰਡਾ (ਬਖਤੌਰ ਢਿੱਲੋਂ)**

ਬਜ਼ੁਰਗ ਕਮਿਊਨਿਸਟ ਕਾਮਰੇਡ ਰਾਮ ਜੀ ਦਾਸ ਬਾਘਲਾ ਦੀਆਂ ਸਮਾਜ ਸੇਵਾ, ਸਿਆਸਤ, ਸਾਹਿਤ ਤੇ ਸੱਭਿਆਚਾਰਕ ਖੇਤਰ 'ਚ ਕੀਤੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਪੰਜਾਬੀ ਸਾਹਿਤ ਸਭਾ ਬਠਿੰਡਾ ਵੱਲੋਂ ਸਨਮਾਨਤ ਕੀਤਾ ਗਿਆ। ਸਭਾ ਵੱਲੋਂ ਵੱਖ ਵੱਖ ਖੇਤਰਾਂ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਸ਼ਹਿਰ ਦੇ ਦਸ ਬਜ਼ੁਰਗਾਂ ਨੂੰ ਸਨਮਾਨਤ ਕਰਨ ਦਾ ਫੈਸਲਾ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਕਾ: ਬਾਘਲਾ ਵੀ ਸ਼ਾਮਲ ਸਨ।

ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਕਾ: ਬਾਘਲਾ ਨੇ ਉੱਭਰਦੀ ਜਵਾਨੀ ਸਮੇਂ ਕਾਲਜ ਵਿੱਚ ਦਾਖ਼ਲਾ ਲੈਂਦਿਆਂ ਹੀ ਲੋਕ ਘੋਲਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ, ਜਿਸ ਕਰਕੇ ਉਨ੍ਹਾਂ ਨੂੰ ਕਾਲਜ ਵੀ ਛੱਡਣਾ ਪਿਆ। 1960 'ਚ ਉਹ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋਏ ਤੇ ਉਨ੍ਹਾਂ ਸ਼ਹਿਰ ਵਿੱਚ ਰਿਕਸ਼ਾ ਯੂਨੀਅਨ, ਐੱਫ ਸੀ ਆਈ ਪੱਲੇਦਾਰ ਯੂਨੀਅਨ, ਟਰੱਕ ਡਰਾਈਵਰ ਯੂਨੀਅਨ ਤੇ ਟਰੇਡ ਯੂਨੀਅਨ ਕੌਂਸਲ ਆਦਿ ਦੇ ਗਠਨ ਵਿੱਚ ਮੋਹਰੀ ਭੂਮਿਕਾ ਨਿਭਾਈ। ਪਾਰਟੀ ਵੱਲੋ 1973 ਦੀ ਕੁੱਲ ਹਿੰਦ ਕਿਸਾਨ ਕਾਨਫਰੰਸ, 1978 ਦੀ ਕੁੱਲ ਹਿੰਦ ਪਾਰਟੀ ਕਾਂਗਰਸ ਤੇ ਕੁੱਲ ਹਿੰਦ ਨੌਜਵਾਨ ਕਾਨਫਰੰਸਾਂ ਦੀ ਸਫ਼ਲਤਾ ਲਈ ਵੱਡਾ ਯੋਗਦਾਨ ਪਾਇਆ ਸੀ। ਆਪਣੀ ਜ਼ਿੰਦਗੀ ਦੇ ਕਈ ਦਹਾਕੇ ਉਨ੍ਹਾਂ ਲੋਕਾਂ ਦੇ ਲੇਖੇ ਲਾਏ ਹਨ।

ਪੰਜਾਬੀ ਸਾਹਿਤ ਸਭਾ ਵੱਲੋਂ ਉਨ੍ਹਾਂ ਦੀਆਂ ਲੋਕਾਂ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਮੁੱਖ ਰਖਦਿਆਂ ਸਨਮਾਨਤ ਕਰਨ ਦਾ ਫੈਸਲਾ ਕੀਤਾ ਸੀ। ਇੱਥੇ ਹੋਏ ਇੱਕ ਸਾਹਿਤਕ ਵਿਖੇ ਉਨ੍ਹਾਂ ਦੇ ਮਾਣ ਵਿੱਚ ਸਭਾ ਦੇ ਵਿੱਤ ਸਕੱਤਰ ਕਾ: ਜਰਨੈਲ ਸਿੰਘ ਨੇ ਸਨਮਾਨ ਪੱਤਰ ਪੜ੍ਹਿਆ ਤੇ ਇਸ ਉਪਰੰਤ ਸਭਾ ਦੇ ਅਹੁਦੇਦਾਰਾਂ ਨੇ ਹੋਰ ਭਰਾਤਰੀ ਜਥੇਬੰਦੀਆਂ ਨਾਲ ਮਿਲ ਕੇ ਉਨ੍ਹਾਂ ਨੂੰ ਸਨਮਾਨ ਭੇਟ ਕੀਤਾ।

00 -November - Page - 6.qxd 11/24/2024 10:46 PM Page 1



## ਸਕੂਲਾਂ ਕਾਲਜਾਂ 'ਚ ਆਲ ਹਰਿਆਣਾ ਰੋਡ ਸੇਫਟੀ ਕੁਇਜ਼ ਮੁਕਾਬਲਾ-2024

**ਚੰਡੀਗੜ੍ਹ, (ਕ੍ਰਿਸ਼ਨ ਗਰਗ)** - ਬੱਚਿਆਂ ਵਿੱਚ ਸੜਕ ਸੁਰੱਖਿਆ ਦੀ ਸੰਸਕ੍ਰਿਤੀ ਪੈਦਾ ਕਰਨ ਦੇ ਮੰਤਵ ਨਾਲ ਸੂਬੇ ਭਰ ਦੇ ਸਾਰੇ ਸਕੂਲਾਂ ਅਤੇ ਕਾਲਜਾਂ ਵਿੱਚ ਆਲ ਹਰਿਆਣਾ ਰੋਡ ਸੇਫਟੀ ਕੁਇਜ਼ ਮੁਕਾਬਲਾ-2024 ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਮੁਕਾਬਲੇ ਵਿੱਚ 44 ਲੱਖ ਤੋਂ ਵੱਧ ਵਿਦਿਆਰਥੀਆਂ ਨੇ ਰਿਕਾਰਡ ਹਿੱਸਾ ਲਿਆ ਅਤੇ ਸੜਕ ਸੁਰੱਖਿਆ ਦਾ ਸੁਨੇਹਾ ਦਿੱਤਾ।ਪੁਲਿਸ ਡਾਇਰੈਕਟਰ ਜਨਰਲ ਸ਼ਤਰੂਜੀਤ ਕਪੂਰ ਨੇ ਕਿਹਾ ਕਿ ਸੜਕ ਸੁਰੱਖਿਆ ਅਤੇ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਵਿਦਿਆਰਥੀ ਸਭ ਤੋਂ ਸ਼ਕਤੀਸ਼ਾਲੀ ਮਾਧਿਅਮ ਹਨ। ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਵਧੀਆ ਅਧਿਆਪਕ ਹਨ। ਇਸ ਕੁਇਜ਼ ਮੁਕਾਬਲੇ ਰਾਹੀਂ ਵਿਦਿਆਰਥੀ ਨਾ ਸਿਰਫ਼ ਸੜਕ ਸੁਰੱਖਿਆ ਬਾਰੇ ਜਾਗਰੂਕ ਹੋਣਗੇ ਸਗੋਂ ਆਪਣੇ ਮਾਪਿਆਂ ਨਾਲ ਟਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ ਮਹੱਤਵਪੂਰਨ ਜਾਣਕਾਰੀ ਵੀ ਸਾਂਝੀ ਕਰਨਗੇ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਇੱਕ ਗੰਭੀਰ ਮਾਮਲਾ ਹੈ ਅਤੇ ਸੁਰੱਖਿਅਤ ਡਰਾਈਵਿੰਗ ਬਾਰੇ ਜਾਣਕਾਰੀ ਨਾ ਹੋਣ ਕਾਰਨ ਕਈ ਵਾਰ ਲੋਕ ਸੜਕ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸੜਕ ਸੁਰੱਖਿਆ ਤਿੰਨ ਤੱਤਾਂ 'ਤੇ ਨਿਰਭਰ ਕਰਦੀ ਹੈ : ਡਰਾਈਵਰ, ਵਾਹਨ ਅਤੇ ਸੜਕਾਂ ਦੀ ਗੁਣਵੱਤਾ, ਜਿਸ 'ਚ ਡਰਾਈਵਰ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਹੈ। ਡਰਾਈਵਿੰਗ ਦੇ ਹੁਨਰ ਦੀ ਘਾਟ ਸੜਕ ਹਾਦਸਿਆਂ ਦਾ ਮੁੱਖ ਕਾਰਨ ਹੈ ਇਸ ਬਾਰੇ ਆਮ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਬਹੁਤ ਲਾਜ਼ਮੀ ਹੈ।ਉਨ੍ਹਾਂ ਕਿਹਾ ਕਿ ਹਰਿਆਣਾ ਦੀਆਂ ਸੜਕਾਂ ਨੂੰ ਆਮ ਲੋਕਾਂ ਲਈ ਸੁਰੱਖਿਅਤ ਬਣਾਉਣ ਲਈ ਇਸ ਮੁਹਿੰਮ ਤਹਿਤ ਕਈ ਮਹੱਤਵਪੂਰਨ ਕੰਮ ਕੀਤੇ ਗਏ ਹਨ। ਸਾਰੇ ਵਿਦਿਆਰਥੀਆਂ ਨੂੰ ਵੱਖ-ਵੱਖ ਕੁਇਜ਼ ਮੁਕਾਬਲਿਆਂ ਰਾਹੀਂ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਸੜਕੀ ਇੰਜੀਨੀਅਰਿੰਗ ਵਿੱਚ ਲੋੜ ਅਨੁਸਾਰ ਸੁਧਾਰ ਕਰਕੇ ਸਬੰਧਤ ਵਿਭਾਗ ਦੀ ਜਵਾਬਦੇਹੀ ਨੂੰ ਯਕੀਨੀ ਬਣਾਇਆ ਗਿਆ। ਇਨ੍ਹਾਂ ਹੀ ਨਹੀਂ, ਹਾਦਸੇ ਦੇ ਤੁਰੰਤ ਬਾਅਦ ਹਾਦਸੇ ਦੇ ਪੀੜਤਾਂ ਨੂੰ ਤੁਰੰਤ ਸਿਹਤ ਸਹੂਲਤਾਂ ਦੇਣ ਦਾ ਉਪਰਾਲਾ ਵੀ ਕੀਤਾ ਗਿਆ। ਸਾਰੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਸੜਕ ਸੁਰੱਖਿਆ, ਗਿਆਨ ਕੇਂਦਰ ਅਤੇ ਸੜਕ ਸੁਰੱਖਿਆ ਕਲੱਬਾਂ ਦੀ ਸਥਾਪਨਾ ਅਤੇ ਸੰਚਾਲਨ ਕੀਤਾ ਗਿਆ। ਰੋਡ ਸੇਫਟੀ ਫੰਡ ਦੀ ਸਥਾਪਨਾ ਕਰਕੇ ਸਾਰੇ ਜ਼ਿਲ੍ਹਿਆਂ ਅਦਾਰਿਆਂ ਅਤੇ ਵਿਭਾਗਾਂ ਨੂੰ ਲੋੜੀਂਦੇ ਫੰਡ ਮੁਹੱਈਆ ਕਰਵਾਉਣ ਦੀ ਵਿਵਸਥਾ ਕੀਤੀ ਗਈ। ਸਾਰੇ ਸ਼ਹਿਰਾਂ ਵਿੱਚ ਡਰਾਈਵਰ ਸਿਖਲਾਈ ਕੇਂਦਰ ਸਥਾਪਿਤ ਕੀਤੇ ਗਏ ਅਤੇ ਉੱਥੇ ਸਿਖਲਾਈ ਦਿੱਤੀ ਗਈ ਹੈ।

## ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਕੀਰਤਨ ਦਰਬਾਰ ਆਯੋਜਿਤ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)** ਸਿੱਖ ਕੌਮ ਦੀ ਮਹਾਨ ਵਿਰਾਸਤ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਂਡ ਐਜੂਕੇਸ਼ਨ ਟਰੱਸਟ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਹਿਲਾ ਮਹਾਨ ਕੀਰਤਨ ਦਰਬਾਰ ਹਰਦੇਵ ਸਿੰਘ ਕੌਂਸਲ ਪ੍ਰਧਾਨ ਰਾਮਗੜ੍ਹੀਆ ਸਿੱਖ ਆਰਗੇਨਾਈਜੇਸ਼ਨ ਇੰਡੀਆ ਤੇ ਚੇਅਰਮੈਨ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਐਜੂਕੇਸ਼ਨ ਟਰੱਸਟ ਅਤੇ ਪ੍ਰਦੀਪ ਸਿੰਘ ਪਲਾਹਾ ਵਾਇਸ ਚੇਅਰਮੈਨ, ਪ੍ਰਧਾਨ ਹਰਬੰਸ ਸਿੰਘ ਟਾਂਡਾ ਦੀ ਅਗਵਾਈ ਹੇਠ ਕਰਵਾਇਆ ਗਿਆ। ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਪਾਵਨ ਛਤਰ ਛਾਇਆ ਹੇਠ ਕਰਵਾਏ ਗਏ ਇਸ ਮਹਾਨ ਕੀਰਤਨ ਦਰਬਾਰ ਵਿੱਚ ਪੰਜਾਬ ਦੇ ਕੋਨੇ ਕੋਨੇ ਤੋਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰੀਆਂ ਅਤੇ ਮਹਾਨ ਸਿੱਖੀ ਵਿਰਾਸਤ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਦਰਸ਼ਨ ਕੀਤੇ। ਇਸ ਮਹਾਨ ਕੀਰਤਨ ਦਰਬਾਰ ਵਿੱਚ ਭਾਈ ਰਾਮ ਸਿੰਘ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ, ਭਾਈ ਨਿਰਮਲ ਸਿੰਘ ਹਾਜੀਪੁਰ, ਭਾਈ ਮਨਪ੍ਰੀਤ ਸਿੰਘ ਸ਼ੇਰਪੁਰ, ਭਾਈ ਵਰਿੰਦਰ ਸਿੰਘ ਖੱਖ,ਗੁਰੂ ਨਾਨਕ



ਅਕੈਡਮੀ ਲੁਧਿਆਣਾ ਦੇ ਬੱਚਿਆਂ ਦੇ ਜਥੇ ਨੇ ਤੰਤੀ ਸਾਜ਼ਾਂ ਰਾਹੀਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਜਸਵਿੰਦਰ ਸਿੰਘ ਦਸੂਹਾ, ਭਾਈ ਸਿਰਤਾਜ ਸਿੰਘ ਸਭਰਾਵਾਂ ਹੈੱਡ ਗ੍ਰੰਥੀ ਗੁਰਦੁਆਰਾ ਗਰਨਾ ਸਾਹਿਬ ਅਤੇ ਭਾਈ ਨਛੱਤਰ ਸਿੰਘ ਕਥਾਵਾਚਕ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਜਸਵਿੰਦਰ ਸਿੰਘ ਖਾਲਸਾ ਯੂ ਕੇ ਨੇ ਐਜੂਕੇਟ ਪੰਜਾਬ ਪ੍ਰੋਜੈਕਟ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ 2 ਲੱਖ ਦੇ ਕਰੀਬ ਬੱਚਿਆਂ ਨੂੰ ਗੁਰਮਤਿ ਅਤੇ ਵਿਦਿਆ ਦੇ ਨਾਲ ਜੋੜਿਆ ਜਾ ਚੁੱਕਾ ਹੈ। ਉਨ੍ਹਾਂ ਚੇਅਰਮੈਨ ਹਰਦੇਵ ਸਿੰਘ ਕੌਂਸਲ ਦੀ ਬੇਨਤੀ 'ਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਮੈਮੋਰੀਅਲ ਐਂਡ ਐਜੂਕੇਸ਼ਨ ਟਰਸਟ ਵੱਲੋਂ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵਿਖੇ ਵਿਰਾਸਤੀ ਸਕੂਲ ਖੋਲ੍ਹਣ ਦਾ ਪ੍ਰਸਤਾਵ ਸਵੀਕਾਰ ਕਰਦਿਆਂ ਕਿਹਾ ਕਿ ਇਸ ਪ੍ਰੋਜੈਕਟ ਲਈ ਉਹ ਦਿਨ ਰਾਤ ਇੱਕ ਕਰਨਗੇ ਤਾਂ ਜੋ ਇਲਾਕੇ ਦੇ ਬੱਚਿਆਂ ਨੂੰ ਵਿੱਦਿਆ ਦੀ ਸਹੂਲਤ ਮਿਲ ਸਕੇ। ਇਸ ਮੌਕੇ ਆਪਣੇ ਸੰਬੋਧਨ ਵਿੱਚ ਐਮ ਐਲ ਏ ਦਸੂਹਾ ਕਰਮਵੀਰ ਸਿੰਘ ਘੁੰਮਣ ਨੇ ਸਿਰਫ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਵਿਰਾਸਤੀ ਦਿੱਖ ਸਗੋਂ ਸਮੁੱਚੇ ਇਲਾਕੇ ਦੀ ਤਰੱਕੀ ਤੇ ਖੁਸ਼ਹਾਲੀ ਲਈ ਆਪਣੇ ਅਤੇ ਮੈਂਬਰ ਪਾਰਲੀਮੈਂਟ ਡਾਕਟਰ ਰਾਜ ਕੁਮਾਰ ਵੱਲੋਂ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਵਾਇਆ। ਇਸ ਮੌਕੇ ਚੇਅਰਮੈਨ ਹਰਦੇਵ ਸਿੰਘ ਕੌਂਸਲ, ਵਾਈਸ ਚੇਅਰਮੈਨ ਪ੍ਰਦੀਪ ਸਿੰਘ ਪਲਾਹਾ ਤੇ ਪ੍ਰਧਾਨ ਹਰਬੰਸ ਸਿੰਘ ਟਾਂਡਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਇਤਿਹਾਸਕ ਕਿਲ੍ਹਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਸਿੰਘਪੁਰ ਵਿਖੇ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਪਹਿਲੇ ਮਹਾਨ ਕੀਰਤਨ ਦਰਬਾਰ ਵਿੱਚ ਸਹਿਯੋਗ ਦੇਣ ਵਾਲੀਆਂ ਸੰਗਤਾਂ ਅਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਦਾ ਸਨਮਾਨ ਵੀ ਕੀਤਾ। ਇਸ ਮਹਾਨ ਕੀਰਤਨ ਦਰਬਾਰ ਵਿੱਚ ਕਰਮਵੀਰ ਸਿੰਘ ਘੁੰਮਣ ਐਮ ਐਲ ਏ ਦਸੂਹਾ, ਜਸਵਿੰਦਰ ਸਿੰਘ ਖ਼ਾਲਸਾ ਯੂ ਕੇ ਤੋਂ ਇਲਾਵਾ ਘੱਗਰਾ, ਜਗਜੀਤ ਸਿੰਘ ਭੂਈ ਪ੍ਰਧਾਨ ਆਲ ਇੰਡੀਆ ਸਿੰਘ ਖ਼ਾਲਸਾ ਸਭਾ, ਗੁਰਜੋਤ ਸਿੰਘ ਪੀਆਨ ਜਨਰਲ ਸਕੱਤਰ, ਮੰਗਤ ਸਿੰਘ ਭੁੱਲੀ ਪ੍ਰਧਾਨ ਆਲ ਇੰਡੀਆ ਕੰਬਾਈਨ ਮੈਨੂੰਫੈਕਚਰਜ ਐਸੋਸੀਏਸ਼ਨ, ਹਰਦੀਪ ਸਿੰਘ ਨੰਨੜੇ ਧੂਰੀ, ਬੀ ਕੇ ਕਲਸੀ ਧੂਰੀ, ਜਗਜੀਤ ਸਿੰਘ ਪਨੇਸਰ ਮਾਲਿਕ ਪਨੇਸਰ ਕੰਬਾਈਨਜ਼, ਲਖਵੀਰ ਸਿੰਘ, ਬਲਵੀਰ ਸਿੰਘ, ਧਰਮਪਾਲ ਲਲਗੋਤਰਾ ਦਸੂਹਾ, ਗੁਰਮੁਖ ਸਿੰਘ, ਡਾਕਟਰ ਚੇਨ ਸਿੰਘ ਦਸੂਹਾ, ਸੰਤੋਖ ਸਿੰਘ ਸੱਗਰਾਂ, ਇੰਦਰਜੀਤ ਸਿੰਘ ਸਿੰਘਪੁਰ, ਸਰਪੰਚ ਰਕਸ਼ ਕੁਮਾਰ ਦੇਲੋਵਾਲ, ਕਾਬਲ ਸਿੰਘ ਦਸੂਹਾ, ਮਨਜੀਤ ਸਿੰਘ ਰਾਜਪੁਰ, ਸਰਪੰਚ ਸੁਰਿੰਦਰ ਕੁਮਾਰ, ਰਘੂਨਾਥ ਰਾਣਾ ਇੰਚਾਰਜ ਭਾਜਪਾ ਹਲਕਾ ਦਸੂਹਾ, ਮੈਂਬਰ ਲਖਵੀਰ ਸਿੰਘ ਖਜ਼ਾਨਚੀ, ਦਵਿੰਦਰ ਸਿੰਘ ਘੱਗਰਾ, ਰਵਿੰਦਰ ਸਿੰਘ ਪਾਹੜਾ ਰਾਮਗੜ੍ਹ ਕੁੱਲੀਆਂ ਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ।

## ਸ਼੍ਰੀਆਂਸ ਇੰਡਸਟਰੀਜ਼ 'ਚ ਆਫਤ ਪ੍ਰਬੰਧਨ ਸੰਬੰਧੀ ਮੌਕ ਡਰਿੱਲ



**ਬਲਾਚੌਰ (ਜਸਵਿੰਦਰ ਬੈਂਸ)**- ਐਨ.ਡੀ.ਆਰ.ਐਫ (ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ) ਬਠਿੰਡਾ ਦੀ 7 ਬਟਾਲੀਅਨ ਵੱਲੋਂ ਸ਼੍ਰੀਆਂਸ ਇੰਡਸਟਰੀਜ਼ ਲਿਮਿਟਡ, ਪਿੰਡ ਬੰਨ੍ਹਾ, ਤਹਿਸੀਲ ਬਲਾਚੌਰ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਆਫਤ ਪ੍ਰਬੰਧਨ ਸੰਬੰਧੀ ਇਕ ਮੌਕ ਡਰਿੱਲ ਕਰਵਾਈ ਗਈ। ਇਸ ਮੌਕੇ ਐਨ.ਡੀ.ਆਰ.ਐਫ, ਐਸ.ਡੀ.ਆਰ.ਐਫ, ਪੁਲਸ, ਫਾਇਰ ਸੇਫਟੀ, ਸਿਹਤ, ਫੂਡ ਸਪਲਾਈ, ਡਿਪਟੀ ਡਾਇਰੈਕਟਰ ਫੈਕਟਰੀਆਂ ਸਮੇਤ ਸਾਰੇ ਸਹਿਯੋਗੀ ਵਿਭਾਗਾਂ ਦੀਆਂ ਟੀਮਾਂ ਤਾਇਨਾਤ ਸਨ। ਇਸ ਦੌਰਾਨ ਫੈਕਟਰੀ ਵਿਚ ਕਲੋਰੀਨ ਗੈਸ ਲੀਕੇਜ ਸਬੰਧੀ ਸਹਾਇਕ ਕਮਾਂਡੈਂਟ ਡੀ. ਐਲ. ਜਾਖੜ ਦੀ ਅਗਵਾਈ ਵਿਚ ਇਕ ਮੌਕ ਅਭਿਆਸ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਮੌਕ ਅਭਿਆਸ ਤੋਂ ਪਹਿਲਾਂ ਸਬੰਧਤ ਵਿਭਾਗਾਂ ਨਾਲ ਓਰੀਐਂਟੇਸ਼ਨ ਅਤੇ ਤਾਲਮੇਲ-ਕਮ-ਟੇਬਲ ਟਾਪ ਐਕਸਰਸਾਈਜ਼ ਕਰ ਲਈ ਗਈ ਸੀ। ਉਨ੍ਹਾਂ ਦੱਸਿਆ ਕਿ ਸੀ.ਆਰ.ਡੀ.ਐਨ (ਰਸਾਇਣ, ਰੇਡੀਓਲਾਜੀਕਲ, ਜੈਵਿਕ ਅਤੇ ਪ੍ਰਮਾਣੂ) ਮੌਕ ਅਭਿਆਸ ਵਿਸ਼ੇਸ਼ ਤੌਰ 'ਤੇ ਜਾਗਰੂਕਤਾ ਅਤੇ ਤਾਲਮੇਲ ਨੂੰ ਉਤਸ਼ਾਹਿਤ ਕਰਨ ਲਈ, ਖਾਸ ਕਰਕੇ ਉਦਯੋਗਿਕ ਸੁਰੱਖਿਆ ਦੇ ਨਜ਼ਰੀਏ ਤੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਅਭਿਆਸ ਦਾ ਮੁੱਖ ਉਦੇਸ਼ ਵੱਖ-ਵੱਖ ਸਰਕਾਰੀ ਅਤੇ ਉਦਯੋਗਿਕ ਵਿਭਾਗਾਂ ਵਿਚਕਾਰ ਤਾਲਮੇਲ ਨੂੰ ਮਜ਼ਬੂਤ ਕਰਨਾ, ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਉਨ੍ਹਾਂ ਦੀਆਂ ਤਿਆਰੀਆਂ ਨੂੰ ਵਧਾਉਣਾ ਅਤੇ ਜਨਤਕ ਸੁਰੱਖਿਆ ਤੋਂ ਜਨਤਾ ਨੂੰ ਜਾਗਰੂਕ ਕਰਨਾ ਹੈ।ਉਨ੍ਹਾਂ ਮੌਕ ਅਭਿਆਸ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸ਼੍ਰੀਆਂਸ ਇੰਡਸਟਰੀਜ਼ ਦਾ ਧੰਨਵਾਦ ਕੀਤਾ।ਇਸ ਮੌਕੇ ਮੌਜੂਦ ਐਨ.ਡੀ.ਐਮ ਬਲਾਚੌਰ ਟੀਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਆਫ਼ਤ ਜਾਂ ਐਮਰਜੈਂਸੀ ਸਥਿਤੀ ਮੌਕੇ ਵੱਖ-ਵੱਖ ਵਿਭਾਗਾਂ ਦਾ ਆਪਸੀ ਤਾਲਮੇਲ ਬੇਹੱਦ ਜ਼ਰੂਰੀ ਹੁੰਦਾ ਹੈ ਅਤੇ ਇਸ ਦੌਰਾਨ ਮਨੁੱਖੀ ਜੀਵਨ ਬਚਾਉਣ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਇਸ ਮੌਕੇ ਸ਼੍ਰੀਆਂਸ ਇੰਡਸਟਰੀਜ਼ ਦੇ ਪ੍ਰੈਜ਼ੀਡੈਂਟ ਐਸ. ਆਰ ਭਾਰਦਵਾਜ, ਏ.ਜੀ.ਐਮ (ਐਡਮਿਨ) ਗੁਲਸ਼ਨ ਸ਼ਰਮਾ, ਐਨ.ਡੀ.ਆਰ.ਐਫ ਦੇ ਇੰਸਪੈਕਟਰ ਜਸਵੰਤ ਸਿੰਘ ਤੋਂ ਇਲਾਵਾ ਸਮੂਹ ਤਹਿਸੀਲਦਾਰ, ਇੰਡਸਟਰੀਆਂ ਦੇ ਨੁਮਾਇੰਦੇ ਅਤੇ ਸੰਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਜ਼ਰੂਰਤਮੰਦ ਲੜਕੀਆਂ ਦੇ ਕਰਵਾਏ ਅਨੰਦ ਕਾਰਜ





**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਡੇਰਾ ਬਾਬਾ ਭਗਤ ਰਾਮ ਦੇ ਗੱਦੀਨਸ਼ੀਨ ਸੰਤ ਨਰੇਸ਼ ਗਿਰੀ ਮਹਾਰਾਜ ਦੀ ਰਹਿਨੁਮਾਈ ਹੇਠ ਮਾਨਵਤਾ ਸੇਵਾ ਸੁਸਾਇਟੀ ਦੇ ਪ੍ਰਧਾਨ ਅਵਤਾਰ ਸਿੰਘ ਤਾਰੀ ਦੀ ਅਗਵਾਈ ਵਿੱਚ ਪਿੰਡ ਨੰਗਲ ਖੂੰਗਾ ਵਿਖੇ ਕਰਵਾਇਆ ਗਿਆ ਸੰਤ ਸੰਮੇਲਨ ਅਤੇ ਸਮੂਹਿਕ ਅਨੰਦ ਕਾਰਜ ਬੜੀ ਸ਼ਰਧਾ ਪੂਰਵਕ ਸੰਪੰਨ ਹੋ ਨਿਬੜਿਆ। ਸੰਤ ਸੰਮੇਲਨ ਦੌਰਾਨ ਸੰਤ ਨਰੇਸ਼ ਗਿਰੀ ਮਹਾਰਾਜ, ਸੰਤ ਜਸਪਾਲ ਸਿੰਘ ਉੜਰਾ ਵਾਲੇ, ਸੰਤ ਸੋਢੀ ਸ਼ਾਹ ਚੋਲੀਪੁਰ ਵਾਲੇ, ਮਹੰਤ ਰਾਮ ਗਿਰੀ ਰਾਮਪੁਰ ਕੰਡੀ ਵਾਲੇ, ਸੰਤ ਬਲਵੰਤ ਸ਼ਾਹ ਦਾਰਾਪੁਰ ਵਾਲੇ, ਸੰਤ ਬਲਵੀਰ ਗਿਰੀ ਨਿਹਾਲਪੁਰ ਵਾਲੇ, ਸੰਤ ਹਰਜਿੰਦਰ ਸਿੰਘ ਗੋਲਡੀ ਅਤੇ ਹੋਰ ਸੰਤ ਮਹਾਂਪੁਰਸ਼ਾਂ ਨੇ ਆਪਣੇ ਪ੍ਰਵਚਨਾ ਰਾਹੀਂ ਸੰਗਤ ਨੂੰ ਪ੍ਰਭੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ।

ਸੰਤ ਸੰਮੇਲਨ ਉਪਰੰਤ ਜਰੂਰਤਮੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਆਨੰਦ ਕਾਰਜ ਕਰਵਾਏ ਗਏ।ਇਸ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੰਤ ਨਰੇਸ਼ ਗਿਰੀ ਮਹਾਰਾਜ ਨੇ ਕਿਹਾ ਕਿ ਸੰਸਾਰ ਵਿੱਚ ਸਭ ਤੋਂ ਵੱਡਾ ਦਾਨ ਕੰਨਿਆਂ ਦਾਨ ਸਰਵੋਤਮ ਦਾਨ ਕਿਹਾ ਜਾਂਦਾ ਹੈ, ਇਸ ਲਈ ਹਰ ਇਨਸਾਨ ਨੂੰ ਜ਼ਰੂਰਤਮੰਦ ਗਰੀਬ ਪਰਵਾਰਾਂ ਦੀਆਂ ਲੜਕੀਆਂ ਦੇ ਆਨੰਦ ਕਾਰਜ ਕਰਵਾਉਣ ਵਿੱਚ ਆਪਣਾ ਬਣਦਾ ਵਡਮੁੱਲਾ ਯੋਗਦਾਨ ਜਰੂਰ ਪਾਉਣਾ ਚਾਹੀਦਾ ਹੈ।ਇਸ ਮੌਕੇ ਮਾਨਵਤਾ ਸੇਵਾ ਸੋਸਾਇਟੀ ਨੰਗਲ ਖੂੰਗਾ ਵੱਲੋਂ ਮੁਫਤ ਮੈਡੀਕਲ ਚੈਕਅੱਪ ਅਤੇ ਲਗਾਇਆ ਗਿਆ ਖੂਨਦਾਨ ਕੈਂਪ ਦੋਨੋਂ ਦਿਨ ਚੱਲਦਾ ਰਿਹਾ ਜਿਸ ਵਿੱਚ 300 ਤੋਂ ਵੱਧ ਮਰੀਜ਼ਾਂ ਦਾ ਚੈਕਅੱਪ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ ਅਤੇ 40 ਤੋਂ ਵੱਧ ਨੌਜਵਾਨਾਂ ਨੇ ਖੂਨਦਾਨ ਕੀਤਾ। ਸੁਸਾਇਟੀ ਪ੍ਰਧਾਨ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ ਸਾਡੀ ਸੁਸਾਇਟੀ ਵੱਲੋਂ ਆਏ ਦਿਨ ਜਰੂਰਤਮੰਦ ਲੜਕੀਆਂ ਦੇ ਆਨੰਦ ਕਾਰਜ ਕਰਵਾਏ ਜਾਂਦੇ ਹਨ ਜਿਸ ਦਾ ਸਾਰਾ ਖਰਚਾ ਡੇਰਾ ਬਾਬਾ ਭਗਤ ਰਾਮ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸਾਡੀ ਸੋਸਾਇਟੀ ਵੱਲੋਂ ਮੁਫਤ ਮੈਡੀਕਲ ਚੈਕਅੱਪ ਤੇ ਖੂਨਦਾਨ ਕੈਂਪ ਵੀ ਲਗਾਏ ਜਾ ਰਹੇ ਹਨ ਅਤੇ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਹਸਪਤਾਲ ਚ ਦਾਖਲ ਮਰੀਜ਼ਾਂ ਨੂੰ ਮਾਲੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ।ਸਮਾਰੋਹ ਦੇ ਆਖਰ ਵਿੱਚ ਸੰਤ ਨਰੇਸ਼ ਗਿਰੀ ਮਹਾਰਾਜ ਅਤੇ ਸੋਸਾਇਟੀ ਪ੍ਰਧਾਨ ਅਵਤਾਰ ਸਿੰਘ ਤਾਰੀ ਨੇ ਸ਼ਾਦੀ ਵਾਲੇ ਜੋੜਿਆਂ ਨੂੰ ਸਦਾ ਸੁਖੀ ਰਹਿਣ ਦਾ ਆਸ਼ੀਰਵਾਦ ਦਿੱਤਾ।ਇਸ ਮੌਕੇ ਸੰਤ ਪਾਲ ਸਿੰਘ, ਸਤਪਾਲ ਸਿੰਘ ਸੱਤਾ, ਸੁਰਜੀਤ ਸਿੰਘ, ਤਾਇਆ ਟੱਲੀ ਰਾਮ, ਅਮਰਦੀਪ ਸਿੰਘ, ਨਰਿੰਦਰ ਜੀਤ ਸਿੰਘ, ਉਪਿੰਦਰ ਸਿੰਘ, ਸਰਬਜੀਤ ਸਿੰਘ, ਚਰਨਦੀਪ ਸਿੰਘ, ਨਵਰਾਜ ਦੀਪ ਸਿੰਘ ਅਤੇ ਹੋਰ ਉੱਘੀਆਂ ਸ਼ਖਸੀਅਤਾਂ ਹਾਜ਼ਰ ਸਨ।

## ਐਮ ਆਈ ਜੀ ਸੁਪਰ ਐਸੋਸੀਏਸ਼ਨ ਨੇ ਕਰਵਾਇਆ ਸੱਭਿਆਚਾਰਕ ਪ੍ਰੋਗਰਾਮ

**ਮੋਹਾਲੀ, (ਗੁਰਜੀਤ ਬਿੱਲਾ)** ਸਥਾਨਕ ਟੇਲੈਂਟ ਨੂੰ ਲੋਕਾਂ ਸਾਹਮਣੇ ਪ੍ਰਗਟ ਕਰਨ ਦਾ ਐਮ ਆਈ ਜੀ ਸੁਪਰ ਐਸੋਸੀਏਸ਼ਨ ਦਾ ਇਹ ਵਿਲੱਖਣ ਉਪਰਾਲਾ ਹੈ ਜਿਸ ਵਿੱਚ ਸੁਪਰ ਮਕਾਨਾਂ ਦੇ ਵਸ਼ਿੰਦਿਆਂ ਦੀ ਗੀਤ, ਨਾਚ, ਵਿਦਵਤਾ ਰੂਪੀ ਕਲਾ ਨੂੰ ਲੋਕਾਂ ਸਾਹਮਣੇ ਪੇਸ਼ ਕਰਕੇ ਇਨ੍ਹਾਂ ਕਲਾਕਾਰਾਂ ਨੂੰ ਉਚੀ ਉਡਾਨ ਭਰਨ ਦਾ ਰਾਹ ਖੋਲ੍ਹਿਆ ਹੈ।ਜਿਸ ਵਿੱਚ ਐਮ ਸੀ ਸੁਖਦੇਵ ਸਿੰਘ ਪਟਵਾਰੀ, ਪ੍ਰਧਾਨ ਆਰ ਪੀ ਕੰਬੋਜ ਤੇ ਆਰ ਕੇ ਗੁਪਤਾ ਦਾ ਮਹੱਤਵਪੂਰਨ ਰੋਲ ਹੈ।ਅੱਜ ਵੀ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਪ੍ਰੋਗਰਾਮ ਦੇ ਵੱਖ ਵੱਖ ਰੂਪਾਂ ਵਿੱਚ ਪਾਈ ਹਿੱਸੇਦਾਰੀ ਸਲਾਹੁਣਯੋਗ ਹੈ ਜੋ ਮੋਹਾਲੀ ਦੇ ਹੋਰ ਸੈਕਟਰਾਂ ਦੇ ਵਾਸੀਆਂ ਨੂੰ ਵੀ ਅਜਿਹੇ ਪ੍ਰੋਗਰਾਮ ਕਰਨ ਦੀ ਪ੍ਰੇਰਨਾ ਹੈ।

ਸੈਕਟਰ 70 ਦੇ ਐਮ ਸੀ ਸੁਖਦੇਵ ਸਿੰਘ ਪਟਵਾਰੀ ਨੇ ਸਮੂਹ ਲੋਕਾਂ ਖਾਸ ਕਰਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਤੇ ਜ਼ਿਲ੍ਹਾ ਮੁੱਖ ਖੇਤੀਬਾੜੀ ਅਫਸਰ ਡਾ. ਗੁਰਮੇਲ ਸਿੰਘ ਦਾ ਧੰਨਵਾਦ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਆਰ ਪੀ ਕੰਬੋਜ ਨੇ ਇਲਾਕੇ ਵਿੱਚ ਵਧ ਰਹੀਆਂ ਚੋਰੀਆਂ ਨੂੰ ਰੋਕਣ ਲਈ ਐਮ ਆਈ ਜੀ ਸੁਪਰ ਵਿਚ ਬੈਰੀਕੇਡਿੰਗ ਕਰਨ ਦੀ ਗੱਲ ਕੀਤੀ, ਜਦੋਂ ਕਿ ਵਿਧਾਇਕ ਕੁਲਵੰਤ ਸਿੰਘ ਨੇ ਐਮ ਆਈ ਜੀ ਸੁਪਰ 'ਚ ਲਿਫਟਾਂ ਤੇ ਉਪਰ ਪਾਣੀ ਵਾਲੀਆਂ ਟੈਂਕੀਆਂ ਨੂੰ ਰਾਹ ਬਣਾਉਣ ਲਈ ਜਲਦੀ ਹੀ ਗਮਾਡਾ ਅਧਿਕਾਰੀਆਂ ਤੋਂ ਕਰਾਉਣ ਦਾ ਐਲਾਨ ਕੀਤਾ। ਫਿਰ ਸ਼ੁਰੂ ਹੋਇਆ ਗੀਤਾਂ ਕਵਿਤਾਵਾਂ ਦਾ ਦੌਰ ਜਿਸ ਦੀ ਸ਼ੁਰੂਆਤ ਧਵਨ ਸ਼ੁਕਲਾ ਨੇ ਭਜਨ ਗਾ ਕੇ ਕੀਤੀ। ਫਿਰ 8ਵੀਂ ਜਮਾਤ ਦੇ ਬੱਚੇ ਆਰਵ ਨਰੂਲਾਂ ਨੇ ਦੇਸ਼ ਭਗਤੀ ਦਾ ਗੀਤ, 'ਮੈਂ ਉਸ ਭਾਰਤ ਤੋਂ ਆਉਂਦਾ ਹਾਂ ਜਿਸ ਦੇ ਹੋਠਾਂ 'ਚ ਗੰਗਾਂ ਤੇ ਹੱਥ 'ਚ ਤਰਿੰਗਾ ਹੈ' ਗਾਇਆ। ਫਿਰ ਆ ਕੇ ਵਰਮਾ ਨੇ ਪਹਾੜੀ ਕੁੜੀ ਦਾ ਗੀਤ ਚੰਬਾ ਕਿੰਨੀ ਕੁ ਦੂਰ ਗਾ ਕੇ ਲੋਕਾਂ ਨੂੰ ਭਾਵੁਕ ਕਰ ਦਿੱਤਾ।ਫਿਰ ਵਾਰੀ ਆਈ ਗੁਲਸ਼ਨ ਨਈਅਰ ਦੀ ਜਿਨ੍ਹਾਂ ਨੇ ਮੁਖ ਸੇ ਪਰਦਾ ਹਟਾ ਦੇ ਸਾਥੀਆਂ ਪੇਸ਼ ਕੀਤਾ।ਫਿਰ 13 ਸਾਲਾ ਹਿਮਾਨਸ਼ੀ ਚਾਵਲਾ ਨੇ ਆਪਣੀ ਲਿਖੀ ਕਿਤਾਬ ਵਿਚੋਂ ਕਵਿਤਾ ਪੇਸ਼ ਕੀਤੀ।ਐਮ ਆਈ ਸੁਪਰ ਦੇ ਮੁਕੇਸ਼ ਕੁਮਾਰ ਕਹੇ ਜਾਂਦੇ ਪੰਕੇਜ ਨੇ ਗੁਰਦਾਸ ਮਾਨ ਦਾ ਗੀਤ 'ਮਾਮਲਾ ਗੜਬੜ ਹੈ' ਪੇਸ਼ ਕਰਕੇ ਸਰੋਤਿਆ ਦੀ ਵਾਹ ਵਾਹ ਖੱਟੀ।ਫਿਰ ਬੀ ਐਸ ਠਾਕੁਰ ਨੇ ਬੜੀ ਦੂਰ ਸੇ ਆਏ ਹੈਂ, ਪਿਆਰ ਕਾ ਤੋਹਫਾ ਲਾਏ ਹੈਂ' ਪੇਸ਼ ਕੀਤਾ, ਫਿਰ ਵਾਰੀ ਆਈ ਸੁਰਸੰਗਮ ਸੋਸਾਇਟੀ ਦੇ ਸਟਾਰ ਕਲਾਕਾਰ ਸੋਭਾ ਗੌਰੀਆ ਦੀ ਜਿਸ ਨੇ 'ਯਾਰ ਬੈਠ ਗਿਆ ਨੈਣਾਂ ਦੇ ਵਿਚ ਆ ਕੇ' ਤੇ ਆਰ ਕੇ ਗੁਪਤਾ ਨੇ 'ਯਾਦ ਉਨ ਕੋ ਵੀ ਮੇਰੀ ਆਤੀ ਹੋ ਗੀ' ਗਾ ਕੇ ਸਰੋਤੇ ਝੂਮਣ ਲਾ ਦਿੱਤੇ ਅਤੇ ਨਾਲ ਹੀ ਐਸ ਪੀ ਦੁੱਗਲ ਨੇ ਆਪਣਾ ਪੰਜਾਬ ਹੋਵੇ ਘਰ ਦੀ ਸ਼ਰਾਬ ਹੋਵੇ ਗਾ ਕੇ ਪ੍ਰੋਗਰਾਮ ਸਿਖਰ 'ਤੇ ਪਹੁੰਚਾ ਦਿੱਤਾ।ਫਿਰ ਵਾਰੀ ਆਈ ਸੁਖਦੇਵ ਸਿੰਘ ਪਟਵਾਰੀ ਦੀ ਜਿਸ ਨੇ ਹੀਰ ਗਾ ਕੇ ਸਰੋਤਿਆ ਦੀ ਵਾਹ ਵਾਹ ਖੱਟੀ, ਡਾ. ਦੀਪਕ ਨੇ ਲੋਕ ਕਹਿੰਦੇ ਹੈਂ ਮੈਂ ਸ਼ਰਾਬੀ ਹੂੰ ਗਾ ਕੇ ਪ੍ਰੋਗਰਾਮ 'ਚ ਬੈਠੇ ਸ਼ਰਾਬ ਪੀਣ ਵਾਲਿਆਂ ਨੂੰ ਚੂੰਢੀ ਵੱਢ ਦਿੱਤੀ। ਫਿਰ ਛੋਟੀਆਂ ਬੱਚੀਆਂ ਦੇ ਗਰੁੱਪ ਤੇ ਇਕ ਹੋਰ ਬੱਚੀ ਮੰਨਤ ਨੇ ਡਾਂਸ ਕਰਕੇ ਤੇ ਅੰਤ ਵਿੱਚ ਸਾਰੀਆਂ ਔਰਤਾਂ ਨੇ ਡੀ ਜੇ ਉਤੇ ਨੱਚ ਕੇ ਸਿੱਖਰ ਉਤੇ ਪਹੁੰਚਾ ਦਿੱਤਾ। ਸਟੇਜ ਦੀ ਕਾਰਵਾਈ ਗੁਰਪ੍ਰੀਤ ਕੌਰ ਭੁੱਲਰ ਨੇ ਬਹੁਤ ਹੀ ਬਾਖੂਬੀ ਨਿਭਾਈ ਜਿਨ੍ਹਾ ਨੇ ਕਲਾਕਾਰਾਂ ਦੀ ਖਾਲੀ ਥਾਂ ਨੂੰ ਸ਼ੇਅਰ ਟੱਪੇ ਤੇ ਵਧੀਆ ਸ਼ਬਦਾਵਲੀ ਰਾਹੀ ਪੂਰਿਆ। ਸਮੂਹ ਸਰੋਤਿਆਂ ਨੇ ਭੁੱਲਰ ਵੱਲੋਂ ਨਿਭਾਈ ਸਟੇਜ ਦੀ ਜ਼ਿੰਮੇਵਾਰੀ ਦੀ ਭਰਪੂਰ ਦਾਤ ਦਿੱਤੀ। ਅੰਤ ਵਿੱਚ ਐਸੋਸੀਏਸ਼ਨ ਵੱਲੋਂ ਕੁਲਵੰਤ ਸਿੰਘ, ਡਾ. ਗੁਰਮੇਲ ਸਿੰਘ ਤੇ ਸਾਰੇ ਕਲਾਕਾਰਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ।ਵਧੀਆ ਪ੍ਰਾਪਤੀਆਂ ਲਈ ਬੱਚੀ ਹਿਮਾਕਸ਼ੀ ਚਾਵਲਾ ਦੋ ਕਿਤਾਬਾਂ ਦੀ ਲੇਖਕਾਂ) ਰੋਲ 'ਚ ਹਾਕੀ ਵਿੱਚ ਸਟੇਟ ਵਿਚੋਂ ਕਾਂਸ਼ੀ ਤਮਗਾ ਜੇਤੂ ਬੱਚੇ ਧਵਨ ਚਾਵਲਾ ਅਤੇ ਸਟੇਟ ਐਵਾਰਡੀ ਗੁਰਪ੍ਰੀਤ ਕੌਰ ਭੁੱਲਰ ਨੂੰ ਵੀ ਸਨਮਾਨਤ ਕੀਤਾ। ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਮੋਧ ਮਿੱਤਰਾ ਐਮ ਸੀ, ਬਲਵਿੰਦਰ ਬੱਲੀ, ਕਰਨੈਲ ਸਿੰਘ ਜੰਡੂ, ਪ੍ਰੋ. ਗੁਲਦੀਪ ਸਿੰਘ, ਨੀਲਮ ਕੱਕੜ, ਸ਼ੋਭਾ ਠਾਕੁਰ, ਵਰਿੰਦਰਪਾਲ ਕੌਰ, ਆਰ ਕੇ ਧੂੜੀਆ, ਗੁਰਦੇਵ ਸਿੰਘ ਚੌਹਾਨ, ਨਰਿੰਦਰ ਕੌਰ, ਗੁਰਮੀਤ ਕੌਰ, ਨੀਲਮ ਧੂਰੀਆ, ਸੀਮਾ ਸ਼ਰਮਾ, ਕਿਰਨ ਟੰਡਨ, ਜਰਨੈਲ ਸਿੰਘ, ਪੀ ਕੇ ਚਾਂਦ, ਡਾ. ਕੁਲਦੀਪ ਸਿੰਘ, ਕੁਲਦੀਪ ਸਿੰਘ, ਅਕਵਿੰਦਰ ਗੋਸਲ, ਜਸਪਾਲ ਬਿੱਲਾ, ਪੀ ਏ ਹੈਪੀ ਆਦਿ ਵੀ ਸ਼ਾਮਲ ਸਨ।



## ਮਹਾਂਰਿਸ਼ੀ ਵਾਲਮੀਕਿ ਦਾ ਜਨਮ ਦਿਹਾੜਾ ਧੂਮ-ਧਾਮ ਨਾਲ ਮਨਾਇਆ

**ਚੰਡੀਗੜ੍ਹ, (ਕ੍ਰਿਸ਼ਨ ਗਰਗ)** ਸ੍ਰੀ ਰਾਮ ਕਥਾ ਦੀ ਸਭ ਤੋਂ ਪਹਿਲਾਂ ਰਚਨਾ ਕਰਨ ਵਾਲੇ ਮੂਲ ਕਵੀ ਮਹਾਂਰਿਸ਼ੀ ਵਾਲਮੀਕਿ ਦਾ ਜਨਮ ਦਿਹਾੜਾ ਹਰਿਆਣਾ 'ਚ ਮਨਾਇਆ ਗਿਆ। ਇਸ ਮੌਕੇ ਜੀਂਦ ਜ਼ਿਲ੍ਹੇ ਦੇ ਏਕਲਵਿਆ ਸਟੇਡੀਅਮ ਵਿੱਚ ਇੱਕ ਸ਼ਾਨਦਾਰ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਿਰਕਤ ਕੀਤੀ।ਇਸ ਮੌਕੇ ਮੁੱਖ ਮੰਤਰੀ ਨੇ ਨਰਵਾਣਾ ਵਿੱਚ ਮਹਾਂਰਿਸ਼ੀ ਵਾਲਮੀਕਿ ਭਵਨ ਲਈ 51 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ।ਇਸ ਤੋਂ ਇਲਾਵਾ ਹਿਸਾਰ ਵਿੱਚ ਹੋਸਟਲ ਬਣਾਉਣ ਵਿੱਚ ਵੀ ਮਦਦ ਕਰਨ ਦਾ ਭਰੋਸਾ ਦਿੱਤਾ ਇਸ ਮੌਕੇ ਮੁੱਖ ਮੰਤਰੀ ਨੇ ਮਹਾਂਰਿਸ਼ੀ ਵਾਲਮੀਕਿ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਉਹ ਇਸ ਸਮਾਗਮ ਵਿੱਚ ਆ ਕੇ ਬਹੁਤ ਖੁਸ਼ੀ ਅਤੇ ਮਾਣ ਮਹਿਸੂਸ ਕਰ ਰਹੇ ਹਨ।

ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਹਾਂਰਿਸ਼ੀ ਵਾਲਮੀਕਿ ਦੁਆਰਾ ਰਾਮਾਇਣ ਵਿੱਚ ਇੱਕ ਆਦਰਸ਼ ਸ਼ਾਸਕ ਲਈ ਨਿਰਧਾਰਤ ਮਾਪਦੰਡਾਂ ਦੀ ਪਾਲਣਾ ਕਰਦੇ ਹੋਏ ਸਾਡੀ ਸਰਕਾਰ ਹਰਿਆਣਾ ਰਾਜ ਦੇ ਹਰ ਨਾਗਰਿਕ ਦੀ ਭਲਾਈ ਅਤੇ ਉੱਨਤੀ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਪਣੇ ਚੋਣ ਮੈਨੀਫੈਸਟੋ ਦੇ ਵਾਅਦੇ ਨੂੰ ਪੂਰਾ ਕਰਦਿਆਂ ਸੂਬਾ ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ ਰਾਖਵੇਂਕਰਨ ਨੂੰ ਦੋ ਸ਼੍ਰੇਣੀਆਂ ਵੰਚਿਤ ਅਨੁਸੂਚਿਤ ਜਾਤੀਆਂ ਅਤੇ ਹੋਰ ਅਨੁਸੂਚਿਤ ਜਾਤੀਆਂ ਵਿੱਚ ਵੰਡਣ ਨੂੰ ਲਾਗੂ ਕੀਤਾ ਹੈ।ਸਰਕਾਰੀ ਸੇਵਾਵਾਂ ਵਿੱਚ ਸਿੱਧੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ ਲਈ ਰਾਖਵੇਂ 20 ਫੀਸਦੀ ਕੋਟੇ ਵਿੱਚੋਂ ਅੱਧਾ ਭਾਵ 10 ਫੀਸਦੀ ਕੋਟਾ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਮੀਦਵਾਰਾਂ ਲਈ ਰਾਖਵਾਂ ਰੱਖਿਆ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮਹਾਂਰਿਸ਼ੀ ਵਾਲਮੀਕਿ ਜੀ ਅਤੇ ਹੋਰ ਸੰਤਾਂ, ਮਹਾਤਮਾਵਾਂ ਅਤੇ ਮਹਾਪੁਰਸ਼ਾਂ ਦੇ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਸੂਬਾ ਸਰਕਾਰ ਵੱਲੋਂ ਰਾਜ ਪੱਧਰ 'ਤੇ ਮਨਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਮਹਾਂਰਿਸ਼ੀ ਵਾਲਮੀਕਿ ਜੀ, ਸੰਤ ਕਬੀਰ ਦਾਸ ਜੀ, ਸੰਤ ਰਵਿਦਾਸ ਜੀ ਅਤੇ ਬਾਬਾ ਸਾਹਿਬ ਅੰਬੇਡਕਰ ਜੀ ਵਰਗੇ ਮਹਾਂਪੁਰਖਾਂ ਦੇ ਵਿਚਾਰਾਂ ਦਾ ਪ੍ਰਚਾਰ ਕਰਨ ਲਈ ਵੱਡੇ ਸ਼ਹਿਰਾਂ ਵਿੱਚ ਸਮਰਸਤਾ ਹੈਰੀਟੇਜ ਸੈਂਟਰ ਸਥਾਪਿਤ ਕਰੇਗੀ।ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਨੇ ਸਫ਼ਾਈ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਹਰਿਆਣਾ ਰਾਜ ਸਫ਼ਾਈ ਕਰਮਚਾਰੀ ਕਮਿਸ਼ਨ ਦਾ ਗਠਨ ਕੀਤਾ ਹੈ।ਸਫ਼ਾਈ ਕਰਮਚਾਰੀਆਂ ਦੀ ਡਿਊਟੀ ਦੌਰਾਨ ਮੌਤ ਹੋਣ 'ਤੇ 5 ਲੱਖ ਰੁਪਏ ਅਤੇ ਸੀਵਰੇਜ 'ਚ ਕੰਮ ਕਰਦੇ ਸਮੇਂ ਮੌਤ ਹੋਣ 'ਤੇ 10 ਲੱਖ ਰੁਪਏ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ।ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਗਰੀਬਾਂ ਲਈ 5 ਲੱਖ ਨਵੇਂ ਘਰ ਬਣਾਏ ਜਾਣਗੇ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਤਹਿਤ 14 ਸ਼ਹਿਰਾਂ ਦੇ 15 ਹਜ਼ਾਰ 250 ਗਰੀਬ ਪਰਿਵਾਰਾਂ ਨੂੰ 30-30 ਵਰਗ ਗਜ਼ ਦੇ ਪਲਾਟ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਸੋਚ ਹੈ ਕਿ ਆਖਰੀ ਵਿਅਕਤੀ ਨੂੰ ਉਸ ਦਾ ਹੱਕ ਮਿਲੇ ਅਤੇ ਉੱਚਾ ਚੁੱਕਿਆ ਜਾਵੇ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਦੇ ਲੋਕਾਂ ਨੇ ਵਿਧਾਨ ਸਭਾ ਵਿੱਚ ਗਰੀਬ ਲੋਕਾਂ ਦੇ ਬੀਪੀਐਲ ਕਾਰਡ ਬਣਾਉਣ ਦਾ ਵੀ ਵਿਰੋਧ ਕੀਤਾ।।ਇਸ ਮੌਕੇ ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬੜੋਲੀ, ਸਿੱਖਿਆ ਮੰਤਰੀ ਮਹੀਪਾਲ ਢਾਂਡਾ, ਸਹਿਕਾਰਤਾ ਮੰਤਰੀ ਡਾ: ਅਰਵਿੰਦ ਸ਼ਰਮਾ, ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਸ਼ਿਆਮ ਸਿੰਘ ਰਾਣਾ, ਲੋਕ ਨਿਰਮਾਣ ਮੰਤਰੀ ਰਣਬੀਰ ਸਿੰਘ ਗੰਗਵਾ ਤੋਂ ਇਲਾਵਾ ਕਈ ਸੰਸਦ ਮੈਂਬਰ ਅਤੇ ਵਿਧਾਇਕ ਪੁੱਜੇ ਹੋਏ ਸਨ।

## ਡਿਸਟ੍ਰਿਕਟ ਗਵਰਨਰ ਲਾਇਨ ਬੱਚਾਜੀਵੀ ਨੇ ਰੀਜਨ ਚੇਅਰਮੈਨ ਲਾਇਨ ਮਾਰਕੰਡਾ ਦੇ ਦਫ਼ਤਰ ਦਾ ਕੀਤਾ ਦੌਰਾ

**ਫਗਵਾੜਾ (ਢੱਡਾ)**- ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਗਵਰਨਰ ਲਾਇਨ ਰਸ਼ਪਾਲ ਸਿੰਘ ਬੱਚਾਜੀਵੀ ਨੇ ਰੀਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਦੇ ਸੁਭਾਸ਼ ਨਗਰ ਸਥਿਤ ਦਫਤਰ ਚਿਰਾਗ ਐਸੋਸੀਏਟਸ ਦਾ ਦੌਰਾ ਕੀਤਾ। ਜਿੱਥੇ ਰੀਜਨ ਚੇਅਰਮੈਨ ਲਾਇਨ ਆਸ਼ੂ ਮਾਰਕੰਡਾ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਇਸ ਦੌਰਾਨ ਦੋਵਾਂ ਲਾਇਨਜ਼ ਅਹੁਦੇਦਾਰਾਂ ਵਿਚਾਲੇ ਦਸੰਬਰ ਮਹੀਨੇ ਦੇ ਪ੍ਰਾਜੈਕਟਾਂ ਸਬੰਧੀ ਵਿਚਾਰਾਂ ਹੋਈਆਂ। ਮੀਟਿੰਗ ਉਪਰੰਤ ਲਾਇਨ ਆਸ਼ੂ ਮਾਰਕੰਡਾ ਨੇ ਦੱਸਿਆ ਕਿ ਦਸੰਬਰ ਮਹੀਨੇ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਹ ਕੈਲੰਡਰ ਵਰ੍ਹੇ ਦਾ ਆਖਰੀ ਮਹੀਨਾ ਹੈ। ਜਿਸ ਵਿੱਚ ਕ੍ਰਿਸਮਸ ਅਤੇ ਨਵੇਂ ਸਾਲ ਵਰਗੇ ਆਯੋਜਨ ਅਤੇ ਸਰਦੀ ਦਾ ਪੂਰਾ ਜ਼ੋਰ ਰਹਿੰਦਾ ਹੈ।ਇਸ ਲਈ ਅੱਜ ਦੀ ਮੀਟਿੰਗ ਵਿੱਚ ਲਾਇਨਜ਼ 321-ਡੀ ਦੀਆਂ ਸਾਰੀਆਂ ਕਲੱਬਾਂ



ਨੂੰ ਜਿਨ੍ਹਾਂ ਪ੍ਰੋਜੈਕਟਾਂ ਲਈ ਪ੍ਰੇਰਿਤ ਕੀਤਾ ਜਾਣਾ ਹੈ, ਉਨ੍ਹਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਡਿਸਟ੍ਰਿਕਟ ਗਵਰਨਰ ਲਾਇਨ ਬੱਚਾਜੀਵੀ ਨੇ ਕਿਹਾ ਕਿ ਠੰਢ ਦੇ ਮੌਸਮ ਵਿੱਚ ਗਰੀਬ ਵਰਗ ਦੇ ਲੋਕਾਂ ਨੂੰ ਠੰਢ ਤੋਂ ਬਚਣ ਲਈ ਕਾਫੀ ਜੱਦੋ-ਜਹਿਦ ਕਰਨੀ ਪੈਂਦੀ ਹੈ। ਇਸ ਲਈ ਇਹ ਕੋਸ਼ਿਸ਼ ਰਹੇਗੀ ਕਿ ਲੋੜਵੰਦ ਵਿਦਿਆਰਥੀਆਂ ਨੂੰ ਗਰਮ ਜੁਰਾਬਾਂ, ਬੂਟ ਅਤੇ ਸਵੈਟਰ ਆਦਿ ਵੰਡੇ ਜਾਣ। ਇਸ ਤੋਂ ਇਲਾਵਾ ਸਮੂਹ ਲਾਇਨਜ਼ ਕਲੱਬਾਂ ਨੂੰ ਝੁੱਗੀਆਂ ਵਿੱਚ ਰਹਿਣ ਵਾਲੇ ਲੋੜਵੰਦ ਲੋਕਾਂ ਨੂੰ ਗਰਮ ਕੰਬਲ ਵਰਗੀਆਂ ਜ਼ਰੂਰੀ ਚੀਜ਼ਾਂ ਭੇਟ ਕਰਨ ਲਈ ਵੀ ਪ੍ਰੇਰਿਤ ਕੀਤਾ ਜਾਵੇਗਾ। ਇਸੇ ਵਿਸ਼ੇ 'ਤੇ ਅੱਜ ਰੀਜਨ ਚੇਅਰਮੈਨ ਆਸ਼ੂ ਮਾਰਕੰਡਾ ਨਾਲ ਵਿਚਾਰ ਚਰਚਾ ਕੀਤੀ ਗਈ ਹੈ ਤਾਂ ਜੋ ਇਸ ਸੁਨੇਹਾ ਰੀਜਨ ਦੀਆਂ ਸਾਰੀਆਂ ਕਲੱਬਾਂ ਤੱਕ ਪਹੁੰਚਾਇਆ ਜਾ ਸਕੇ।

### COURT NOTICE

(U/o 5 Rule 20 CPC)
(Under Guardian and Ward Act)
In the Court of
**Dr. Sushil Bodh**
Additional Civil Judge (Senior Division), Jalandhar
CNR No. PBJL02-001134-2024
Next Date :- 03-01-2025
Onkar Nath
Vs.
General Public
Notice To :
General Public
:- General Public

In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 03.01.2025 at 10:00 A.M.

For details logon to https://highcourtchd.gov.in/?trs=district_notice&district=Jalandhar

Additional Civil Judge (Senior Division), Jalandhar
Dated this day of 13-11-2024

### COURT NOTICE

(U/o 5 Rule 20 CPC)
(Under Guardian and Ward Act)
In the Court of
**Ms. Harpreet Kaur-1**
Civil Judge (Senior Division), Jalandhar
CNR No. PBJL02-004565-2024
Next Date :- 04-02-2025
GW/40/2024
Saneh Lata
Vs.
General Public
Notice To :
General Public
:- General Public

In above titled case, the defendant(s)/ respondent(s) could not be served. It is ordered that defendant(s)/ respondent (s) should appear in person or through counsel on 04.02.2025 at 10:00 A.M.

For details logon to https://highcourtchd.gov.in/?trs=district_notice&district=Jalandhar

Civil Judge (Senior Division), Jalandhar
Dated this day of 04-10-2024

## ਕਲਾਸੀਫਾਈਡ ਇਸ਼ਤਿਹਾਰ

### Change of Name

I, hitherto known as Paras s/o Ramesh Lal,R/o Gali No. 8, Prempura, Phagwara, Distt. Kapurthala, Punjab, have changed my name and shall hereafter be known as Paras Mattu

I, Satnam Arora S/O Jiwan Dass, R/O H.No B-2/183 Old Jattpura Kapurthala Have Changed My Name From Satnam Arora To Satnam Singh. Concerned Please Note.

I, Ramesh Lal Arora S/o Nand Lal R/o 47/A, Ashok Nagar, Jalandhar - 144002, Punjab have changed my name from Ramesh Lal Arora to Ramesh Lal. All concerned please note.

I, Manoj S/O Mahender, R/o Ward Number 1, Near M. N Senior Secondary School, Shastri Nagar, Rohtak, Haryana- 124001, have changed my name and shall hereafter be Known as Manoj Shonak.

I, Gurdev Singh S/O Jarnail Singh, R/o Village Sohal Jagir Tehsil Shahkot, Jalandhar, Punjab-144703, have changed my name and shall hereafter be Known as Gurdev Singh Johal.

I, Rahul Dahiya S/O Atter Singh Dahiya,R/o 3594 Sector-23, Gurgaon, Haryana- 122017, I have changed the name of my minor Son Yuvaan aged about 4 Years and He shall hereafter be known as Yuvaan Dahiya.

I, Rahul Dahiya S/O Atter Singh Dahiya,R/o 3594 Sector-23, Gurgaon, Haryana- 122017, I have changed the name of my minor daughter Veda aged about 1 year and She shall hereafter be known as Veda Dahiya.

I, Sudesh, W/O Vinod Kumar R/o 50, Feet Wali Gali, Mill Gate. Vinod Nagar, Hisar, Haryana- 125001. have changed my name and shall hereafter be Known as Sudesh Kumari.

I, Ravi S/o Ram Dayal R/o VPO. Bhangala, Distt. Jalandhar, Punjab-144033 have changed my name from Ravi to Ravi Aujla. All concerned please note.

I, hitherto known as IQBAL CHAND S/O PIARA RAM, Residing at VPO Chabbewal, Hoshiarpur, Punjab, 146102, have changed my name and shall hereafter be known as CHAND IQBAL.

I, hitherto known as NEHA GUPTA D/O DHARAMPAL GOEL W/O VISHAL GUPTA, Residing at H No 2973, Adampur Doaba, Jalandhar, Punjab 144102, have changed my name and shall hereafter be known as NEHA GOEL.

I, Kamlesh Rani D/o Malkit Ram W/o Amar Pal R/o V.P.O. Sarhal Mundi, Tehsil Phillaur, Jalandhar, Punjab 144502 changed my name to Kamlesh Kaur.

I, Preeti Thaper W/o Himanshu Thaper R/o C-36, Ghai Nagar, Model House, Jalandhar have changed my name from Preeti to Preeti Thaper. (After Marriage) All Please Note.

### Change of Name

I PARAMJIT S/O RAM LAL R/o VILL SINGHPUR, PO. SUDANA , JALANDHAR, Punjab, 144303, India. Have changed my name from PARAMJIT TO PARAMJIT SOND in future may be known as PARAMJIT SOND.

I, Vivek s/o Rakesh Kumar r/o H.No.1426, Bansa Wali Gali, Rama Mandi, Jalandhar have changed my name from Vivek to Vivek Sabharwal. All Please Note.

I, Mandeep Kaur Malhi w/o Satnam Singh Malhi r/o Vill. Badduwl, Po.Dharmkot, Distt.Moga have changed my name to Mandeep Kaur. All Please Note.

I, Maninder Pal Kaur w/o Vijay Kumar r/o H.No. E.S-271, Gali No.1, Abadpura, Jalandhar have changed my name from Manider Kumari to Maninder Pal Kaur. All Please Note.

I, Sarabjit Singh s/o Gurdial Singh r/o 09, Guru Arjun Nagar, Near Sports College, Kapurthala Road, Jalandhar have changed the spelling of my name to Sarabjeet Singh. All Please Note.

I, Gurpreet s/o Prem Pal r/o 3189/10, Opp. Jagdambay Labortory, Adampur Doaba, Jalandhar, Punjab-144102 have changed my name as Gurpreet Singh Mahi. All Please Note.

I, hitherto known as NITISH S/O ROSHAN LAL, Residing at House no 299, Raj Nagar, Po Basti Bawa Khel, Jalandhar, Punjab, 144021, have changed my name and shall hereafter be known as NITISH ATHI

### PUBLIC NOTICE

I, Surjit Singh S/o Malkit Singh R/o Pattar Khurd, Pattar Kalan, Distt. Jalandhar, Punjab declare that my son Harjit Singh is out of my control. I disinherit him from my moveable and immovable properties. I and my family shall not be held responsible for any of his acts, deeds and things. All please note.

### ਨਾਂਅ ਦੀ ਬਦਲੀ

ਮੈਂ, ਰੇਖਾ ਬਾਂਸਲ ਪਤਨੀ ਗੁਰਮੁੱਖ ਪਿੰਡ ਤੇ ਡਾਕਖਾਨਾ ਰੁੜਕਾ ਕਲਾਂ ਤਹਿ. ਫਿਲੌਰ ਜ਼ਿਲ੍ਹਾ ਜਲੰਧਰ ਨੇ ਆਪਣੇ ਲੜਕੇ ਦਾ ਨਾਮ ਰੀਤਿਸ਼ ਉਮਰ 16 ਸਾਲ ਰੀਤਿਸ਼ ਤੋਂ ਬਦਲ ਕੇ ਰੀਤਿਸ਼ ਰਿੰਡੀ ਰੱਖ ਲਿਆ। ਸਬੰਧਿਤ ਨੋਟ ਕਰਨ।

ਮੈਂ ਮਹੇਸ਼ ਰਾਜਾ ਪੁੱਤਰ ਸੁਦੇਸ਼ ਚੰਦਰ ਵਾਸੀ ਪਿੰਡ ਤੇ ਡਾਕਖਾਨਾ ਚੱਕੋਕੀ, ਜ਼ਿਲ੍ਹਾ ਕਪੂਰਥਲਾ, ਆਪਣਾ ਨਾਂਅ ਰਾਜਾ ਮਹੇਸ਼ ਤੋਂ ਬਦਲਕੇ ਮਹੇਸ਼ ਰਾਜਾ ਰੱਖ ਲਿਆ । ਸਬੰਧਿਤ ਨੋਟ ਕਰਨ ।

### ਬੇਦਖਲੀ ਨੋਟਿਸ

ਮੈਂ ਅਮਰਜੀਤ ਸਿੰਘ ਪੁੱਤਰ ਸੰਤ ਸਿੰਘ ਵਾਸੀ ਵਾਰਡ ਨੰਬਰ 07, ਫਤਿਹਗੜ੍ਹ ਚੂੜੀਆਂ ਤਹਿਸੀਲ ਬਟਾਲਾ ਜਿਲ੍ਹਾ ਗੁਰਦਾਸਪੁਰ ਆਪਣੇ ਲੜਕਿਆਂ ਹਰਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਕਹਿਣੇ ਵਿੱਚ ਨਹੀਂ ਹਨ । ਮੇਰੀ ਸਹਿਮਤੀ ਤੋਂ ਬਿਨਾਂ ਉਨ੍ਹਾਂ ਨਾਲ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ।

ਅਸੀਂ, ਮੀਨਾ ਪਤਨੀ ਬਿੱਲਾ ਅਤੇ ਬਿੱਲਾ ਪੁੱਤਰ ਕਿਸ਼ਨ ਲਾਲ ਵਾਸੀ ਮਕਾਨ ਨੰ 517/11/659, ਗਲੀ ਨੰ 13, ਕਾਲਾ ਸੰਘਾ ਰੋਡ, ਈਸ਼ਵਰ ਨਗਰ, ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪ੍ਰਿੰਸ ਅਤੇ ਉਸਦੀ ਪਤਨੀ ਜਯਾ ਸਾਡੇ ਕਹਿਣੇ ਤੋਂ ਬਾਹਰ ਹੈ । ਇਸ ਲਈ ਅਸੀਂ ਉਹਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰਕ ਮੈਂਬਰਾਂ ਦਾ ਇਸ ਨਾਲ ਕੋਈ ਸਬੰਧ ਨਹੀਂ ਹੈ। ਇਹਨਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ, ਪ੍ਰਤਾਪ ਸਿੰਘ ਪੁੱਤਰ ਅਮਰ ਸਿੰਘ ਵਾਸੀ ਮਕਾਨ ਨੰ: 285, ਗੁਰੂ ਅਰਜਨ ਦੇਵ ਨਗਰ, ਜਲੰਧਰ ਹਾਲ ਵਾਸੀ ਮਕਾਨ ਨੰ: 801, ਗੁਰੂ ਅਰਜਨ ਦੇਵ ਨਗਰ, ਬਸਤੀ ਮਿੱਠੂ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਸ਼ੰਟੀ ਵਾ ਨੂੰਹ ਜਯੋਤੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ, ਉਜਾਗਰ ਸਿੰਘ ਪੁੱਤਰ ਲੇਟ ਸ਼੍ਰੀ ਮੋਹਨ ਲਾਲ ਵਾ ਉਰਮੀਲਾ ਦੇਵੀ ਪਤਨੀ ਉਜਾਗਰ ਸਿੰਘ ਵਾਸੀਆਨ ਮਕਾਨ ਨੰ: 359/12, ਨਿਊ ਸੰਤ ਨਗਰ, ਬਸਤੀ ਸ਼ੇਖ, ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਨਿਤਿਨ ਕੁਮਾਰ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ ਗੁਰਬਚਨ ਕੌਰ ਪਤਨੀ ਸਵ. ਗੁਰਚਰਨ ਸਿੰਘ ਵਾਸੀ ਪਿੰਡ ਕਾਹਨਾ, ਡਾਕ, ਨਸੀਰਪੁਰ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਹਲਫੀਆ ਬਿਆਨ ਕਰਦੀ ਹਾਂ ਕਿ ਮੇਰਾ ਵੱਡਾ ਲੜਕਾ ਇੰਦਰਜੀਤ ਸਿੰਘ ਅਤੇ ਉਸ ਦੀ ਪਤਨੀ ਅਤੇ ਮੇਰੀ ਨੂੰਹ ਰਾਜਵਿੰਦਰ ਕੌਰ ਅਤੇ ਇਨ੍ਹਾਂ ਦੇ ਬੱਚੇ ਲੜਕੀ ਕੋਮਲਪ੍ਰੀਤ ਕੌਰ ਅਤੇ ਲੜਕਾ ਗੁਰਨੂਰ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਇੰਦਰਜੀਤ ਸਿੰਘ, ਨੂੰਹ ਰਾਜਵਿੰਦਰ ਕੌਰ ਅਤੇ ਇਨ੍ਹਾਂ ਦੇ ਬੱਚਿਆਂ ਕੋਮਲਪ੍ਰੀਤ ਕੌਰ ਅਤੇ ਗੁਰਨੂਰ ਸਿੰਘ ਨੂੰ ਆਪਣੀ ਤਮਾਮ ਚਲ ਵਾ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਿਵਾਰ ਦੇ ਬਾਕੀ ਮੈਂਬਰਾ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ ਬਲਵੰਤ ਸਿੰਘ ਪੁੱਤਰ ਅਮਰਜੀਤ ਸਿੰਘ ਅਤੇ ਬਲਵੀਰ ਕੌਰ ਪਤਨੀ ਬਲਵੰਤ ਸਿੰਘ, ਵਾਸੀਆਨ ਪਿੰਡ ਮਨਸੂਰਵਾਲ ਦੋਨਾਂ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ, ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਵੀ ਸਿੰਘ ਜੋ ਕਿ ਸਾਡੇ ਕਹਿਣੇਕਾਰ ਵਿੱਚ ਨਹੀਂ ਹੈ, ਜਿਸ ਕਰਕੇ ਅਸੀਂ ਆਪਣੇ ਲੜਕੇ ਰਵੀ ਸਿੰਘ ਨੂੰ ਆਪਣੀ ਤਮਾਮ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡੇ ਲੜਕੇ ਰਵੀ ਸਿੰਘ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।

### ਆਮ ਸੂਚਨਾ

ਮੋਟਰ ਕੁਨੈਕਸ਼ਨ ਖਾਤਾ ਨੰਬਰ AP32/247 ਹੈ ਜੋ ਕਿ ਜਗਮੇਲ ਸਿੰਘ ਪੁੱਤਰ ਜੇਠੂ ਸਿੰਘ ਵਾਸੀ ਬਹਾਦਰਪੁਰ ਦੇ ਨਾਮ ਤੇ ਚਲਦਾ ਹੈ। ਇਸ ਕੁਨੈਕਸ਼ਨ ਨੂੰ ਹੁਣ ਸੰਦੀਪ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਬਹਾਦਰਪੁਰ ਆਪਣੇ ਨਾਮ ਕਰਵਾਉਣਾ ਚਾਹੁੰਦਾ ਹੈ।ਇਸ ਸਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ.ਐਸ.ਪੀ.ਸੀ.ਐਲ. ਦਫਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਨਾਇਬ ਸਿੰਘ ਸੈਣੀ ਨੇ 'ਮਨ ਕੀ ਬਾਤ' ਪ੍ਰੋਗਰਾਮ ਦੀ ਕੀਤੀ ਪ੍ਰਸ਼ੰਸਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਜਿਲ੍ਹਾ ਜੀਂਦ ਦੇ ਡੀ ਏ ਵੀ ਸ਼ਤਾਬਦੀ ਪਬਲਿਕ ਸਕੂਲ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰੋਗਰਾਮ 'ਮਨ ਕੀ ਬਾਤ' ਦਾ 116ਵਾਂ ਐਪੀਸੋਡ ਸੁਣਿਆ। 'ਮਨ ਕੀ ਬਾਤ' ਪ੍ਰੋਗਰਾਮ ਨੂੰ ਸਮਾਜ ਲਈ ਪ੍ਰੇਰਨਾਦਾਇਕ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਪਲੇਟਫਾਰਮ ਰਾਹੀਂ ਪ੍ਰਧਾਨ ਮੰਤਰੀ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਜਾਗਰੂਕਤਾ ਫੈਲਾਉਂਦੇ ਹਨ ਅਤੇ ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਵਾਲੇ ਲੋਕਾਂ ਨੂੰ ਅੱਗੇ ਲਿਆਉਂਦੇ ਹਨ।'ਏਕ ਪੇਡ ਮਾਂ ਕੇ ਨਾਮ' ਵਰਗੀਆਂ ਮੁਹਿੰਮਾਂ ਦੀ ਉਦਾਹਰਨ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਲੋਕਾਂ ਨੂੰ ਵਾਤਾਵਰਨ ਸੁਰੱਖਿਆ ਲਈ ਪ੍ਰੇਰਿਤ ਕਰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਪਿਛਲੇ 10 ਸਾਲਾਂ ਵਿੱਚ ਗਰੀਬਾਂ ਦੀ ਭਲਾਈ ਲਈ ਬਹੁਤ ਸਾਰੇ ਕੰਮ ਕੀਤੇ ਹਨ। ਆਯੂਸ਼ਮਾਨ ਭਾਰਤ ਯੋਜਨਾ ਤਹਿਤ ਗਰੀਬ ਪਰਿਵਾਰਾਂ ਨੂੰ ਮੁਫਤ ਇਲਾਜ ਦੀ ਸਹੂਲਤ ਦਿੱਤੀ ਗਈ ਹੈ, ਜਿਸ ਕਾਰਨ ਉਹ ਗੰਭੀਰ ਬਿਮਾਰੀਆਂ ਦਾ ਇਲਾਜ ਕਰਵਾਉਣ ਦੇ ਸਮਰੱਥ ਹਨ। ਭਾਜਪਾ ਸਰਕਾਰ ਨੇ ਸੜਕਾਂ, ਰੇਲਵੇ ਅਤੇ ਹਸਪਤਾਲਾਂ ਵਰਗੇ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਲਗਾਤਾਰ ਕੰਮ ਕਰਕੇ ਜਨਤਾ ਦਾ ਵਿਸ਼ਵਾਸ ਜਿੱਤਿਆ ਹੈ।ਮੁੱਖ ਮੰਤਰੀ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਵਾਤਾਵਰਨ ਦੀ ਸੁਰੱਖਿਆ ਬਹੁਤ ਜ਼ਰੂਰੀ ਹੋ ਗਈ ਹੈ। ਧਰਤੀ ਦਾ ਵੱਧ ਰਿਹਾ ਤਾਪਮਾਨ ਅਤੇ ਹਵਾ ਪ੍ਰਦੂਸ਼ਣ ਗੰਭੀਰ ਸਮੱਸਿਆਵਾਂ ਹਨ, ਜਿਸ ਨਾਲ ਨਜਿੱਠਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਜ਼ਰੂਰੀ ਹਨ। ਰੁੱਖ ਲਗਾਉਣ ਨਾਲ ਹਵਾ ਪ੍ਰਦੂਸ਼ਣ ਘਟੇਗਾ ਅਤੇ ਸਿਹਤ ਵਿੱਚ ਸੁਧਾਰ ਹੋਵੇਗਾ, ਜਿਸ ਨਾਲ ਇੱਕ ਖੁਸ਼ਹਾਲ ਰਾਸ਼ਟਰ ਦਾ ਨਿਰਮਾਣ ਸੰਭਵ ਹੋਵੇਗਾ।ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਸੰਕਲਪ ਹੈ ਕਿ 2047 ਤੱਕ ਭਾਰਤ ਉਨ੍ਹਾਂ ਮਹਾਨ ਕ੍ਰਾਂਤੀਕਾਰੀਆਂ ਦੇ ਸੁਪਨਿਆਂ ਦਾ ਭਾਰਤ ਬਣ ਜਾਵੇ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਸ ਤੋਂ ਬਾਅਦ ਮੁੱਖ ਮੰਤਰੀ ਨੇ ਸਕੂਲ ਦੇ ਵਿਹੜੇ ਵਿੱਚ ਬੂਟੇ ਵੀ ਲਗਾਏ।ਇਸ ਦੌਰਾਨ ਕੈਬਨਿਟ ਮੰਤਰੀ ਸ਼ਿਆਮ ਸਿੰਘ ਰਾਣਾ, ਵਿਧਾਨ ਸਭਾ ਦੇ ਡਿਪਟੀ ਸਪੀਕਰ ਡਾ: ਕ੍ਰਿਸ਼ਨ ਲਾਲ ਮਿੱਢਾ, ਭਾਜਪਾ ਦੇ ਸੂਬਾ ਪ੍ਰਧਾਨ ਮੋਹਨ ਲਾਲ ਬੜੌਲੀ, ਵਿਧਾਇਕ ਦੇਵੇਂਦਰ ਅੱਤਰੀ ਸਮੇਤ ਕਈ ਪਤਵੰਤੇ ਹਾਜ਼ਰ ਸਨ।

## ਬਖ਼ਤਾਵਰ ਰਾਮ ਗੋਲੂ ਕਾ ਯਾਦਗਾਰੀ ਲਾਇਬ੍ਰੇਰੀ ਦਾ ਕੈਨੇਡਾ ਦੇ ਮੇਅਰ ਵੱਲੋਂ ਉਦਘਾਟਨ



**ਗੁਰੂ ਹਰਸਹਾਏ (ਫਕੀਰ ਚੰਦ ਸਿਕਰੀ)**- ਸ੍ਰੀ ਬਖ਼ਤਾਵਰ ਰਾਮ ਗੋਲੂ ਕਾ ਦੀ ਯਾਦ ਵਿੱਚ ਪਿੰਡ ਪਿੰਡੀ ਵਿਖੇ ਉਨ੍ਹਾਂ ਦੇ ਪਰਿਵਾਰ ਹਰਪ੍ਰੀਤ ਸਿੰਘ ਗੋਲੂ ਕਾ, ਸੰਜੀਵ ਮੰਡ ਅਤੇ ਸੰਦੀਪ ਕੰਬੋਜ ਵੱਲੋਂ ਪਿੰਡ ਪਿੰਡੀ ਵਿਖੇ ਮਨੀਸ਼ ਕੰਬੋਜ ਦੀਆਂ ਦੁਕਾਨਾਂ ਤੇ ਬਣਾਈ ਗਈ ਮੁਫ਼ਤ ਲਾਇਬ੍ਰੇਰੀ ਦਾ ਉਦਘਾਟਨ ਕਨੇਡਾ ਤੋਂ ਆਏ ਹੋਏ ਮੇਅਰ ਸੁਰਿੰਦਰ ਸਿੰਘ ਰਠੌੜ, ਉਨ੍ਹਾਂ ਦੀ ਪਤਨੀ ਸ਼ਰਨਜੀਤ ਕੌਰ ਅਤੇ ਡੇਵਿਡ ਨੇ ਨੀਂਹ ਪੱਥਰ ਰੱਖ ਕੇ ਅਤੇ ਰੀਬਨ ਕੱਟ ਕੇ ਕੀਤਾ।ਇਸ ਮੌਕੇ ਕੇਨੈਡਾ ਦੇ ਮੇਅਰ ਸੁਰਿੰਦਰ ਸਿੰਘ ਰਠੌੜ ਨੇ ਲਾਇਬ੍ਰੇਰੀ ਨੂੰ ਹੋਰ ਜ਼ਿਆਦਾ ਸੁਚਾਰੂ ਢੰਗ ਨਾਲ ਚਲਾਉਣ ਲਈ ਹਰਪ੍ਰੀਤ ਸਿੰਘ ਗੋਲੂ ਨੂੰ ਨਗਦ ਰਾਸ਼ੀ ਵੀ ਭੇਟ ਕੀਤੀ।ਇਸ ਮੌਕੇ ਕੇਨੈਡਾ ਦੇ ਮੇਅਰ ਸੁਰਿੰਦਰਪਾਲ ਸਿੰਘ ਰਠੌੜ ਨੇ ਹਰਪ੍ਰੀਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰਪ੍ਰੀਤ ਸਿੰਘ ਜੀ ਵੱਲੋਂ ਆਪਣੇ ਦਾਦਾ ਬਖ਼ਤਾਵਰ ਰਾਮ ਜੀ ਦੀ ਯਾਦਗਾਰ ਵਿੱਚ ਲਾਇਬ੍ਰੇਰੀ ਖੋਲ੍ਹ ਕੇ ਬਹੁਤ ਵਧੀਆ ਉਪਰਾਲਾ ਕੀਤਾ ਹੈ ਜਿਸ ਦਾ ਪੂਰੇ ਇਲਾਕੇ ਦੇ ਨੌਜਵਾਨਾਂ ਨੂੰ ਪੜਾਈ ਕਰਨ ਲਈ ਬਹੁਤ ਫਾਇਦਾ ਹੋਵੇਗਾ ਅਤੇ ਮੇਅਰ ਨੇ ਕਿਹਾ ਕਿ ਸਭ ਤੋਂ ਵੱਡੀ ਖ਼ੁਸ਼ੀ ਮੈਨੂੰ ਇਸ ਗੱਲ ਦੀ ਹੋਈ ਹੈ ਕਿ ਇਸ ਨੇਕ ਕੰਮ ਦੀ ਸ਼ੁਰੂਆਤ ਮੇਰੇ ਵੱਲੋਂ ਉਦਘਾਟਨ ਕਰਕੇ ਕੀਤੀ ਗਈ ਹੈ।ਇਸ ਮੌਕੇ ਹਰਪ੍ਰੀਤ ਸਿੰਘ, ਸੰਜੀਵ ਮੰਡ ਤੇ ਮਨੀਸ਼ ਪਿੰਡੀ ਨੇ ਕਿਹਾ ਕਿ ਇਸ ਲਾਇਬ੍ਰੇਰੀ ਵਿੱਚ ਬੱਚਿਆਂ ਦੇ ਪੜ੍ਹਨ ਲਈ ਮੁਫ਼ਤ ਕਿਤਾਬਾਂ ਮੁੱਹਈਆ ਕਰਵਾਈਆਂ ਗਈਆਂ ਹਨ ਅਤੇ ਇਲਾਕੇ ਦਾ ਕੋਈ ਵੀ ਵਿਦਿਆਰਥੀ ਸਵੇਰੇ 9 ਵਜੇ ਤੋਂ ਰਾਤ 9 ਵਜੇ ਤੱਕ ਪਿੰਡ ਪਿੰਡੀ ਵਿਖੇ ਗੁਰਦਵਾਰਾ ਸਾਹਿਬ ਜੀ ਦੇ ਕੋਲ ਬਣੀ ਸ੍ਰੀ ਬਖ਼ਤਾਵਰ ਰਾਮ ਲਾਇਬ੍ਰੇਰੀ ਵਿੱਚ ਪੜ੍ਹ ਸਕਦਾ ਹੈ।ਇਸ ਮੌਕੇ ਸਮਾਜਸੇਵੀ ਸੰਦੀਪ ਕੰਬੋਜ ਨੇ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਇਸ ਲਾਇਬ੍ਰੇਰੀ ਵਿੱਚ ਵੱਧ ਤੋਂ ਵੱਧ ਕਿਤਾਬਾਂ ਦਾਨ ਕੀਤੀਆਂ ਜਾਣ ਤਾਂ ਜੋ ਇਲਾਕੇ ਦੇ ਨੌਜਵਾਨ ਇਸ ਲਾਇਬ੍ਰੇਰੀ ਵਿੱਚ ਕਿਤਾਬਾਂ ਪੜ੍ਹ ਕੇ ਲਾਭ ਪ੍ਰਾਪਤ ਕਰ ਸਕਣ।ਇਸ ਮੌਕੇ ਹਰਪ੍ਰੀਤ ਸਿੰਘ ਗੋਲੂ ਕਾ, ਸੰਦੀਪ ਕੰਬੋਜ, ਸੰਜੀਵ ਮੰਡ, ਮਨੀਸ਼ ਪਿੰਡੀ, ਬੰਟੂ ਸਿਰਸਾ, ਦਲੀਪ ਕੁਮਾਰ ਪੰਧੂ, ਹਰਭਜਨ ਲਾਲ, ਪ੍ਰਵੀਨ ਥਿੰਦ, ਦੀਪੂ ਮਹਿਰੋਕ, ਰਮਨ ਕੁਮਾਰ ਤੇ ਫੌਜਾ ਸਿੰਘ ਸਿਰਸਾ ਹਾਜ਼ਰ ਸਨ।

## ਅਲਾਇੰਸ ਕਲੱਬ ਨੇ ਦੰਦਾਂ ਦਾ ਮੁਫ਼ਤ ਚੈਕਅੱਪ ਤੇ ਸ਼ੂਗਰ ਜਾਂਚ ਕੈਂਪ ਲਗਾਇਆ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪ੍ਰਸਿੱਧ ਸਮਾਜ ਸੇਵੀ ਸੰਸਥਾ ਅਲਾਇੰਸ ਕਲੱਬ ਇੰਟਰਨੈਸ਼ਨਲ ਸ੍ਰੀ ਅਨੰਦਪੁਰ ਸਾਹਿਬ ਵਲੋਂ ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਦੇ ਸਹਿਯੋਗ ਨਾਲ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਮੈਮੋਰੀਅਲ ਡੈਂਟਲ ਕਲੀਨਿਕ ਅਤੇ ਇਮਪਲਾਂਟ ਸੈਂਟਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਰੋਜ਼ਾ ਮੁਫ਼ਤ ਦੰਦਾਂ ਦਾ ਚੈਕਅੱਪ ਅਤੇ ਸ਼ੂਗਰ ਜਾਂਚ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਜਿਥੇ ਮਾਹਿਰ ਡਾਕਟਰ ਗੁਰਪਾਲ ਸਿੰਘ ਵਲੋਂ ਲੋਕਾਂ ਦੇ ਦੰਦਾਂ ਦਾ ਚੈਕਅੱਪ ਕੀਤਾ ਗਿਆ, ਓਥੇ ਹੀ ਡਾਕਟਰ ਅਮਨਦੀਪ ਸਿੰਘ ਵਲੋਂ ਸ਼ੂਗਰ ਦੀ ਜਾਂਚ ਵੀ ਕੀਤੀ ਗਈ। ਇਸ ਮੌਕੇ ਮਰੀਜ਼ਾਂ ਨੂੰ ਦਵਾਈਆਂ ਵੀ ਫਰੀ ਦਿੱਤੀਆਂ ਗਈਆਂ। ਕੈਂਪ ਦੀ ਅਰੰਭਤਾ ਦੀ ਅਰਦਾਸ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਵਲੋਂ ਕੀਤੀ ਗਈ। ਕੈਂਪ ਦਾ ਉਦਘਾਟਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਅਤ ਸਿੰਘ ਵਲੋਂ ਕੀਤਾ ਗਿਆ। ਇਸ ਕੈਂਪ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ ਮਾਹਿਰ ਡਾਕਟਰ ਗੁਰਪਾਲ ਸਿੰਘ ਅਤੇ ਉਨ੍ਹਾਂ ਦੀ ਟੀਮ ਵਲੋਂ ਲਗਭਗ 55 ਮਰੀਜ਼ਾਂ ਦੇ ਦੰਦਾਂ ਦਾ ਚੈਕਅੱਪ ਕੀਤਾ ਗਿਆ ਅਤੇ ਦਵਾਈਆਂ ਦਿੱਤੀਆਂ ਗਈਆਂ ਉਥੇ ਹੀ ਡਾਕਟਰ ਅਮਨਦੀਪ ਸਿੰਘ ਵਲੋਂ ਮਰੀਜ਼ਾਂ ਦੀ ਸ਼ੂਗਰ ਦੀ ਵੀ ਜਾਂਚ ਕੀਤੀ ਗਈ। ਇਸ ਮੌਕੇ ਐਡਵੋਕੇਟ ਹਰਦੇਵ ਸਿੰਘ ਐਡੀਸ਼ਨਲ ਮੈਨੇਜਰ ਤਖਤ ਸਾਹਿਬ, ਡਾ. ਹਰਦਿਆਲ ਸਿੰਘ ਪੰਨੂ ਸਾਬਕਾ ਗਵਰਨਰ ਅਲਾਇੰਸ ਕਲੱਬ ਇੰਟਰਨੈਸ਼ਨਲ, ਪ੍ਰਿੰ. ਨਿਰੰਜਣ ਸਿੰਘ ਰਾਣਾ ਡਿਸਟ੍ਰਿਕ ਪ੍ਰਾਜੈਕਟ ਚੇਅਰਮੈਨ, ਪ੍ਰੋ: ਹਰਦੀਪ ਸਿੰਘ ਅਸਿਸਟੈਂਟ ਗਵਰਨਰ, ਇਕਬਾਲ ਸਿੰਘ ਸੂਰੀ, ਪ੍ਰਧਾਨ ਚੱਕ ਅਗੰਮਪੁਰ, ਸਕੱਤਰ ਜਸਵਿੰਦਰ ਸਿੰਘ ਰਤਨ, ਪੀ ਆਰ ਓ ਮਹਿੰਦਰਮੋਹਨ ਸਿੰਘ, ਮਾਸਟਰ ਸੰਜੀਵ ਧਰਮਾਣੀ ਪ੍ਰਧਾਨ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ, ਸੁਖਵਿੰਦਰ ਸਿੰਘ ਬਿੱਟੂ, ਆਤਮਾ ਸਿੰਘ ਘੱਟੀਵਾਲ ਸਾਬਕਾ ਬੈਂਕ ਅਫਸਰ, ਅਮਰਦੀਪ ਸਿੰਘ ਸੰਧੂ, ਅੰਕੁਸ਼ ਕੁਮਾਰ, ਧੀਰਜ ਘਈ, ਰਾਜ ਕੁਮਾਰ ਘਈ, ਬਲਵਿੰਦਰ ਸਿੰਘ ਸਾਕੀ, ਰਾਜਵਿੰਦਰ ਸਿੰਘ ਸੋਢੀ ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਐੱਨ ਐੱਸ ਐੱਸ ਕੈਂਪ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਜੋ ਆਪਣੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਸਮਾਜ ਭਲਾਈ ਲਈ ਜਾਣੀ ਜਾਂਦੀ ਹੈ, ਨੇ ਪ੍ਰਧਾਨ ਮੰਤਰੀ ਪੇਂਡੂ ਵਿਕਾਸ ਯੋਜਨਾ ਤਹਿਤ ਪਿੰਡ ਕੋਟਲਾ ਬਾਈਕਾ ਵਿੱਚ ਇੱਕ ਕੌਮੀ ਸੇਵਾ ਯੋਜਨਾ (ਐਨ ਐਸ ਐਸ) ਕੈਂਪ ਦਾ ਆਯੋਜਨ ਕੀਤਾ।ਇਹ ਕੈਂਪ ਡੀਨ ਵਿਦਿਆਰਥੀ ਭਲਾਈ ਡਾ. ਸਿਕੰਦਰ ਸਿੰਘ ਦੀ ਅਗਵਾਈ ਵਿੱਚ ਅਤੇ ਐਨ ਐਸ ਐਸ ਪ੍ਰੋਗਰਾਮ ਅਫਸਰ ਡਾ. ਸੁਪ੍ਰੀਤ ਬਿੰਦਰਾ ਦੇ ਸਹਿਯੋਗ ਨਾਲ ਡਾ. ਗੁਰਪ੍ਰੀਤ ਸਿੰਘ ਦੁਆਰਾ ਆਯੋਜਿਤ ਕੀਤਾ ਗਿਆ।ਇਸ ਕੈਂਪ ਵਿੱਚ ਫਿਜ਼ੀਓਥੈਰੇਪੀ ਵਿਭਾਗ ਦੇ ਪੰਜਾਹ ਵਿਦਿਆਰਥੀਆਂ ਨੇ ਭਾਗ ਲਿਆ।ਵਿਦਿਆਰਥੀਆਂ ਨੇ ਪਿੰਡ ਵਿੱਚ ਸਵੱਛਤਾ ਅਭਿਆਨ ਚਲਾਉਂਦੇ ਹੋਏ ਸਰਕਾਰੀ ਐਲੀਮੈਂਟਰੀ ਸਕੂਲ, ਸਰਕਾਰੀ ਡਿਸਪੈਂਸਰੀ, ਸਰਕਾਰੀ ਪਸ਼ੂਆਂ ਦੇ ਹਸਪਤਾਲ ਅਤੇ ਧਰਮਸ਼ਾਲਾ ਆਦਿ ਥਾਵਾਂ ਦੀ ਸਫਾਈ ਕੀਤੀ।ਇਸ ਮੌਕੇ ਪਿੰਡ ਦੇ ਸਰਪੰਚ ਚਰਨਜੀਤ ਕੌਰ, ਪੰਚ ਸਿਮਰਜੀਤ ਕੌਰ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਦੀ ਪ੍ਰਿੰਸੀਪਲ ਰੁਬੀ ਸ਼ਰਮਾ ਵੀ ਹਾਜ਼ਰ ਸਨ।

## ਆਪ ਨੇ ਜ਼ਿਮਨੀ ਚੋਣਾਂ 'ਚ ਇਤਿਹਾਸ ਰਚਿਆ : ਐਡਵੋਕੇਟ ਰਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-20 ਨਵੰਬਰ 2024 ਨੂੰ ਹੋਈਆਂ ਚਾਰ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਚਾਰ ਵਿੱਚੋਂ ਤਿੰਨ ਸੀਟਾਂ ਉੱਤੇ ਜਿੱਤ ਦਰਜ ਕਰਕੇ ਇਤਿਹਾਸ ਰਚਿਆ ਹੈ, ਜਿਸ ਕਾਰਨ ਆਮ ਆਦਮੀ ਪਾਰਟੀ ਦੇ ਵਰਕਰਾਂ ਅਤੇ ਵਲੰਟੀਅਰਾਂ ਵੱਲੋਂ ਖੁਸ਼ੀ ਦੇ ਵਿੱਚ ਜਸ਼ਨ ਮਨਾਏ ਜਾ ਰਹੇ ਹਨ।ਇਸੇ ਲੜੀ ਦੇ ਤਹਿਤ ਅੱਜ ਹਲਕਾ ਫਤਿਹਗੜ੍ਹ ਸਾਹਿਬ ਵਿਖੇ ਵੀ ਖੁਸ਼ੀ ਦੇ ਵਿੱਚ ਲੱਡੂ ਵੰਡੇ ਗਏ। ਇਹ ਪ੍ਰਗਟਾਵਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕਹਿਣੀ ਅਤੇ ਕਰਨੀ ਦੀ ਪੱਕੀ ਹੈ, ਇਸੇ ਲੜੀ ਦੇ ਤਹਿਤ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜਨਤਾ ਦੇ ਨਾਲ ਕੀਤੇ ਵਾਅਦੇ ਇੱਕ-ਇੱਕ ਕਰਕੇ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਕੰਮਾਂ ਨੂੰ ਦੇਖਦਿਆਂ ਪੰਜਾਬ ਦੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਨੂੰ ਫਤਵਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਇੱਕੋ ਹੀ ਰਾਗ ਅਲਾਪਿਆ ਜਾ ਰਿਹਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕੇਵਲ ਲਹਿਰ ਕਰਕੇ ਬਣੀ ਸੀ, ਦੁਬਾਰਾ ਇਨ੍ਹਾਂ ਨੂੰ ਕੋਈ ਵੋਟ ਨਹੀਂ ਪਾਵੇਗਾ, ਪ੍ਰੰਤੂ ਪੰਜਾਬ ਦੇ ਲੋਕਾਂ ਨੇ ਜ਼ਿਮਨੀ ਚੋਣਾਂ ਦੇ ਦੌਰਾਨ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ, ਹਲਕਾ ਗਿੱਦੜਵਾਹਾ ਤੇ ਹਲਕਾ ਚੱਬੇਵਾਲ ਦੇ ਵਿੱਚ ਵੱਡੀ ਲੀਡ ਦੇ ਨਾਲ ਆਮ ਆਦਮੀ ਪਾਰਟੀ ਨੂੰ ਜਿਤਾਇਆ ਹੈ।ਅਸੀਂ ਜਿੱਥੇ ਉਕਤ ਵੋਟਰਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ, ਉੱਥੇ ਹੀ ਵਿਸ਼ਵਾਸ ਦਵਾਉਂਦੇ ਹਾਂ ਕਿ ਆਮ ਆਦਮੀ ਪਾਰਟੀ ਹਮੇਸ਼ਾ ਆਮ ਲੋਕਾਂ ਦੇ ਨਾਲ ਚਟਾਨ ਵਾਂਗ ਖੜੀ ਰਹੇਗੀ ਅਤੇ ਉਨਾਂ ਦੀਆਂ ਉਮੀਦਾਂ ਤੇ ਖਰੀ ਉਤਰੇਗੀ। ਉਹਨਾਂ ਕਿਹਾ ਕਿ ਇਸ ਜਿੱਤ ਦੇ ਨਾਲ ਆਮ ਆਦਮੀ ਪਾਰਟੀ ਨੂੰ ਹੋਰ ਬਲ ਮਿਲੇਗਾ, ਆਪ ਦੀ ਸਰਕਾਰ ਹੁਣ ਹੋਰ ਦੁੱਗਣੇ ਬੱਲ ਦੇ ਨਾਲ ਜਨਤਾ ਦੀ ਸੇਵਾ ਕਰੇਗੀ।

## ਨਿਊਜ਼ੀਲੈਂਡ ਮੀਟ ਪ੍ਰੋਸੈਸਰ ਵੀਜ਼ਾ ਦੇ ਨਾਂਅ 'ਤੇ ਨੌਜਵਾਨ ਨਾਲ 29 ਲੱਖ ਦੀ ਠੱਗੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ 'ਚ ਨਿਊਜ਼ੀਲੈਂਡ ਮੀਟ ਪ੍ਰੋਸੈਸਰ ਵੀਜ਼ਾ ਦੇ ਨਾਂ 'ਤੇ ਨੌਜਵਾਨ ਨੂੰ ਠੱਗਣ ਦਾ ਮਾਮਲਾ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਸ ਮਾਮਲੇ ਵਿੱਚ ਠੱਗੀ ਕਰਨ ਦੇ ਦੋਸ਼ 'ਤੇ ਪੁਲਸ ਨੇ ਦੋ ਵਿਅਕਤੀਆਂ ਖ਼ਿਲਾਫ ਕੇਸ ਦਰਜ ਕੀਤਾ ਹੈ। ਸ਼ਿਕਾਇਤਕਰਤਾ ਨੀਰਜ ਨਰੂਲਾ ਨੇ ਦੱਸਿਆ ਕਿ ਗੌਰਵ ਮਹਿਤਾ ਤੇ ਵਿਕਰਮ ਸ਼ਰਮਾ ਨੇ ਉਸ ਨਾਲ ਨਿਊਜ਼ੀਲੈਂਡ ਵਿੱਚ ਨੌਕਰੀ ਲਗਵਾਉਣ ਦੇ ਨਾਂ 'ਤੇ 29 ਲੱਖ ਰੁਪਏ ਲਈ, ਪਰ ਜਦੋਂ ਨਿਊਜ਼ੀਲੈਂਡ ਪਹੁੰਚਿਆ ਤਾਂ ਦੱਸਿਆ ਗਿਆ ਪਤਾ ਤੇ ਕੰਪਨੀ ਅਸਲੀ ਨਹੀਂ ਸੀ। ਪੁਲਸ ਨੇ ਸ਼ਿਕਾਇਤ ਦੇ ਆਧਾਰ 'ਤੇ ਗੌਰਵ ਮਹਿਤਾ ਤੇ ਵਿਕਰਮ ਸ਼ਰਮਾ ਖ਼ਿਲਾਫ ਭਾਰਤੀ ਦੰਡ ਸੰਹਿਤਾ ਦੀ ਧਾਰਾ 420 (ਠੱਗੀ), 120-ਬੀ (ਸਾਜ਼ਿਸ਼) ਅਤੇ 506 (ਧਮਕੀਆਂ) ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਅਧਿਕਾਰੀ ਲਖਵਿੰਦਰ ਸਿੰਘ ਨੇ ਕਿਹਾ ਕਿ ਦੋਸ਼ੀਆਂ ਵਿਰੁੱਧ ਪੱਕੇ ਸਬੂਤ ਇਕੱਠੇ ਕੀਤੇ ਜਾ ਰਹੇ ਹਨ ਤੇ ਅਗਲੀ ਕਾਰਵਾਈ ਜਲਦ ਕੀਤੀ ਜਾਵੇਗੀ। ਇਹ ਮਾਮਲਾ ਇਸ ਗੱਲ ਦੀ ਨਿਸ਼ਾਨੀ ਹੈ ਕਿ ਨੌਜਵਾਨਾਂ ਨੂੰ ਵਿਦੇਸ਼ ਭੇਜਣ ਦੇ ਸੁਪਨੇ ਨੂੰ ਲੈ ਕੇ ਕਈ ਫਰਾਡ ਇਮੀਗ੍ਰੇਸ਼ਨ ਕੰਪਨੀਆਂ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ।

## ਪੁਲਸ ਵੱਲੋਂ ਹੱਕ ਮੰਗ ਰਹੇ ਕਿਸਾਨਾਂ 'ਤੇ ਲਾਠੀਚਾਰਜ ਅਤਿਅੰਤ ਮੰਦਭਾਗਾ : ਤਾਰਾ ਸਿੰਘ ਮੋਗਾ





**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸੰਗਰਾਮ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਤਾਰਾ ਸਿੰਘ ਮੋਗਾ ਤੇ ਸੂਬਾ ਪ੍ਰਚਾਰ/ਪ੍ਰੈੱਸ ਸਕੱਤਰ ਲੋਕ ਰਾਜ ਮਹਿਰਾਜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਠਿੰਡਾ ਪੁਲਸ ਵੱਲੋਂ ਪਿੰਡ ਦੁਨੇਵਾਲਾ, ਸ਼ੇਰਗੜ੍ਹ ਤੇ ਭਗਵਾਨਗੜ੍ਹ ਦੇ ਕਿਸਾਨਾਂ 'ਤੇ ਕੀਤੇ ਠਾਲੀਚਾਰਜ ਤੇ ਅੱਥਰੂ ਗੈਸ ਸੁੱਟਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕਾਰਪੋਰੇਟ ਘਰਾਣਿਆਂ ਦੀ ਸੇਵਾ 'ਚ ਲੱਗੀ ਪੰਜਾਬ ਸਰਕਾਰ ਕਿਸਾਨਾਂ ਦੇ ਹੱਕ ਡੰਡੇ ਦੇ ਜ਼ੋਰ ਨਾਲ ਦੱਬਣਾ ਚਾਹੁੰਦੀ ਹੈ। ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਜਿਹੜਾ ਮੁੱਖ ਮੰਤਰੀ ਕਹਿੰਦਾ ਸੀ ਕਿ ਜਦੋਂ ਕਿਸਾਨਾਂ ਮਜ਼ਦੂਰਾਂ 'ਤੇ ਲਾਠੀਚਾਰਜ ਹੁੰਦੇ ਹਨ ਤਾਂ ਮੇਰੇ ਕਾਲਜੇ 'ਤੇ ਚੀਸ ਪੈਂਦੀ ਹੈ, ਪਰ ਹੁਣ ਇਸ ਦੇ ਕੰਨ 'ਤੇ ਜੂੰਅ ਵੀ ਨਹੀਂ ਸਰਕੀ। ਸਗੋਂ ਇਹ ਸੱਤਾ 'ਤੇ ਕਾਬਜ਼ ਹੋਣ ਤੋਂ ਬਾਅਦ ਲੋਕਾਂ 'ਤੇ ਜਬਰ ਦਾ ਚੈਂਪੀਅਨ ਬਣ ਗਿਆ। ਭਾਰਤ ਮਾਲਾ ਸੜਕ ਦੇ ਕੰਮ ਦਾ ਵਿਰੋਧ ਕਰ ਰਹੇ ਕਿਸਾਨ, ਆਪਣੀਆਂ ਜ਼ਮੀਨਾਂ ਦੇ ਵਾਜਬ ਰੇਟ ਲੈਣ ਲਈ ਸੰਘਰਸ਼ ਕਰ ਰਹੇ ਹਨ। ਪਹਿਲਾਂ ਤਾਂ ਉਨ੍ਹਾਂ ਤੋਂ ਇਸ ਪ੍ਰੋਜੈਕਟ ਲਈ ਸਹਿਮਤੀ ਨਹੀਂ ਲਈ ਗਈ ਅਤੇ ਫਿਰ ਕੌਡੀਆਂ ਦੇ ਭਾਅ ਜ਼ਮੀਨਾਂ ਹੜੱਪ ਲਈਆਂ ਗਈਆਂ। ਭਾਰਤ ਦੇ ਵਿਕਾਸ ਦੇ ਨਾਂ 'ਤੇ ਅਜਿਹੇ ਸੜਕ ਨਿਰਮਾਣ ਕੰਮ ਕਰਕੇ, ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣਿਆਂ ਵੱਲੋਂ ਲੋਕਾਂ ਦੀ ਬੇਕਿਰਕ ਲੁੱਟ ਦਾ ਮਾਲ ਢੋਹਣ ਲਈ ਲੋਕਾਂ ਦੀ ਸੰਘੀ ਨੱਪੀ ਜਾ ਰਹੇ ਹਨ। ਇਹ ਭਾਰਤ ਦਾ ਵਿਕਾਸ ਨਹੀਂ ਸਗੋਂ ਭਾਰਤ ਦੇ ਹਰ ਕੋਨੇ ਨੂੰ ਬੰਦਰਗਾਹਾਂ ਨਾਲ ਜੋੜ ਕੇ ਲੁੱਟ ਦੇ ਜਖੀਰਿਆਂ ਤੱਕ ਬੇਰੋਕ ਆਉਣ ਜਾਣ ਲਈ ਰਸਤੇ ਬਣਾਏ ਜਾ ਰਹੇ ਹਨ। ਇਸ ਕੰਮ ਲਈ ਲੋਕਾਂ ਦੀ ਰੋਜ਼ੀ ਰੋਟੀ ਦੇ ਵਸੀਲੇ ਖੋਹੇ ਜਾ ਰਹੇ ਹਨ। ਆਗੂਆਂ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਜਬਰ ਨੂੰ ਲੋਕਾਂ ਦੇ ਏਕੇ ਨਾਲ ਠੱਲ੍ਹ ਪਾਈ ਜਾ ਸਕਦੀ ਹੈ। ਇਸ ਲਈ ਸਮੂਹ ਮਜ਼ਦੂਰਾਂ-ਕਿਸਾਨਾਂ ਸਮੇਤ ਲੋਕਾਂ ਦਾ ਵਿਸ਼ਾਲ ਏਕਾ ਉਸਾਰ ਕੇ ਕਾਰਪੋਰੇਟਾਂ ਤੇ ਇਨ੍ਹਾਂ ਦੀਆਂ ਰਖੈਲ ਵੱਖ-ਵੱਖ ਸਰਕਾਰਾਂ ਖਿਲਾਫ ਸਾਂਝਾ ਸੰਘਰਸ਼ ਵਿੱਢਿਆ ਜਾਵੇ। ਲੋਕਾਂ ਦੀ ਰਾਖੀ ਲਈ ਇਹ ਹੀ ਇੱਕੋ ਇੱਕ ਕਾਰਗਰ ਹਥਿਆਰ ਹੈ, ਜੋ ਜਬਰ, ਲੁੱਟ ਤੇ ਦਾਬੇ ਦਾ ਮੂੰਹ ਮੋੜ ਸਕਦਾ ਹੈ।

## 'ਸੰਪਰਕ' ਪ੍ਰੋਗਰਾਮ ਤਹਿਤ ਗੁਰੂ ਤੇਗ ਬਹਾਦਰ ਨਗਰ 'ਚ ਪੁਲਸ-ਪਬਲਿਕ ਮੀਟਿੰਗ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਨਸ਼ੇ ਅਤੇ ਸਟਰੀਟ ਕ੍ਰਾਈਮ ਖਿਲਾਫ ਪੁਲਸ ਅਤੇ ਜਨਤਾ ਵਿਚਕਾਰ ਸਹਿਯੋਗ ਅਤੇ ਇਕਜੁੱਟਤਾ ਨੂੰ ਮਜ਼ਬੂਤ ਕਰਨ ਲਈ ਪੰਜਾਬ ਪੁਲਸ ਵੱਲੋਂ ਸੰਪਰਕ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਡਾ. ਪ੍ਰਗਿਆ ਜੈਨ, ਐਸ.ਐਸ.ਪੀ ਫਰੀਦਕੋਟ ਦੀ ਅਗਵਾਈ ਵਿੱਚ ਫਰੀਦਕੋਟ ਪੁਲਸ ਨੇ ਪਬਲਿਕ ਦੇ ਸਹਿਯੋਗ ਨੂੰ ਵਧਾਉਣ ਲਈ ਪਿੰਡਾਂ, ਸ਼ਹਿਰਾਂ ਅਤੇ ਮੁਹੱਲਿਆਂ ਵਿੱਚ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੋਇਆ ਹੈ। ਇਸ ਯਤਨ ਦੇ ਹਿੱਸੇ ਵਜੋਂ ਫਰੀਦਕੋਟ ਪੁਲਸ ਦੇ ਸੀਨੀਅਰ ਅਧਿਕਾਰੀ ਅਤੇ ਮੁੱਖ ਅਫਸਰ ਥਾਣਾ ਪਿੰਡਾਂ ਅਤੇ ਕਸਬਿਆਂ ਵਿੱਚ ਜਾ ਕੇ ਜਨਤਾ ਨਾਲ ਮੁਲਾਕਾਤ ਕਰਦੇ ਹਨ, ਜਿੱਥੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਹੁੰਦਾ ਹੈ।ਤਰਲੋਚਨ ਸਿੰਘ ਡੀ.ਐਸ.ਪੀ (ਫਰੀਦਕੋਟ) ਦੇ ਨੇਤਰਤਵ ਹੇਠ ਗੁਰੂ ਤੇਗ ਬਹਾਦਰ ਨਗਰ, ਫਰੀਦਕੋਟ ਵਿਖੇ ਇੱਕ ਵਿਸ਼ੇਸ਼ ਪਬਲਿਕ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦਾ ਮੱਖ ਮਕਸਦ ਪਬਲਿਕ ਨੂੰ ਆਪਣੇ ਮੁੱਦਿਆਂ ਅਤੇ ਸਮੱਸਿਆਵਾਂ ਨੂੰ ਬੇਝਿਜਕ ਪੁਲਸ ਦੇ ਸਾਹਮਣੇ ਪੇਸ਼ ਕਰਨ ਲਈ ਇੱਕ ਸੁਗਮ ਮੰਚ ਪ੍ਰਦਾਨ ਕਰਨਾ ਹੈ। ਮੀਟਿੰਗ ਦੌਰਾਨ ਵੱਡੀ ਗਿਣਤੀ ਵਿਚ ਮੌਜੂਦ ਲੋਕਾਂ ਨੇ ਆਪਣੀਆਂ ਸਮੱਸਿਆਵਾਂ ਅਤੇ ਮੁੱਦਿਆਂ ਬਾਰੇ ਖੁੱਲ੍ਹ ਕੇ ਗੱਲ ਕੀਤੀ। ਪੁਲਸ ਪ੍ਰਸ਼ਾਸ਼ਨ ਨੇ ਪਬਲਿਕ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸੰਬੰਧਤ ਕਦਮ ਚੁੱਕੇ ਜਾਣਗੇ। ਇਸ ਨਾਲ ਨਾ ਸਿਰਫ ਕ੍ਰਾਈਮ ਖਿਲਾਫ ਇਕਜੁੱਟ ਹੋਣ ਵਿੱਚ ਮਦਦ ਮਿਲਦੀ ਹੈ, ਬਲਕਿ ਪੁਲਸ ਪ੍ਰਸ਼ਾਸਨ ਤੇ ਲੋਕਾਂ ਦੇ ਵਿਚਕਾਰ ਭਰੋਸਾ ਹੋਰ ਮਜ਼ਬੂਤ ਹੋ ਰਿਹਾ ਹੈ।ਇਸ ਮੀਟਿੰਗ ਵਿੱਚ ਨੌਜਵਾਨਾਂ ਵੱਲੋਂ ਵਿਸ਼ੇਸ਼ ਤੌਰ 'ਤੇ ਭਾਗੀਦਾਰੀ ਕੀਤੀ ਗਈ ਅਤੇ ਪੁਲਿਸ ਪ੍ਰਸ਼ਾਸਨ ਦੇ ਇਸ ਉਪਰਾਲੇ ਦੀ ਸ਼ਲਾਘਾ ਵੀ ਕੀਤੀ ਗਈ।

## ਰਾਜਾ ਸਿੰਘ ਦੇ ਸਰਕਾਰੀ ਵਕੀਲ ਬਨਣ 'ਤੇ ਸਨਮਾਨ ਸਮਾਰੋਹ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ, ਜਿਸ ਦੀ ਰਹਿਨੁਮਾਈ ਸੰਸਥਾ ਦੇ ਸੰਸਥਾਪਕ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਵੱਲੋਂ ਬੜੇ ਹੀ ਯੋਗ ਤੇ ਸੁਚੱਜੇ ਢੰਗ ਨਾਲ ਕੀਤੀ ਜਾ ਰਹੀ ਹੈ, ਵਿਖੇ ਇੱਕ ਸਮਾਗਮ ਕੀਤਾ ਗਿਆ।ਇਸ ਸਮਾਗਮ ਦਾ ਆਯੋਜਨ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਦੇ ਹੋਣਹਾਰ ਸਪੁੱਤਰ ਸ੍ਰ. ਰਾਜਾ ਸਿੰਘ ਦੇ ਅਸਿਸਟੈਂਟ ਡਿਸਟ੍ਰਿਕ ਅਟਾਰਨੀ (141) ਸਰਕਾਰੀ ਵਕੀਲ ਬਣਨ ਦੀ ਖੁਸ਼ੀ ਵਿੱਚ ਕੀਤਾ ਗਿਆ।ਇਸ ਖੁਸ਼ੀ ਦੇ ਮੌਕੇ 'ਤੇ ਰਾਜਾ ਸਿੰਘ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਰਾਜਾ ਸਿੰਘ ਪੰਜਾਬ ਕੋ-ਐਜੂਕੇਸ਼ਨ ਸਕੂਲ ਦੇ ਵਿਦਿਆਰਥੀ (ਨਰਸਰੀ ਤੋਂ ਦਸਵੀਂ ਸ਼੍ਰੇਣੀ) ਰਹੇ ਹਨ।ਇਸ ਖੁਸ਼ੀ ਦੇ ਮੌਕੇ 'ਤੇ ਸੰਸਥਾ ਦੇ ਪ੍ਰਿੰਸੀਪਲ ਤੇ ਡਾਇਰੈਕਟਰ ਸ੍ਰੀ ਸੰਦੀਪ ਮਹਿਤਾ ਨੇ ਵਧਾਈ ਦਿੰਦਿਆਂ ਦੱਸਿਆ ਕਿ ਰਾਜਾ ਸਿੰਘ ਮਿਹਨਤੀ ਹੋਣ ਦੇ ਨਾਲ-ਨਾਲ ਸਹਿਣਸ਼ੀਲ ਤੇ ਨਿਮਰਤਾ ਵਾਲਾ ਵਿਦਿਆਰਥੀ ਰਿਹਾ।ਇਸੇ ਮਿਹਨਤ ਤੇ ਲਗਨ ਸਦਕਾ ਅੱਜ ਉਸ ਨੇ ਇੱਕ ਉੱਚਾ ਮੁਕਾਮ ਹਾਸਲ ਕੀਤਾ।ਕੋਆਰਡੀਨੇਟਰ ਸ੍ਰੀ ਮੁਕੇਸ਼ ਅਰੋੜਾ ਨੇ ਵਿਦਿਆਰਥੀਆਂ ਨੂੰ ਰਾਜਾ ਸਿੰਘ ਦੀ ਸਖ਼ਤ ਮਿਹਨਤ ਤੇ ਲਗਨ ਬਾਰੇ ਦੱਸਿਆ ਅਤੇ ਵਿਦਿਆਰਥੀਆਂ ਨੂੰ ਉਸ ਵਾਂਗ ਬਣਨ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਗੁਰਦੇਵ ਸਿੰਘ ਵੱਲੋਂ ਇਸ ਮੌਕੇ ਸਕੂਲ ਦੇ ਸਮੁੱਚੇ ਸਟਾਫ ਤੇ ਵਿਦਿਆਰਥੀਆਂ ਨਾਲ ਰਾਜਾ ਸਿੰਘ ਦੇ ਬਚਪਨ ਦੀਆਂ ਗੱਲਾਂ ਸਾਂਝੀਆਂ ਕੀਤੀਆਂ ਗਈਆਂ।ਮੈਡਮ ਖੁਸ਼ਪ੍ਰੀਤ ਕੌਰ ਵੱਲੋਂ ਰਾਜਾ ਸਿੰਘ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੀ ਮਿਹਨਤ ਬਾਰੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ ਗਏ।ਰੀਟਾਇਰਡ ਪ੍ਰਿੰਸੀਪਲ ਜਗਰੂਪ ਸਿੰਘ ਵੀ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਾਮਲ ਹੋਏ ਤੇ ਉਨ੍ਹਾਂ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਸੰਸਥਾ ਦੇ ਪ੍ਰਾਇਮਰੀ ਵਿੰਗ ਅਧਿਆਪਕਾ ਮੈਡਮ ਨੀਲਮ ਰਾਣੀ, ਜੋ ਰਾਜਾ ਸਿੰਘ ਦੇ ਸਭ ਤੋਂ ਪਹਿਲੇ ਅਧਿਆਪਕ ਬਣੇ ਸਨ, ਨੇ ਵੀ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਿਆਂ ਰਾਜਾ ਸਿੰਘ ਨੂੰ ਵਧਾਈ ਦਿੱਤੀ।ਇਸ ਤੋਂ ਇਲਾਵਾ ਇਸ ਮੌਕੇ ਪ੍ਰਿੰ. ਪਰਮਿੰਦਰ ਕੌਰ, ਮੈਡਮ ਖੁਸ਼ਪ੍ਰੀਤ ਕੌਰ, ਕੋਆਰਡੀਨੇਟਰ (ਮਿਡਲ) ਮੈਡਮ ਦੀਪਿਕਾ ਮਨਚੰਦਾ, ਕੋਆਰਡੀਨੇਟਰ (ਮਾਊਂਟ ਲਿਟਰਾ), ਮੈਡਮ ਮਿੰਨੀ ਬਾਲਾ, ਕੋਆਰਡੀਨੇਟਰ (ਕਿਡਜੀ) ਮੈਡਮ ਗੁੰਜਨ, ਕੋਆਰਡੀਨੇਟਰ (ਪ੍ਰਾਇਮਰੀ ਵਿੰਗ) ਮੈਡਮ ਰਿਚਾ ਤੋਂ ਇਲਾਵਾ ਸਕੂਲ ਦਾ ਸਮੁੱਚਾ ਸਟਾਫ਼ ਹਾਜ਼ਰ ਸੀ। ਇਸ ਮੌਕੇ ਸਟੇਜ ਦਾ ਸੰਚਾਲਨ ਅਧਿਆਪਕ ਹਰਜਿੰਦਰਪਾਲ ਸਿੰਘ ਵੱਲੋਂ ਕੀਤਾ ਗਿਆ।

## ਕਿਸਾਨੀ ਸੰਘਰਸ਼ ਦੀ ਚੌਥੀ ਵਰ੍ਹੇਗੰਢ 'ਤੇ ਸਰਕਾਰ ਨੂੰ ਦੇਵਾਂਗੇ ਚਿਤਾਵਨੀ ਪੱਤਰ : ਲੱਖੋਵਾਲ



**ਸਮਰਾਲਾ (ਸੁਰਜੀਤ ਸਿੰਘ)**-ਕਿਸਾਨਾਂ ਨੇ ਆਪਣੀ ਹੱਕੀ ਮੰਗਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ 'ਤੇ ਕਰੀਬ ਇੱਕ ਸਾਲ ਗੁਜ਼ਾਰਿਆ ਤੇ ਕੇਂਦਰ ਸਰਕਾਰ ਦੀਆਂ ਨਾਸਾਂ 'ਚ ਧੂਆਂ ਦਿੰਦੇ ਹੋਏ ਮੰਗਾਂ ਤੇ ਸਹਮਤੀ ਬਣੀ, ਪਰ ਭਾਜਪਾ ਸਰਕਾਰ ਦੀ ਬੇਈਮਾਨੀ ਸਾਹਮਣੇ ਆਈ ਕਿ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਮੰਨੀਆਂ ਮੰਗਾਂ ਲਾਗੂ ਨਹੀਂ ਕੀਤੀਆਂ।ਸਰਕਾਰ ਦੀ ਬੇਈਮਾਨੀ ਤੋਂ ਖ਼ਫ਼ਾ ਹੋ ਕੇ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਫੈਸਲਾ ਕੀਤਾ ਹੈ ਕਿ ਪ੍ਰਸ਼ਾਸਨ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਲਈ ਸੰਘਰਸ਼ ਦੀ ਚੌਥੀ ਵਰ੍ਹੇਗੰਢ ਮੌਕੇ ਤਹਿਸੀਲ ਤੇ ਜ਼ਿਲ੍ਹਾ ਪੱਧਰ 'ਤੇ ਚੇਤਾਵਨੀ ਪੱਤਰ ਦਿੱਤੇ ਜਾਣਗੇ।ਮਨਜੀਤ ਸਿੰਘ ਢੀਂਡਸਾ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਕਿਸਾਨੀ ਸੰਘਰਸ਼ ਦੀ ਪੜਚੋਲ ਕਰਦਿਆਂ ਇਹ ਗੱਲ ਸਾਹਮਣੇ ਆਈ ਕਿ ਸਰਕਾਰ ਕਿਸਾਨ ਹਿਤੈਸ਼ੀ ਨਹੀਂ, ਬਲਕਿ ਕਾਰਪੋਰੇਟ ਪੱਖੀ ਹੈ।ਮੀਟਿੰਗ ਵਿੱਚ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ, ਪਰਮਿੰਦਰ ਸਿੰਘ ਪਾਲਮਾਜਰਾ ਜਨਰਲ ਸਕੱਤਰ ਪੰਜਾਬ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਰਪ੍ਰਸਤ ਅਵਤਾਰ ਸਿੰਘ ਮੇਹਲੋਂ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੇ ਅੱਗੇ ਝੁਕਦਿਆਂ ਭਾਵੇਂ ਤਿੰਨੇ ਖੇਤੀ ਵਿਰੋਧੀ ਕਾਨੂੰਨ ਵਾਪਸ ਲੈ ਲਏ ਸਨ, ਪ੍ਰੰਤੂ ਕਿਸਾਨੀ ਮੰਗਾਂ ਅਜੇ ਤੱਕ ਲੰਬਤ ਹਨ, ਜਿਸ ਸਬੰਧੀ ਸੰਯੁਕਤ ਮੋਰਚੇ ਦੇ ਸੱਦੇ ਉੱਤੇ 26 ਨੂੰ, ਜ਼ਿਲ੍ਹਾ ਤੇ ਤਹਿਸੀਲ ਪੱਧਰਾਂ 'ਤੇ ਧਰਨੇ ਦੇ ਕੇ ਚਿਤਾਵਨੀ ਪੱਤਰ ਦਿੱਤੇ ਜਾਣਗੇ।ਜਨਰਲ ਸਕੱਤਰ ਪਰਮਿੰਦਰ ਸਿੰਘ ਪਾਲ ਮਾਜਰਾ ਨੇ ਝੋਨੇ ਤੇ ਕੱਟ ਲਾਉਣ ਵਿਰੁੱਧ ਸਖ਼ਤ ਚੇਤਾਵਨੀ ਦਿੱਤੀ।ਮੀਟਿੰਗ ਵਿੱਚ ਪਵਨਦੀਪ ਸਿੰਘ ਮੇਹਲੋਂ, ਹਰਦੀਪ ਸਿੰਘ ਭਰਥਲਾ, ਹਰਪ੍ਰੀਤ ਸਿੰਘ ਗੜ੍ਹੀ, ਅੰਮ੍ਰਿਤ ਸਿੰਘ ਰਾਜੇਵਾਲ ਚਾਰੇ ਮੀਤ ਪ੍ਰਧਾਨ ਜ਼ਿਲ੍ਹਾ ਲੁਧਿਆਣਾ, ਸੁਰਿੰਦਰ ਸਿੰਘ ਭਰਥਲਾ ਮੀਤ ਪ੍ਰਧਾਨ, ਹਰਗੁਰਮੁੱਖ ਸਿੰਘ ਦਿਆਲਪੁਰਾ ਜਨਰਲ ਸਕੱਤਰ ਲੁਧਿਆਣਾ, ਕਮਿੱਕਰ ਸਿੰਘ, ਸੁਰਿੰਦਰ ਸਿੰਘ, ਮਲਕੀਤ ਸਿੰਘ, ਜਸਵੰਤ ਸਿੰਘ, ਬਲਜਿੰਦਰ ਸਿੰਘ ਪਿੰਡ ਢੀਂਡਸਾ ਦੇ ਸਰਗਰਮ ਮੈਂਬਰ, ਹਰਪਾਲ ਸਿੰਘ, ਮਲਕੀਤ ਸਿੰਘ, ਕੁਲਵੰਤ ਸਿੰਘ, ਜਸਵੰਤ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਯੂਨੀਅਨ ਦੇ ਵਰਕਰ ਹਾਜ਼ਰ ਸਨ।

## ਪ੍ਰੋ. ਰਮਨ ਮੈਣੀ 'ਐਮੀਨੈਂਟ ਇੰਜਨੀਅਰ ਐਵਾਰਡ' ਨਾਲ ਸਨਮਾਨਤ





**ਪਟਿਆਲਾ (ਰਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਅਤੇ ਇੰਜਨੀਅਰਿੰਗ ਵਿਭਾਗ ਤੋਂ ਪ੍ਰੋ. ਰਮਨ ਮੈਣੀ ਨੂੰ ਇੰਸਟੀਚਿਊਟ ਆਫ਼ ਇੰਜਨੀਅਰਜ਼ (ਇੰਡੀਆ) ਵੱਲੋਂ 'ਐਮੀਨੈਂਟ ਇੰਜਨੀਅਰ ਐਵਾਰਡ' ਨਾਲ ਸਨਮਾਨਤ ਕੀਤਾ ਗਿਆ ਹੈ। ਕੰਪਿਊਟਰ ਇੰਜਨੀਅਰਾਂ ਦੀ 37ਵੀਂ ਰਾਸ਼ਟਰੀ ਕਨਵੈਨਸ਼ਨ ਦੌਰਾਨ ਉਨ੍ਹਾਂ ਨੂੰ ਇਹ ਸਨਮਾਨ ਪ੍ਰਦਾਨ ਕੀਤਾ ਗਿਆ।ਡਾ. ਮੈਣੀ ਪੰਜਾਬੀ ਯੂਨੀਵਰਸਿਟੀ ਵਿਖੇ ਮਾਲਵੀਆ ਮਿਸ਼ਨ ਟੀਚਰ ਟਰੇਨਿੰਗ ਸੈਂਟਰ ਦੇ ਡਾਇਰੈਕਟਰ ਵਜੋਂ ਵੀ ਕਾਰਜਸ਼ੀਲ ਹਨ।ਡਾ. ਰਮਨ ਮੈਣੀ ਨੇ ਕੰਪਿਊਟਰ ਸਾਇੰਸ ਅਤੇ ਇੰਜਨੀਅਰਿੰਗ ਦੇ ਖੇਤਰ ਆਪਣੀ ਬੀ. ਟੈੱਕ, ਐੱਮ. ਟੈਕ ਅਤੇ ਪੀ-ਐੱਚ.ਡੀ ਦੀ ਡਿਗਰੀ ਪ੍ਰਾਪਤ ਕੀਤੀ ਹੈ।ਉਨ੍ਹਾਂ ਦੇ 130 ਤੋਂ ਵੱਧ ਖੋਜ ਪੱਤਰ ਪ੍ਰਕਾਸ਼ਤ ਹੋ ਚੁੱਕੇ ਹਨ। ਉਹ ਪੰਜਾਬੀ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਵਜੋਂ ਵੀ ਸੇਵਾਵਾਂ ਨਿਭਾ ਚੁੱਕੇ ਹਨ।ਉਹ ਵੱਖ-ਵੱਖ ਨਾਮਵਰ ਯੂਨੀਵਰਸਿਟੀਆਂ ਦੇ ਵੱਖ-ਵੱਖ ਵਿਭਾਗਾਂ ਲਈ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਹਨ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕੰਪਿਊਟਰ ਸਾਇੰਸ ਅਤੇ ਇੰਜਨੀਅਰਿੰਗ ਵਿਭਾਗ ਵਿੱਚ ਏ.ਸੀ.ਐੱਮ ਵਿਦਿਆਰਥੀ ਚੈਪਟਰ ਅਤੇ ਓਰੇਕਲ ਅਕੈਡਮੀ ਦੀ ਸ਼ੁਰੂਆਤ ਕੀਤੀ ਹੈ।ਆਪਣੇ ਇਸ ਸਨਮਾਨ ਮੌਕੇ ਉਨ੍ਹਾਂ ਵੱਲੋਂ ਆਪਣੀ ਪਤਨੀ ਡਾ. ਰੇਗੀਨਾ ਮੈਣੀ, ਸੀਨੀਅਰ ਮੈਡੀਕਲ ਅਫ਼ਸਰ, ਪੰਜਾਬੀ ਯੂਨੀਵਰਸਿਟੀ, ਡਾ. ਤਾਰਾ ਸਿੰਘ ਕਮਲ, ਸਾਬਕਾ ਪ੍ਰਧਾਨ ਆਈ.ਈ.ਆਈ.,ਇੰਜ. ਐੱਸ. ਐੱਸ. ਮੁੰਦੀ ਵਾਈਸ ਪ੍ਰੈਜ਼ੀਡੈਂਟ ਆਈ. ਈ. ਆਈ., ਡਾ ਬਲਜੀਤ ਸਿੰਘ, ਚੇਅਰਮੈਨ, ਐੱਫ.ਆਈ ਈ., ਡਾ. ਜਗਤਾਰ ਸਿੰਘ ਸਿਵੀਆ ਸਾਬਕਾ ਚੇਅਰਮੈਨ, ਬਠਿੰਡਾ ਚੈਪਟਰ, ਆਈ.ਈ.ਆਈ. ਅਤੇ ਆਈ.ਈ.ਆਈ. ਦੇ ਹੋਰ ਸਾਰੇ ਅਧਿਕਾਰੀਆਂ ਦਾ ਧੰਨਵਾਦ ਕੀਤਾ ਗਿਆ।ਉਨ੍ਹਾਂ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ਼੍ਰੀ. ਕੇ ਕੇ ਯਾਦਵ ਆਈ.ਏ.ਐੱਸ ਦੇ ਨਿਰੰਤਰ ਸਹਿਯੋਗ ਅਤੇ ਮਾਰਗਦਰਸ਼ਨ ਲਈ ਵੀ ਵਿਸ਼ੇਸ਼ ਧੰਨਵਾਦ ਕੀਤਾ।

## ਬਾਹਰਲੇ ਰਾਜਾਂ ਦੇ ਖਿਡਾਰੀਆਂ ਦਾ ਵਿਦਿਆਰਥੀਆਂ ਨੇ ਲੋਕ ਨਾਚਾਂ ਤੇ ਲੋਕ ਗੀਤਾਂ ਨਾਲ ਕੀਤਾ ਮਨੋਰੰਜਨ



**ਪਟਿਆਲਾ (ਰਜਿੰਦਰ ਸਿੰਘ ਥਿੰਦ)**

ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ 68ਵੀਆਂ ਨੈਸ਼ਨਲ ਸਕੂਲ ਖੇਡਾਂ ਦੇ ਬਾਸਕਟਬਾਲ ਟੂਰਨਾਮੈਂਟ ਜੋ ਕਿ ਪਟਿਆਲਾ ਵਿਖੇ ਚੱਲ ਰਹੇ ਹਨ, 'ਚ ਮਹਿਮਾਨ ਖਿਡਾਰੀ ਅਤੇ ਕੋਚ ਗਿੱਧਾ, ਲੁੱਡੀ, ਭੰਗੜਾ, ਮਲਵਈ ਗਿੱਧਾ ਅਤੇ ਲੋਕ ਗੀਤਾਂ ਦਾ ਅਨੰਦ ਮਾਣ ਰਹੇ ਹਨ। ਸੱਭਿਆਚਾਰ ਪ੍ਰੋਗਰਾਮ ਕੋਆਰਡੀਨੇਟਰ ਪ੍ਰਿੰਸੀਪਲ ਡਾ. ਕਰਮਜੀਤ ਕੌਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸਨੌਰ ਅਤੇ ਪ੍ਰਿੰਸੀਪਲ ਮਨਦੀਪ ਕੌਰ ਅੰਟਾਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਓਲਡ ਪੁਲਸ ਲਾਈਨ ਪਟਿਆਲਾ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਦੀ ਨਿਗਰਾਨੀ ਅਧੀਨ ਜ਼ਿਲ੍ਹਾ ਪਟਿਆਲਾ ਦੇ ਸਰਕਾਰੀ ਸਕੂਲ ਦੇ ਬੱਚਿਆਂ ਨੇ ਬਾਹਰਲੇ ਰਾਜਾਂ ਤੋਂ ਆਏ ਖਿਡਾਰੀਆਂ ਦਾ ਪੰਜਾਬ ਦੇ ਸੱਭਿਆਚਾਰ ਲੋਕ ਨਾਚਾਂ ਅਤੇ ਲੋਕ ਗੀਤਾਂ ਨਾਲ ਭਰਪੂਰ ਮਨੋਰੰਜਨ ਕੀਤਾ। ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਓਲਡ ਪੁਲਿਸ ਲਾਈਨ, ਸਰਕਾਰੀ ਸੀਨੀਅਰ ਸੈਕੰਡਰੀ ਸਿਵਲ ਲਾਇਨਜ਼ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਦੀਆਂ ਕੁੜੀਆਂ ਨੇ ਮਿਲ ਕੇ ਲੋਕ ਗੀਤ ਮਿਰਜ਼ਾ 'ਤੇ ਕੋਰੀਓਗ੍ਰਾਫੀ ਕੀਤੀ ਅਤੇ ਮਿਰਜ਼ਾ ਲੋਕ ਗੀਤ ਬਲਜੀਤ ਕੌਰ ਨੇ ਉੱਚੀ ਹੇਕ ਨਾਲ ਗਾਇਆ।ਪ੍ਰਿੰਸੀਪਲ ਡਾ. ਰਜਨੀਸ਼ ਗੁਪਤਾ ਦੀ ਅਗਵਾਈ ਅਤੇ ਸੰਗੀਤ ਅਧਿਆਪਕ ਪਰਗਟ ਸਿੰਘ ਦੀ ਦੇਖ ਰੇਖ ਹੇਠ ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਦੇ ਬੱਚਿਆਂ ਨੇ ਪੰਜਾਬੀ ਲੋਕ ਨਾਚ ਮਲਵਈ ਗਿੱਧਾ ਪਾ ਕੇ ਬਾਹਰੀ ਰਾਜਾਂ ਦੇ ਬੱਚਿਆਂ ਨੂੰ ਵੀ ਝੂਮਣ ਲਾ ਦਿੱਤਾ। ਸਰਕਾਰੀ ਸੀਨੀਅਰ ਸੈਕੰਡਰੀ ਸਨੌਰ ਦੀਆਂ ਕੁੜੀਆਂ ਨੇ ਪੰਜਾਬੀ ਲੋਕ ਨਾਚ ਲੁੱਡੀ ਦੀ ਪੇਸ਼ਕਾਰੀ ਬਾ-ਕਮਾਲ ਕੀਤੀ।

ਇਨ੍ਹਾਂ ਪੇਸ਼ਕਾਰੀਆਂ ਦੀ ਤਿਆਰੀ ਲਈ ਕਿਰਨ ਸ਼ਰਮਾ ਲੈਕਚਰਾਰ, ਲੈਕਚਰਾਰ ਸਰਬਜੀਤ ਕੌਰ ਓਪੀਐਲ ਸਕੂਲ, ਲੈਕਚਰਾਰ ਰਜਨੀ ਓਪੀਐਲ ਸਕੂਲ, ਲੈਕਚਰਾਰ ਪੁਸ਼ਪਿੰਦਰ ਕੌਰ ਸਿਵਲ ਲਾਇਨਜ਼ ਸਕੂਲ, ਲੈਕਚਰਾਰ ਸੁਖਦੀਪ ਸਿੰਘ ਸਿਵਲ ਲਾਇਨਜ਼ ਸਕੂਲ, ਕਮਲਜੀਤ ਕੌਰ ਮਿਊਜ਼ਿਕ ਟੀਚਰ ਮਾਡਲ ਟਾਊਨ ਸਕੂਲ, ਸੰਦੀਪ ਕੌਰ ਡੀਪੀਈ ਸਕੰਸਸਸ ਸਨੌਰ, ਨਵਕੀਰਤ ਕੌਰ ਡਾਂਸ ਟੀਚਰ ਸਕੰਸਸਸ ਸਨੌਰ, ਵਰਿੰਦਰਜੀਤ ਕੌਰ ਮਿਊਜ਼ਿਕ ਟੀਚਰ ਸਕੰਸਸਸ ਸਨੌਰ, ਗਗਨਦੀਪ ਕੌਰ ਜ਼ਿਲ੍ਹਾ ਸਾਇੰਸ ਮੈਂਟਰ ਸਿਵਲ ਲਾਇਨਜ਼ ਸਕੂਲ ਨੇ ਵਡਮੁੱਲਾ ਸਹਿਯੋਗ ਦਿੱਤਾ।

ਇਸ ਮੌਕੇ ਟੂਰਨਾਮੈਂਟ ਆਰਗੇਨਾਈਜ਼ਿੰਗ ਇੰਚਾਰਜ ਜਸਪਾਲ ਸਿੰਘ ਪ੍ਰਿੰਸੀਪਲ ਸਕੂਲ ਆਫ਼ ਐਮੀਨੈਂਸ ਮੰਡੌਰ, ਪ੍ਰਿੰਸੀਪਲ ਡਾ: ਰਜਨੀਸ਼ ਗੁਪਤਾ ਆਬਜ਼ਰਵਰ, ਮਨਮੋਹਨ ਸਿੰਘ ਬਾਠ, ਅਮਿਤ ਕੁਮਾਰ ਹੈੱਡ ਮਾਸਟਰ, ਰਾਜਿੰਦਰ ਸਿੰਘ ਚਾਨੀ, ਜਸਵਿੰਦਰ ਸਿੰਘ ਗੱਜੂਮਾਜਰਾ, ਪ੍ਰਵੇਸ਼, ਹਰੀਸ਼ ਕੁਮਾਰ ਵੀ ਮੌਜੂਦ ਸਨ।

## ਸੁਖਮਨ ਕੌਰ ਨੂੰ ਕੁਇਜ਼ ਮੁਕਾਬਲੇ 'ਚ ਪਹਿਲਾ ਸਥਾਨ



**ਮਲੋਟ (ਗੁਰਮੀਤ ਸਿੰਘ ਮੱਕੜ)**-ਭਾਸ਼ਾ ਵਿਭਾਗ ਪੰਜਾਬ ਵੱਲੋਂ ਬੀਤੇ ਦਿਨੀਂ ਰਾਜ ਪੱਧਰੀ ਕੁਇਜ਼ ਮੁਕਾਬਲੇ ਆਈ ਕੇ ਗੁਜਰਾਲ ਯੂਨੀਵਰਸਿਟੀ ਕਪੂਰਥਲਾ ਵਿਖੇ ਆਯੋਜਿਤ ਕੀਤੇ ਗਏ, ਜਿਸ ਵਿਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਦਸ਼ਮੇਸ਼ ਗਰਲਜ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪਿੰਡ ਬਾਦਲ ਦੀ ਵਿਦਿਆਰਥਣ ਨੇ ਪੰਜਾਬ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਨ੍ਹਾਂ ਮੁਕਾਬਲਿਆਂ ਵਿਚ ਸੁਖਮਨ ਕੌਰ ਪੁੱਤਰੀ ਤਰਸੇਮ ਸਿੰਘ (ਸਾਬਕਾ ਸੈਨਿਕ) ਨੇ ਵਰਗ-ਅ ਵਿਚ ਸੂਬੇ ਭਰ ਵਿਚ ਪਹਿਲਾ ਸਥਾਨ ਹਾਸਲ ਕਰਕੇ ਇਲਾਕੇ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ। ਜੇਤੂ ਬੱਚਿਆਂ ਨੂੰ ਆਈ.ਕੇ ਗੁਜਰਾਲ ਯੂਨੀਵਰਸਿਟੀ ਕਪੂਰਥਲਾ ਵਿਖੇ ਹੋਏ ਰਾਜ ਪੱਧਰੀ ਸਮਾਗਮ ਵਿਚ ਰਾਜ ਸਭਾ ਮੈਂਬਰ ਪਦਮਸ੍ਰੀ ਸੰਤ ਸੀਚੇਵਾਲ ਵੱਲੋਂ ਸਰਟੀਫਿਕੇਟ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ।

ਸੁਖਮਨ ਦਾ ਪਿੰਡ ਲੰਬੀ ਪੁੱਜਣ 'ਤੇ ਵੱਡੀ ਗਿਣਤੀ ਪਿੰਡ ਵਾਸੀਆਂ ਅਤੇ ਪਤਵੰਤਿਆਂ ਵੱਲੋਂ ਵਧਾਈ ਦਿੰਦਿਆਂ ਉਜਵਲ ਭਵਿੱਖ ਦੀ ਕਾਮਨਾ ਕੀਤੀ ਗਈ।

## ਕੈਂਬ੍ਰਿਜ ਕਾਨਵੈਂਟ ਸਕੂਲ ਦੇ ਬੱਚਿਆਂ ਨੂੰ ਪੁਜ਼ੀਸ਼ਨਾਂ ਹਾਸਲ



**ਕੋਟ ਈਸੇ ਖਾਂ (ਅਰੋੜਾ)**-ਕੈਂਬ੍ਰਿਜ ਕਾਨਵੈਂਟ ਸਕੂਲ ਜੋ ਕਿ ਵਿਦਿਆਰਥੀਆਂ ਨੂੰ ਵਿੱਦਿਆ ਦੇ ਨਾਲ ਨਾਲ ਉਨ੍ਹਾਂ ਦੇ ਮਾਨਸਿਕ ਵਿਕਾਸ ਅਤੇ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਕਰਨ ਲਈ ਸਮੇਂ ਸਮੇਂ 'ਤੇ ਪ੍ਰਤੀਯੋਗਤਾਵਾਂ ਵਿੱਚ ਹਿੱਸਾ ਲੈਂਦੇ ਹਨ, ਇਸੇ ਤਹਿਤ ਭਾਰਤ ਵਿਕਾਸ ਪ੍ਰੀਸ਼ਦ ਕੋਟ ਈਸੇ ਖਾਂ ਵੱਲੋਂ ਭਾਰਤ ਕੋ ਜਾਨੋ ਪ੍ਰਤੀਯੋਗਤਾ ਕਰਵਾਈ ਗਈ। ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਇਸ ਪ੍ਰਤੀਯੋਗਤਾ ਵਿੱਚ ਕੈਂਬ੍ਰਿਜ ਕਾਨਵੈਂਟ ਸਕੂਲ ਦੇ ਬੱਚਿਆਂ ਨੇ ਵੀ ਹਿੱਸਾ ਲਿਆ ਅਤੇ ਵੱਖ-ਵੱਖ ਪੁਜ਼ੀਸ਼ਨਾਂ ਹਾਸਲ ਕਰਕੇ ਸਕੂਲ ਦਾ ਨਾਂ ਚਮਕਾਇਆ। ਇਸ ਪ੍ਰਤੀਯੋਗਤਾ ਦੌਰਾਨ ਕੈਂਬ੍ਰਿਜ ਕਾਨਵੈਂਟ ਸਕੂਲ ਦੇ ਜੂਨੀਅਰ ਵਿੰਗ ਦੇ ਵਿਕਰਮ ਕੌਰ ਪਿੰਡ ਰੰਡਿਆਲਾ ਨੇ ਪਹਿਲੀ ਪੁਜ਼ੀਸ਼ਨ, ਛੇਵੀਂ ਕਲਾਸ ਦੇ ਅਜੇ ਵੀਰ ਸਿੰਘ ਪਿੰਡ ਬੂਲੇ ਨੇ ਦੂਸਰੀ ਪੁਜ਼ੀਸ਼ਨ ਹਾਸਲ ਕੀਤੀ ਅਤੇ ਸੀਨੀਅਰ ਵਿੰਗ ਦੇ ਨੌਵੀਂ ਕਲਾਸ ਦੀ ਪਵਨਪ੍ਰੀਤ ਕੌਰ ਪਿੰਡ ਚਾਬ ਨੇ ਪਹਿਲੀ ਪੁਜ਼ੀਸ਼ਨ ਅਤੇ ਭੂਮਿਕਾ ਅਰੋੜਾ ਵਾਸੀ ਕੋਟ ਈਸੇ ਖਾਂ ਨੇ ਦੂਸਰੀ ਪੁਜ਼ੀਸ਼ਨ ਪ੍ਰਾਪਤ ਕੀਤੀ। ਅਧਿਆਪਕ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਕੋਟ ਈਸੇ ਖਾਂ ਵੱਲੋਂ ਭਾਰਤ ਕੋ ਜਾਨੋ ਪ੍ਰਤੀਯੋਗਤਾ ਬ੍ਰਾਂਚ ਲੈਵਲ 'ਤੇ ਕਰਵਾਈ ਗਈ ਸੀ ਜਿਸ ਵਿੱਚ ਸਾਡੇ ਕੈਂਬ੍ਰਿਜ ਸਕੂਲ ਦੇ ਬੱਚਿਆਂ ਨੇ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ ਅਤੇ ਜਿਨ੍ਹਾਂ ਬੱਚਿਆਂ ਨੇ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ ਉਹ 24 ਨਵੰਬਰ ਨੂੰ ਬਠਿੰਡਾ ਵਿਖੇ ਸਟੇਟ ਲੈਵਲ 'ਤੇ ਹਿੱਸਾ ਲੈਣਗੇ।

## ਤਰਕਸ਼ੀਲ ਸੁਸਾਇਟੀ ਨੇ ਵਿਦਿਆਰਥੀ ਚੇਤਨਾ ਪ੍ਰੀਖਿਆ ਦਾ ਨਤੀਜਾ ਐਲਾਨਿਆ



**ਰਾਮਪੁਰਾ ਫੂਲ/ਲਹਿਰਾ ਮੁਹੱਬਤ (ਦਰਸ਼ਨ ਜਿੰਦਲ/ਭੀਮ ਸੈਨ ਹਦਵਾਰੀਆ)**

ਤਰਕਸ਼ੀਲ ਸੁਸਾਇਟੀ ਵੱਲੋਂ ਲਗਾਤਾਰ ਛੇਵੇਂ ਸਾਲ ਲਈ ਗਈ ਵਿਦਿਆਰਥੀ ਚੇਤਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਕਰ ਦਿੱਤਾ ਗਿਆ ਹੈ।ਇਸ ਪ੍ਰੀਖਿਆ ਰਾਹੀਂ ਵਿਦਿਆਰਥੀਆਂ ਵਿੱਚ ਅੰਧ-ਵਿਸ਼ਵਾਸਾਂ ਦੀ ਥਾਂ ਵਿਗਿਆਨਕ ਵਿਚਾਰਕ ਸੂਝ ਵਿਕਸਿਤ ਕਰਨ, ਸਮਾਜ ਦੇ ਅਸਲ ਨਾਇਕਾਂ ਦੇ ਰੂਬਰੂ ਕਰਵਾਉਣ ਅਤੇ ਆਜ਼ਾਦੀ ਘੁਲਾਟੀਆਂ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਜਾਂਦਾ ਹੈ।ਤਰਕਸ਼ੀਲ ਸੁਸਾਇਟੀ ਦੇ ਆਗੂ ਮਾਸਟਰ ਗੁਰਮੇਲ ਸਿੰਘ ਨੇ ਪ੍ਰੈਸ ਨੂੰ ਦੱਸਿਆ ਕਿ ਰਾਮਪੁਰਾ ਇਲਾਕੇ ਤੋਂ ਇਸ ਪ੍ਰੀਖਿਆ ਵਿੱਚ 24 ਸਕੂਲਾਂ ਤੋਂ 984 ਵਿਦਿਆਰਥੀਆਂ ਨੇ ਭਾਗ ਲਿਆ।ਸਮੁੱਚੇ ਪੰਜਾਬ ਵਿੱਚ 11395 ਲੜਕਿਆਂ ਦੇ ਮੁਕਾਬਲੇ ਵਿੱਚ 19186 ਲੜਕੀਆਂ ਨੇ ਭਾਗ ਲੈ ਕੇ ਵੱਧ ਜਗਿਆਸੂ ਹੋਣ ਦਾ ਸਬੂਤ ਦਿੱਤਾ ਹੈ।ਪਹਿਲੇ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਕਿਤਾਬਾਂ ਦੇ ਸੈਟ ਅਤੇ ਵਧੀਆ ਨੰਬਰ ਲੈਣ ਵਾਲਿਆਂ ਨੂੰ ਮੈਰਿਟ ਸਰਟੀਫਿਕੇਟ ਅਤੇ ਬਾਕੀ ਵਿਦਿਆਰਥੀਆਂ ਨੂੰ ਸਨਮਾਨ ਸਰਟੀਫਿਕੇਟ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਜਾਵੇਗੀ। ਇਹ ਹੌਸਲਾ ਅਫਜ਼ਾਈ ਉਨ੍ਹਾਂ ਦੇ ਸਕੂਲਾਂ ਵਿੱਚ ਜਾ ਕੇ ਕੀਤੀ ਜਾਵੇਗੀ। ਪ੍ਰੀਖਿਆ ਵਿੱਚ ਛੇਵੀਂ ਕਲਾਸ ਦੇ ਪੁਲਕਿਤ ਸੈਨ ਅਤੇ ਰਾਜਵੀਰ ਸਿੰਘ ਮਾਨ ਸਰਕਾਰੀ ਸਕੂਲ ਲਹਿਰਾ ਮੁਹੱਬਤ, ਕਰਨਪ੍ਰੀਤ ਸਰਕਾਰੀ ਸਕੂਲ ਮਹਿਰਾਜ, ਪ੍ਰਭਜੋਤ ਸਿੰਘ ਆਈਆ ਸਕੂਲ ਇਨਾਮ ਹਾਸਲ ਕਰਨਗੇ।ਸੱਤਵੀਂ ਕਲਾਸ ਦੇ ਸਾਰੇ ਪਹਿਲੇ ਸਥਾਨ ਜੈ ਤੁਲਸੀ ਸਕੂਲ ਨੇ ਲਏ। ਗੁਣਗੁਣ, ਦੀਆ, ਕਰਨ ਸੈਣੀ ਅਤੇ ਹੈਰਲ ਇਨਾਮਾਂ ਦੇ ਹੱਕਦਾਰ ਬਣੇ। ਅੱਠਵੀਂ ਕਲਾਸ ਵਿੱਚੋਂ ਹਰਵਿੰਦਰ ਸਿੰਘ ਸਰਕਾਰੀ ਸਕੂਲ ਗਿੱਲ ਕਲਾਂ, ਗੁਰਨੂਰਪ੍ਰੀਤ ਕੌਰ ਦਸ਼ਮੇਸ਼ ਸਕੂਲ ਢੱਡੇ, ਮਨਿੰਦਰ ਕੌਰ ਕੰਨਿਆ ਪਾਠਸ਼ਾਲਾ ਰਾਮਪੁਰਾ, ਖੁਸ਼ਪ੍ਰੀਤ ਕੌਰ ਦਸ਼ਮੇਸ਼ ਸਕੂਲ ਢੱਡੇ, ਖੁਸ਼ਬੂਪ੍ਰੀਤ ਕੌਰ ਸਰਕਾਈ ਸਕੂਲ ਮੰਡੀ ਕਲਾਂ ਨੇ ਆਪਣੇ ਇਨਾਮ ਪੱਕੇ ਕੀਤੇ।ਨੌਵੀਂ ਕਲਾਸ ਤੋਂ ਨੇਹਾ ਅਤੇ ਕ੍ਰਿਸ਼ਟੀ ਸਰਕਾਰੀ ਸਕੂਲ ਰਾਮਪੁਰਾ ਮੰਡੀ (ਡੱਗੀ ਵਾਲਾ), ਅਰਸ਼ਪ੍ਰੀਤ ਗਿੱਲ ਸਰਕਾਰੀ ਸਕੂਲ ਬੱਲੋਂ, ਜਸ਼ਨਦੀਪ ਸਿੰਘ ਸਰਕਾਰੀ ਸਕੂਲ ਰਾਮਪੁਰਾ ਪਿੰਡ, ਜਸ਼ਨਦੀਪ ਕੌਰ ਅਤੇ ਤਰਨਦੀਪ ਕੌਰ ਸਰਕਾਰੀ ਸਕੂਲ ਮਹਿਰਾਜ, ਸੁਨੰਦਾ ਸ਼ਰਮਾ ਵੀਵਰ ਇੰਸਟੀਟਿਊਟ ਨੇ ਇਨਾਮਾਂ ਉਪਰ ਆਪਣਾ ਹੱਕ ਜਮਾਇਆ।ਦਸਵੀਂ ਕਲਾਸ ਵਿੱਚੋਂ ਜਸ਼ਨਦੀਪ ਕੌਰ ਅਤੇ ਬੇਅੰਤ ਕੌਰ ਸਰਕਾਰੀ ਸਕੂਲ ਮਹਿਰਾਜ ਹਰਸਿਮਰਤ ਕੌਰ ਸਰਕਾਰੀ ਸਕੂਲ ਗਿੱਲ ਕਲਾਂ, ਸੁਖਬੀਰ ਕੌਰ ਸਰਕਾਰੀ ਸਕੂਲ ਬੱਲੋਂ ਨੇ ਬਾਜ਼ੀ ਮਾਰੀ।ਗਿਆਰ੍ਹਵੀਂ ਕਲਾਸ ਵਿੱਚ ਸਰਕਾਰੀ ਸਕੂਲ ਰਾਮਪੁਰਾ (ਡੱਗੀ ਵਾਲਾ) ਦੀ ਝੰਡੀ ਰਹੀ।ਇਸ ਸਕੂਲ ਦੀ ਮਨਜੋਤ ਅਤੇ ਖੁਸ਼ਬੂ ਨੇ ਆਪਣੇ ਦਾਅਵੇ ਪੱਕੇ ਕੀਤੇ।ਬਾਰ੍ਹਵੀਂ ਕਲਾਸ ਵਿੱਚੋਂ ਕੋਮਲਪ੍ਰੀਤ ਕੌਰ ਸਰਕਾਰੀ ਸਕੂਲ ਮੰਡੀ ਕਲਾਂ, ਰਨਦੀਪ ਕੌਰ ਸਰਕਾਰੀ ਸਕੂਲ ਰਾਮਪੁਰਾ ਡੱਗੀ ਵਾਲਾ ਨੇ ਪਹਿਲੇ ਸਥਾਨਾਂ 'ਤੇ ਰਹਿ ਇਨਾਮ ਪੱਕੇ ਕੀਤੇ।

## ਕੌਮੀ ਪੈਨਸ਼ਨਰ ਦਿਵਸ ਮਨਾਉਣ ਸੰਬੰਧੀ ਐਸੋਸੀਏਸ਼ਨ ਦੀ ਮੀਟਿੰਗ



**ਧੂਰੀ (ਸੁਖਦੇਵ ਧੂਰੀ)**-ਕੌਮੀ ਪੈਨਸ਼ਨਰ ਦਿਵਸ ਮਨਾਉਣ ਲਈ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਧੂਰੀ ਦੇ ਮੈਂਬਰਾਂ ਦੀ ਇੱਕ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਸੁਖਦੇਵ ਸ਼ਰਮਾ ਦੀ ਅਗਵਾਈ ਹੇਠ ਐਸੋਸੀਏਸ਼ਨ ਦੇ ਦਫ਼ਤਰ ਵਿਖੇ ਹੋਈ।ਇਸ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਪੈਨਸ਼ਨਰ ਦਿਵਸ ਮਨਾਉਣ ਲਈ ਵੱਖ ਵੱਖ ਕਮੇਟੀਆਂ ਜਿਵੇਂ ਸਵਾਗਤ ਕਮੇਟੀ, ਲੰਗਰ ਕਮੇਟੀ, ਖਰੀਦ ਕਮੇਟੀ ਆਦਿ ਦਾ ਗਠਨ ਕੀਤਾ ਗਿਆ ਤੇ ਡਿਊਟੀਆਂ ਦੀ ਵੰਡ ਕੀਤੀ ਗਈ।ਸਾਰੇ ਹਾਜ਼ਰੀਨ ਨੇ ਇੱਕਜੁੱਟ ਹੋ ਕੇ ਪੈਨਸ਼ਨਰ ਦਿਵਸ ਦੀ ਸਫ਼ਲਤਾ ਲਈ ਤਨਦੇਹੀ ਨਾਲ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ।ਮੀਟਿੰਗ ਦੌਰਾਨ ਪੰਜਾਬੀ ਦੇ ਪ੍ਰਸਿੱਧ ਲੇਖਕ ਮੂਲ ਚੰਦ ਸ਼ਰਮਾ ਨੇ ਖ਼ੂਬਸੂਰਤ ਗੀਤ ਗਾ ਕੇ ਹਾਜ਼ਰੀ ਲਵਾਈ।ਇਸ ਮੌਕੇ ਸੀਨੀਅਰ ਆਗੂ ਕੁਲਵੰਤ ਸਿੰਘ, ਚਰਨਜੀਤ ਸਿੰਘ ਕੈਂਥ, ਰਮੇਸ਼ ਸ਼ਰਮਾ, ਹੰਸ ਰਾਜ ਗਰਗ, ਗਿਰਧਾਰੀ ਲਾਲ, ਜਸਦੇਵ ਸਿੰਘ, ਸੋਮ ਨਾਥ ਅੱਤਰੀ, ਸੁਖਦੇਵ ਸਿੰਘ ਖੰਗੂੜਾ, ਜੰਗ ਸਿੰਘ, ਦਰਸ਼ਨ ਸਿੰਘ, ਡਾ. ਹਰਦਿਆਲ ਸਿੰਘ, ਜੈ ਭਗਵਾਨ ਦਾਸ ਨੇ ਸਮਾਗਮ ਦੀ ਸਫ਼ਲਤਾ ਲਈ ਅਪਣੇ ਤਜਰਬੇ ਦੇ ਆਧਾਰ 'ਤੇ ਕੀਮਤੀ ਸੁਝਾਅ ਦਿੱਤੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਕੱਤਰ ਡਾ. ਅਮਰਜੀਤ ਸਿੰਘ, ਗੁਰਮੇਲ ਸਿੰਘ, ਫ਼ਕੀਰ ਸਿੰਘ, ਗੁਰਦਾਸ ਬਾਂਸਲ, ਚਰਨਜੀਤ ਸਿੰਘ ਸੋਹੀ, ਸੁੰਦਰ ਲਾਲ ਸ਼ਰਮਾ, ਕਰਮਜੀਤ ਸਿੰਘ, ਮੇਜਰ ਸਿੰਘ, ਪ੍ਰਿੰਸੀਪਲ ਨੌਰੰਗ ਸਿੰਘ, ਓਂਕਾਰ ਸ਼ਰਮਾ, ਆਤਮਾ ਸਿੰਘ, ਦਿਆਲ ਸਿੰਘ, ਗੁਰਚਰਨ ਸਿੰਘ, ਸੁਰਜੀਤ ਸਿੰਘ, ਕਰਮ ਚੰਦ, ਮੱਘਰ ਸਿੰਘ, ਰਾਮ ਲਾਲ, ਜਾਗਰ ਸਿੰਘ, ਰਾਮ ਸਰੂਪ, ਓਮ ਪ੍ਰਕਾਸ਼ ਸਿੰਗਲਾ ਹਾਜ਼ਰ ਸਨ।

## ਫਲਾਵਰ ਸ਼ੋਅ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਇਨਵਾਇਰਮੈਂਟ ਸੁਸਾਇਟੀ ਮਾਨਸਾ ਦੇ ਪ੍ਰਧਾਨ ਅਤੇ ਹਲਕਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਦੀ ਪ੍ਰਧਾਨਗੀ ਹੇਠ ਇਕ ਜ਼ਰੂਰੀ ਮੀਟਿੰਗ ਹੋਈ। ਇਸ ਸੁਸਾਇਟੀ ਦੀ ਸਥਾਪਨਾ ਸੰਨ 1997 'ਚ ਕਨਵੀਨਰ ਅਸ਼ੋਕ ਸਪੋਲੀਆ ਵੱਲੋਂ ਸ਼ੁਰੂ ਕੀਤੀ ਗਈ ਜਿਸ ਦੇ ਪਹਿਲੇ ਪ੍ਰਧਾਨ ਡਾ. ਵਿਜੇ ਸਿੰਗਲਾ ਸਨ। ਉਸ ਸਮੇਂ ਤੋਂ ਲੈ ਕੇ ਅੱਜ ਤੱਕ ਇਹ ਸੁਸਾਇਟੀ ਡਾ. ਵਿਜੇ ਸਿੰਗਲਾ ਦੀ ਅਗਵਾਈ ਹੇਠ ਲੋਕਾਂ ਨੂੰ ਵਾਤਾਵਰਣ ਪ੍ਰਤੀ ਜਾਗਰੂਕ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਕਾਰਜ ਕਰ ਰਹੀ ਹੈ ਜਿਨ੍ਹਾਂ ਵਿੱਚੋਂ ਫੁੱਲਾਂ ਦਾ ਮੇਲਾ ਇਸ ਸੁਸਾਇਟੀ ਦਾ ਇੱਕ ਵਿਲੱਖਣ ਕਾਰਜ ਹੈ, ਜਿਸ ਦੀ ਕਿ ਮਾਨਸਾ ਵਾਸੀ ਹਰ ਸਾਲ ਬੜੀ ਬੇਸਬਰੀ ਦੇ ਉਡੀਕ ਕਰਦੇ ਹਨ। ਇਸ ਸਾਲ ਲਗਾਏ ਜਾਣ ਵਾਲੇ ਫੁੱਲਾਂ ਦੇ ਮੇਲੇ ਦੀ ਤਿਆਰੀ ਮੀਟਿੰਗ 'ਚ ਇਹ ਫੈਸਲਾ ਕੀਤਾ ਗਿਆ ਕਿ ਇਸ ਵਾਰ ਫੁੱਲਾਂ ਦਾ ਮੇਲਾ ਸੈਂਟਰਲ ਪਾਰਕ ਮਾਨਸਾ ਵਿਖੇ ਲਗਾਇਆ ਜਾਵੇਗਾ। ਇਸ ਦੀ ਤਾਰੀਖ ਮਾਨਸਾ ਵਾਸੀਆਂ ਨੂੰ ਕੁਝ ਹੀ ਦਿਨਾਂ ਵਿੱਚ ਦੱਸੀ ਜਾਵੇਗੀ। ਇਸ ਮੌਕੇ ਡਾ. ਵਿਜੇ ਸਿੰਗਲਾ, ਅਸ਼ੋਕ ਸਪੋਲੀਆ, ਰੋਹਤਾਸ ਗਰਗ, ਜਤਿੰਦਰਵੀਰ ਗੁਪਤਾ, ਵਿਸ਼ਾਲ ਜੈਨ ਗੋਲਡੀ, ਬਲਜੀਤ ਕੜਵਲ, ਪੁਨੀਤ ਸ਼ਰਮਾ, ਵਿਨੋਦ ਮਿੱਤਲ, ਨਵੀਨ ਕੁਮਾਰ, ਪਰਮਜੀਤ ਸਦਿਉੜਾ, ਅਮ੍ਰਿਤ ਗੋਇਲ ਤੇ ਬਾਕੀ ਮੈਂਬਰ ਹਾਜ਼ਰ ਸਨ। ਟਰੱਕ ਯੂਨੀਅਨ ਮਾਨਸਾ ਦੇ ਜ਼ਿਲ੍ਹਾ ਪ੍ਰਧਾਨ ਰਿੰਪੀ ਮਾਨਸਾਹੀਆ ਨੇ ਕਿਹਾ ਕਿ ਫਲਾਵਰ ਸ਼ੋਅ ਮਾਨਸਾ ਦਾ ਸਭ ਤੋਂ ਵੱਡਾ ਫੁੱਲਾਂ ਦਾ ਮੇਲਾ ਹੈ ਜਿਸ ਨੂੰ ਦੇਖਣ ਲਈ ਹਰ ਮਾਨਸਾ ਵਾਸੀ ਨੂੰ ਸਾਰਾ ਸਾਲ ਉਡੀਕ ਰਹਿੰਦੀ ਹੈ।ਉਨ੍ਹਾ ਇਨਵਾਇਰਮੈਂਟ ਸੋਸਾਇਟੀ ਦੀ ਸ਼ਲਾਘਾ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦੇਣ ਦੀ ਗੱਲ ਵੀ ਕਹੀ।

## ਫੋਕਲ ਪੁਆਇੰਟਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਕਰਾਂਗੇ : ਸੌਂਦ





**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਦੇ ਉਦਯੋਗ ਤੇ ਵਣਜ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਸਥਾਨਕ ਸੁਨਾਮ ਰੋਡ ਸਥਿਤ ਫੋਕਲ ਪੁਆਇੰਟ 'ਚ ਬਣੇ ਸੰਗਰੂਰ ਜ਼ਿਲ੍ਹਾ ਇੰਡਸਟਰੀ ਚੈਂਬਰ ਵਿਖੇ ਸਨਅਤਕਾਰਾਂ ਅਤੇ ਕਾਰੋਬਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਮੌਕੇ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਹਰ ਪੱਖੋਂ ਉਦਯੋਗਪਤੀਆਂ ਦਾ ਸਾਥ ਦੇ ਰਹੀ ਹੈ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਨਿਵੇਸ਼ ਲਈ ਪੰਜਾਬ ਦਾ ਮਾਹੌਲ ਸਾਜ਼ਗਾਰ, ਢੁਕਵਾਂ ਅਤੇ ਸ਼ਾਂਤੀਪੂਰਵਕ ਹੈ ਅਤੇ ਉਦਯੋਗਾਂ ਦੀ ਉੱਨਤੀ ਤੇ ਪ੍ਰਫੁੱਲਤਾ ਲਈ ਪੰਜਾਬ ਸਰਕਾਰ ਪੂਰੀ ਸੰਜੀਦਗੀ ਅਤੇ ਸੁਹਿਰਦਤਾ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਨੀਤੀਆਂ ਵੀ ਉਦਯੋਗ ਪੱਖੀ ਹਨ ਅਤੇ ਛੋਟੇ ਤੇ ਦਰਮਿਆਨੇ ਉਦਯੋਗਪਤੀ ਆਪਣਾ ਕਾਰੋਬਾਰ ਅੱਜ ਹੀ ਇਕ ਹਲਫ਼ੀਆ ਬਿਆਨ ਦੇ ਕੇ ਸ਼ੁਰੂ ਕਰ ਸਕਦੇ ਹਨ ਅਤੇ ਜ਼ਰੂਰੀ ਦਸਤਾਵੇਜ਼ੀ ਪ੍ਰਕਿਰਿਆ 3 ਸਾਲਾਂ ਦੇ ਅੰਦਰ ਅੰਦਰ ਪੂਰੀ ਕੀਤੀ ਜਾ ਸਕਦੀ ਹੈ।ਸੌਂਦ ਨੇ ਕਿਹਾ ਕਿ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਸਥਿਤ ਫੋਕਲ ਪੁਆਇੰਟਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਕਰਨ ਬਾਰੇ ਕੰਮ ਚੱਲ ਰਿਹਾ ਹੈ ਅਤੇ ਪਹਿਲੇ ਪੜਾਅ ਵਿੱਚ 5 ਸ਼ਹਿਰਾਂ ਦੇ ਫੋਕਲ ਪੁਆਇੰਟਾਂ ਨੂੰ ਰੋਲ ਮਾਡਲ ਵਜੋਂ ਵਿਕਸਿਤ ਕਰਨ ਦੀ ਯੋਜਨਾ ਹੈ। ਉਦਯੋਗ ਮੰਤਰੀ ਨੇ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੇ ਉਦਯੋਗ ਮੰਤਰੀ ਵਜੋਂ ਅਹੁਦਾ ਸੰਭਾਲਿਆ ਹੈ, ਬਹੁਤ ਸਾਰੇ ਕਾਰੋਬਾਰੀਆਂ, ਐਸੋਸੀਏਸ਼ਨਾਂ, ਉਦਯੋਗਿਕ ਚੈਂਬਰਾਂ ਅਤੇ ਸਨਅਤੀ ਸਮੂਹ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਕੀਤੀਆਂ ਹਨ। ਇਨ੍ਹਾਂ ਸਾਰਿਆਂ ਤੋਂ ਮਿਲੇ ਮਸ਼ਵਰੇ ਅਤੇ ਸੁਝਾਅ ਨੂੰ ਨਵੀਆਂ ਨੀਤੀਆਂ ਅਤੇ ਯੋਜਨਾਵਾਂ ਬਣਾਉਣ ਸਮੇਂ ਧਿਆਨ ਵਿਚ ਰੱਖਿਆ ਜਾਵੇਗਾ। ਮੀਟਿੰਗ ਦੌਰਾਨ ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕੈਬਨਿਟ ਮੰਤਰੀ ਦਾ ਸੰਗਰੂਰ ਆਉਣ ਅਤੇ ਕਾਰੋਬਾਰੀਆਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਦਿੱਤੇ ਭਰੋਸੇ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ, ਵਧੀਕ ਡਿਪਟੀ ਕਮਿਸ਼ਨਰ (ਜ) ਅਮਿਤ ਬੈਂਬੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸੁਖਚੈਨ ਸਿੰਘ, ਚੇਅਰਮੈਨ ਜਸਵੀਰ ਸਿੰਘ ਕੁਦਨੀ, ਚੇਅਰਮੈਨ ਦਲਬੀਰ ਸਿੰਘ ਢਿੱਲੋਂ, ਇੰਡਸਟਰੀਅਲ ਚੈਂਬਰ ਸੰਗਰੂਰ ਦੇ ਚੇਅਰਮੈਨ ਏ.ਆਰ. ਸ਼ਰਮਾ, ਘਨਸ਼ਿਆਮ ਕਾਂਸਲ, ਸੰਜੀਵ ਚੋਪੜਾ, ਸੰਜੀਵ ਸੂਦ, ਐਮ.ਪੀ. ਸਿੰਘ ਅਤੇ ਪ੍ਰੇਮ ਗੁਪਤਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਂਬਰ ਅਤੇ ਅਹੁਦੇਦਾਰ ਸ਼ਾਮਲ ਸਨ।

## ਵਿਧਾਇਕ ਨੇ ਡੇਂਗੂ ਪ੍ਰਤੀ ਘਰ-ਘਰ ਜਾ ਕੇ ਲੋਕਾਂ ਨੂੰ ਕੀਤਾ ਜਾਗਰੂਕ



**ਨਾਭਾ (ਵਰਿੰਦਰ ਵਰਮਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਅਤੇ ਸਿਹਤ ਤੇ ਪਰਵਾਰ ਭਲਾਈ ਮੰਤਰੀ ਪੰਜਾਬ ਡਾ. ਬਲਵੀਰ ਸਿੰਘ ਵੱਲੋਂ ਆਮ ਲੋਕਾਂ ਨੂੰ ਡੇਂਗੂ ਤੋਂ ਬਚਾਉਣ ਲਈ ਸ਼ੁਰੂ ਕੀਤੀ ਵਿਸ਼ੇਸ਼ ਮੁਹਿੰਮ ਨੂੰ ਨਾਭਾ ਸ਼ਹਿਰ ਵਿਚ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਜਿਸ ਦੀ ਲੜੀ ਤਹਿਤ ਹਲਕਾ ਵਿਧਾਇਕ ਗਰਦੇਵ ਸਿੰਘ ਦੇਵ ਮਾਨ ਨੇ ਆਮ ਲੋਕਾਂ ਨੂੰ ਡੇਂਗੂ ਪ੍ਰਤੀ ਜਾਗਰੂਕ ਕਰਨ ਦੇ ਮੰਤਵ ਨਾਲ ਸ਼ਹਿਰ ਵਿਚ ਘਰ ਘਰ ਜਾ ਕੇ ਡੇਂਗੂ ਰੋਕਣ ਲਈ ਅਪੀਲ ਕੀਤੀ ਅਤੇ ਡੇਂਗੂ ਦੇ ਲਾਰਵੇ ਦੀ ਚੈਕਿੰਗ ਵੀ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਸੀਨੀਅਰ ਮੈਡੀਕਲ ਅਫਸਰ ਡਾ. ਵੀਨੂੰ ਗੋਇਲ ਦੀ ਅਗਵਾਈ ਵਿਚ ਸਿਵਲ ਹਸਪਤਾਲ ਅਧੀਨ ਡੇਂਗੂ ਵਿਰੁੱਧ ਗਤੀਵਿਧੀਆਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਡੇਂਗੂ ਨੂੰ ਰੋਕਣ ਲਈ ਆਪਣੇ ਘਰਾਂ ਦੇ ਕੂਲਰਾਂ, ਡਰੰਮਾਂ, ਫਰਿਜਾਂ ਦੀਆਂ ਟ੍ਰੇਆਂ, ਟਾਇਰਾਂ, ਗਮਲਿਆਂ ਵਿਚ ਖੜ੍ਹੇ ਪਾਣੀ ਨੂੰ ਜ਼ਰੂਰ ਸਾਫ ਕੀਤਾ ਜਾਵੇ, ਕਿਉਂਕਿ ਡੇਂਗੂ ਦਾ ਮੱਛਰ ਖੜ੍ਹੇ ਸਾਫ ਪਾਣੀ ਵਿਚ ਪੈਦਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਸਰੀਰ ਨੂੰ ਪੂਰੀ ਤਰ੍ਹਾਂ ਢਕਣ ਵਾਲੇ ਕੱਪੜੇ ਪਹਿਨ ਕੇ ਰੱਖੋ, ਮੱਛਰਦਾਨੀ ਅਤੇ ਮੱਛਰ ਭਜਾਊ ਕਰੀਮਾਂ, ਤੇਲ ਆਦਿ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਛੱਤਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ ਦੇ ਢੱਕਣਾਂ ਨੂੰ ਬੰਦ ਰੱਖੋ, ਟੁੱਟੇ ਬਰਤਨਾਂ, ਡਰੰਮਾਂ ਤੇ ਟਾਇਰਾਂ ਨੂੰ ਖੁੱਲ੍ਹੇ ਵਿਚ ਨਾ ਰੱਖੋ, ਪਸ਼ੂ-ਪੰਛੀਆਂ ਲਈ ਪੀਣ ਦੇ ਪਾਣੀ ਦੇ ਬਰਤਨਾਂ ਨੂੰ ਹਫਤੇ ਵਿਚ ਇੱਕ ਵਾਰ ਜ਼ਰੂਰ ਸਾਫ ਕਰੋ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਵੀਨੂੰ ਗੋਇਲ ਨੇ ਦੱਸਿਆ ਕਿ ਸਿਵਲ ਹਸਪਤਾਲ ਦੀਆਂ 11 ਟੀਮਾਂ ਵੱਲੋਂ ਹਰ ਰੋਜ਼ ਘਰ - ਘਰ ਜਾ ਕੇ ਸਰਵੇ ਕੀਤਾ ਜਾ ਰਿਹਾ ਹੈ, ਕਿਉਂਕਿ ਇਹ ਮੌਸਮ ਡੇਂਗੂ ਦੇ ਮੱਛਰ ਪੈਦਾ ਹੋਣ ਦੇ ਅਨੁਕੂਲ ਹੈ। ਉਨ੍ਹਾਂ ਨੇ ਡੇਂਗੂ ਦੇ ਲੱਛਣਾਂ ਅਤੇ ਇਲਾਜ ਬਾਰੇ ਦੱਸਿਆ ਕਿ ਕੋਈ ਵੀ ਬੁਖਾਰ ਡੇਂਗੂ ਹੋ ਸਕਦਾ ਹੈ, ਇਸ ਲਈ ਬੁਖਾਰ ਹੋਣ 'ਤੇ ਡੇਂਗੂ ਦਾ ਟੈਸਟ ਜ਼ਰੂਰ ਕਰਵਾਓ, ਇਹ ਟੈਸਟ ਸਿਵਲ ਹਸਪਤਾਲ ਵਿਚ ਬਿਲਕੁੱਲ ਮੁਫਤ ਕੀਤਾ ਜਾਂਦਾ ਹੈ, ਬੁਖਾਰ ਹੋਣ 'ਤੇ ਐਸਪਰੀਨ ਜਾਂ ਬਰੂਫਨ ਦਵਾਈ ਨਾ ਲਈ ਜਾਵੇ ਸਿਰਫ ਪੈਰਾਸਿਟਾਮੋਲ ਦੀ ਗੋਲੀ ਹੀ ਲਈ ਜਾਵੇ।ਵਧੇਰੇ ਮਾਤਰਾਂ ਵਿਚ ਤਰਲ ਪਦਾਰਥਾਂ ਦਾ ਸੇਵਨ ਕਰੋ। ਉਨ੍ਹਾਂ ਕਿਹਾ ਕਿ ਜੇਕਰ ਤੇਜ਼ ਬੁਖਾਰ, ਚਮੜੀ 'ਤੇ ਲਾਲ ਨਿਸ਼ਾਨ, ਮਾਸ਼ਪੇਸ਼ੀਆਂ ਵਿਚ ਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿਚ ਦਰਦ, ਮਸੂੜਿਆਂ ਅਤੇ ਨੱਕ ਵਿਚੋਂ ਖੂਨ ਦਾ ਵਗਣਾ ਆਦਿ ਵਰਗੇ ਲੱਛਣ ਹੋਣ ਤਾਂ ਤੁਰੰਤ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ ਐਂਟੀ ਲਾਰਵਾ ਨਾਭਾ ਦੀ ਟੀਮ ਸਮੇਤ ਨੋਡਲ ਅਫਸਰ ਡਾ. ਅਨੁਮੇਹਾ ਭੱਲਾ, ਨਰਸਿੰਗ ਸਿਸਟਰ ਸਵਰਨ ਲਤਾ, ਡਿਪਟੀ ਮਾਸ ਮੀਡੀਆ ਅਫਸਰ ਮਹਾਵੀਰ ਸਿੰਘ, ਫਾਰਮੇਸੀ ਅਫਸਰ ਅਜੀਤ ਸਿੰਘ, ਹੈਲਥ ਇੰਸਪੈਕਟਰ ਦਵਿੰਦਰ ਸਿੰਘ, ਸਤਪਾਲ ਸਿੰਘ, ਚਮਕੌਰ ਸਿੰਘ, ਏ.ਐਨ.ਐਮ. ਅਤੇ ਕੁਲਦੀਪ ਕੌਰ ਆਸ਼ਾ ਵਰਕਰ ਹਾਜ਼ਰ ਸਨ।

# ਸਾਂਝਾ ਅਧਿਆਪਕ ਮੋਰਚਾ ਵੱਲੋਂ ਰੋਸ ਪ੍ਰਦਰਸ਼ਨ ਦੀ ਤਿਆਰੀ ਲਈ ਮੀਟਿੰਗ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਫੈਸਲੇ ਅਨੁਸਾਰ ਸਿੱਖਿਆ ਮੰਤਰੀ ਦੇ ਪਿੰਡ ਪਹਿਲੀ ਦਸੰਬਰ ਨੂੰ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਦੀ ਤਿਆਰੀ ਲਈ ਅੱਜ ਸਾਂਝਾ ਅਧਿਆਪਕ ਮੋਰਚਾ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਨਵੀਨਰਾਂ ਪ੍ਰਿੰਸੀਪਲ ਅਮਨਦੀਪ ਸ਼ਰਮਾ, ਜਤਿੰਦਰ ਸਿੰਘ ਸੋਨੀ, ਸੁਰਿੰਦਰ ਜੌਹਲ, ਸੁਰਜੀਤ ਰਾਜਾ, ਜਸਵੀਰ ਸਿੰਘ ਅਤੇ ਬਰਜਿੰਦਰ ਸਿੰਘ ਚੋਹਕਾਂ ਦੀ ਅਗਵਾਈ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਮੀਟਿੰਗ ਵਿੱਚ ਸਾਂਝਾ ਅਧਿਆਪਕ ਮੋਰਚੇ ਦੇ ਸੂਬਾਈ ਆਗੂ ਬਾਜ ਸਿੰਘ ਖਹਿਰਾ ਅਤੇ ਕੁਲਦੀਪ ਸਿੰਘ ਦੌੜਕਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਨ੍ਹਾਂ ਆਗੂਆਂ ਨੇ ਕਿਹਾ ਕਿ ਸਿੱਖਿਆ ਮੰਤਰੀ ਨਾਲ ਹੋਈ 22 ਅਗਸਤ ਦੀ ਮੀਟਿੰਗ ਦੇ ਫੈਸਲੇ ਨਾ ਲਾਗੂ ਕਰਨ ਦੇ ਰੋਸ ਵਜੋਂ ਦੋਨੋਂ ਡੀ ਐਸ ਈਜ਼ ਰਾਹੀਂ ਰੋਸ ਪੱਤਰ ਸਿੱਖਿਆ ਮੰਤਰੀ ਨੂੰ ਭੇਜੇ ਗਏ ਸਨ। ਜਿਸ ਵਿੱਚ ਸਿੱਖਿਆ ਨੀਤੀ 2020 ਤਹਿਤ ਮਿਡਲ ਸਕੂਲਾਂ ਦੀ ਮਰਜਿੰਗ ਸਬੰਧੀ ਮੋਰਚੇ ਵੱਲੋਂ ਰੋਸ ਪ੍ਰਗਟ ਕੀਤਾ ਗਿਆ ਸੀ। 2018 ਤੋਂ ਲਾਗੂ ਕੀਤੇ ਅਧਿਆਪਕ ਵਿਰੋਧੀ ਨਿਯਮ ਰੱਦ ਕਰਨ ਦਾ ਵਾਰ-ਵਾਰ ਕੀਤਾ ਗਿਆ ਵਾਅਦਾ ਨਿਭਾਇਆ ਨਹੀਂ ਗਿਆ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਬਾਅਦ ਹੋਈਆਂ ਲੈਕਚਰਾਰਾਂ ਦੀਆਂ ਪ੍ਰਮੋਸ਼ਨਾਂ ਵਿੱਚ ਵਿਭਾਗ ਨੇ ਆਪਣੀ ਮਨਮਾਨੀ ਨਾਲ ਅਧਿਆਪਕਾਂ ਨੂੰ ਦੂਰ ਦੁਰਾਡੇ ਸਟੇਸ਼ਨ ਦਿੱਤੇ, ਜਿਸ ਕਾਰਨ ਪੂਰੇ ਅਧਿਆਪਕ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਮੋਰਚੇ ਵੱਲੋਂ ਹਰ ਵਰਗ ਦੀਆਂ ਰਹਿੰਦੀਆਂ ਤਰੱਕੀਆਂ ਸਬੰਧੀ, 2018 ਤੋਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ, ਸੀ ਐਂਡ ਵੀ ਤੋਂ ਮਾਸਟਰ ਕਾਡਰ ਤਰੱਕੀਆਂ, 873 ਡੀ ਪੀ ਈ ਭਰਤੀ ਵਿੱਚੋਂ ਰਹਿੰਦੇ ਉਮੀਦਵਾਰਾਂ ਨੂੰ ਜਲਦ ਆਰਡਰ ਦੇਣ ਸਬੰਧੀ, ਪੰਚਾਇਤੀ ਚੋਣਾਂ ਵਿੱਚ ਅਧਿਆਪਕਾਂ ਦੀ ਹੋਈ ਖੱਜਲ ਖੁਆਰੀ ਸਬੰਧੀ ਸਿੱਖਿਆ ਵਿਭਾਗ ਦੇ ਕਿਸੇ ਵੀ ਅਧਿਕਾਰੀ ਜਾਂ ਸਿੱਖਿਆ ਮੰਤਰੀ ਨੇ ਕੋਈ ਨੋਟਿਸ ਨਹੀਂ ਲਿਆ। ਸਗੋਂ ਸੀ ਐਂਡ ਵੀ ਕਾਡਰ ਦੇ ਪੀ ਟੀ ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਤੋਂ ਰਿਕਵਰੀ ਦਾ ਪੱਤਰ ਮੁੜ ਜਾਰੀ ਕੀਤਾ ਗਿਆ ਹੈ। ਸੀ ਈ ਪੀ ਤਹਿਤ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਿੱਖਿਆ ਤੋਂ ਹਟਾ ਕੇ ਫਰਜ਼ੀ ਰਿਕਾਰਡ ਬਣਾਉਣ ਲਈ ਉਲਝਾਇਆ ਜਾ ਰਿਹਾ ਹੈ। ਦੂਜੇ ਪਾਸੇ ਇਹ ਫਰਜ਼ੀ ਰਿਕਾਰਡ ਚੈਕ ਕਰਨ ਲਈ ਟੀਮਾਂ ਅਧਿਆਪਕਾਂ ਨੂੰ ਅਲੱਗ ਪ੍ਰੇਸ਼ਾਨ ਕਰ ਰਹੀਆਂ ਹਨ। ਪਹਿਲਾਂ ਅਧਿਆਪਕ ਸਮਰੱਥ ਪ੍ਰੋਜੈਕਟ ਵਿੱਚ ਲੱਗੇ ਹੋਏ ਸਨ, ਹੁਣ ਸੀ ਈ ਪੀ ਕਰਨ ਵਿੱਚ ਲੱਗੇ ਹੋਏ ਹਨ। ਜਦੋਂ ਕਿ ਇਮਤਿਹਾਨ ਨੇੜੇ ਆ ਰਹੇ ਹਨ ਅਤੇ ਸਿਲੇਬਸ ਦੀ ਪੜ੍ਹਾਈ ਵਿਚਾਲੇ ਹੀ ਛੁਡਵਾ ਲਈ ਗਈ ਹੈ। ਜਿਸ ਕਾਰਨ ਅਧਿਆਪਕ ਵਰਗ ਵਿੱਚ ਵਿੱਚ ਭਾਰੀ ਰੋਸ ਹੈ। ਕੰਪਿਊਟਰ ਅਧਿਆਪਕਾਂ ਦੀ ਜਾਇਜ਼ ਮੰਗ ਨੂੰ ਸਰਕਾਰ ਵੱਲੋਂ ਬਾਰ ਬਾਰ ਅਣਗੌਲਿਆ ਕੀਤਾ ਜਾ ਰਿਹਾ ਹੈ। ਅੱਜ ਪੰਜਾਬ ਦੇ ਅੱਧ ਤੋਂ ਵੱਧ ਸਕੂਲ ਸਕੂਲ ਮੁਖੀਆਂ ਤੋਂ ਬਗੈਰ ਚੱਲ ਰਹੇ ਹਨ ।ਉਪਰੋਕਤ ਮੰਗਾਂ ਤੋਂ ਇਲਾਵਾ ਬਹੁਤ ਸਾਰੀਆਂ ਵਿਭਾਗੀ ਮੰਗਾਂ ਅਤੇ ਵਿੱਤੀ ਮੰਗਾਂ ਤਨਖਾਹ ਦੁਹਰਾਈ, ਪੁਰਾਣੀ ਪੈਨਸ਼ਨ ਦੀ ਬਹਾਲੀ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਬਕਾਏ, ਪੇਂਡੂ ਭੱਤੇ ਸਮੇਤ 37 ਭੱਤਿਆਂ ਦੀ ਬਹਾਲੀ ਆਦਿ ਅਜਿਹੀਆਂ ਹਨ, ਜਿਸ ਪ੍ਰਤੀ ਵਿਭਾਗ ਸੁਹਿਰਦ ਨਹੀਂ ਹੈ, ਜਿਸ ਕਾਰਨ ਪਹਿਲੀ ਦਸੰਬਰ ਨੂੰ ਸਿੱਖਿਆ ਮੰਤਰੀ ਦੇ ਪਿੰਡ ਵੱਡੀ ਗਿਣਤੀ ਵਿੱਚ ਅਧਿਆਪਕ ਰੋਸ ਪ੍ਰਦਰਸ਼ਨ ਕਰਨਗੇ ਤਾਂ ਜੋ ਸੁੱਤੀ ਪਈ ਸਰਕਾਰ ਨੂੰ ਜਗਾਇਆ ਜਾ ਸਕੇ।ਇਸ ਮੌਕੇ ਵਿਕਾਸ ਸ਼ਰਮਾ ਲੈਕਚਰਾਰ ਉਪਿੰਦਰ ਸਿੰਘ, ਲੈਕਚਰ ਕਮਲ ਕਿਸ਼ੋਰ, ਸੰਤੋਖ ਸਿੰਘ, ਪ੍ਰਿਤਪਾਲ ਸਿੰਘ, ਸਤਬੀਰ ਸਿੰਘ, ਮਨੋਹਰ ਸਿੰਘ ਬੈਂਸ, ਬਲਵੀਰ ਸਿੰਘ ਧਾਮੀ, ਜਸਮੀਤ ਸਿੰਘ ਮਠਾਰੂ ,ਕਸ਼ਮੀਰਾ ਸਿੰਘ, ਮੁਕੇਸ਼ ਕੁਮਾਰ, ਸੁਰਿੰਦਰ ਕੁਮਾਰ, ਈਸ਼ਵਿੰਦਰ ਕੌਰ, ਜਗਦੀਸ਼ ਸਿੰਘ, ਰਾਜਕੁਮਾਰ, ਜਸਵਿੰਦਰ ਪਾਲ, ਦਵਿੰਦਰ ਕੁਮਾਰ ਸਮੇਤ ਅਨੇਕਾਂ ਅਧਿਆਪਕ ਆਗੂ ਮੀਟਿੰਗ ਵਿੱਚ ਸ਼ਾਮਿਲ ਹੋਏ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪਹਿਲੀ ਦਸੰਬਰ ਨੂੰ ਸਿੱਖਿਆ ਮੰਤਰੀ ਦੇ ਘਰ ਦੇ ਘਿਰਾਓ ਲਈ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸੈਂਕੜੇ ਹੀ ਅਧਿਆਪਕ ਸ਼ਮੂਲੀਅਤ ਕਰਨਗੇ।

## 18ਵਾਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ


# ਰਾਊਂਡ ਗਲਾਸ ਹਾਕੀ ਅਕੈਡਮੀ ਮੋਹਾਲੀ ਨੇ ਖਿਤਾਬ 'ਤੇ ਕੀਤਾ ਕਬਜ਼ਾ

**ਜਲੰਧਰ (ਸ਼ੈਲੀ ਐਲਬਰਟ)**- ਰਾਊਂਡ ਗਲਾਸ ਹਾਕੀ ਅਕੈਡਮੀ ਮੋਹਾਲੀ ਨੇ ਓਡੀਸ਼ਾ ਨੇਵਲ ਟਾਟਾ ਹਾਈ ਪ੍ਰਫਾਰਮੈਂਸ ਸੈਂਟਰ ਭੁਬਨੇਸ਼ਵਰ ਨੂੰ 5-2 ਦੇ ਫਰਕ ਨਾਲ ਹਰਾ ਕੇ 18ਵੇਂ ਆਲ ਇੰਡੀਆ ਬਲਵੰਤ ਸਿੰਘ ਕਪੂਰ ਹਾਕੀ ਟੂਰਨਾਮੈਂਟ ਫਾਰ ਮਾਤਾ ਪ੍ਰਕਾਸ਼ ਕੌਰ ਕੱਪ (ਅੰਡਰ 19 ਲੜਕੇ) ਦਾ ਖਿਤਾਬ ਜਿੱਤ ਲਿਆ।ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਖੇਡੇ ਗਏ ਫਾਇਨਲ ਮੈਚ ਵਿੱਚ ਦੋਵਾਂ ਟੀਮਾਂ ਨੇ ਬੇਹਤਰੀਨ ਖੇਡ ਦਾ ਪ੍ਰਦਰਸ਼ਨ ਕੀਤਾ। ਐਨ ਸੀ ਓ ਈ ਸੋਨੀਪਤ ਨੇ ਸਪੋਰਟਸ ਹਾਸਟਲ ਲਖਨਊ ਨੂੰ 3-1 ਨਾਲ ਹਰਾ ਕੇ ਤੀਜਾ ਸਥਾਨ ਹਾਸਲ ਕੀਤਾ।ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਭਾਰਤ ਦੇ ਉਘੇ ਬਿਜ਼ਨਸਮੈਨ ਸੱਜਣ ਜਿੰਦਲ (ਚੇਅਰਮੈਨ ਜੇ ਐਸ ਡਬਲਿਓ ਗਰੁੱਪ) ਨੇ ਕੀਤੀ। ਜੇਤੂ ਟੀਮ ਨੂੰ ਇੱਕ ਲੱਖ ਪੰਜਾਹ ਹਜ਼ਾਰ ਰੁਪਏ ਨਕਦ ਅਤੇ ਮਾਤਾ ਪ੍ਰਕਾਸ਼ ਕੌਰ ਕੱਪ ਨਾਲ ਸਨਮਾਨਤ ਕੀਤਾ ਗਿਆ। ਉਪ ਜੇਤੂ ਟੀਮ ਨੂੰ ਇਕ ਲੱਖ ਰੁਪਏ ਨਕਦ ਅਤੇ ਉਪ ਜੇਤੂ ਟਰਾਫੀ ਨਾਲ ਸਨਮਾਨਿਆ ਗਿਆ। ਤੀਜੇ ਸਥਾਨ 'ਤੇ ਰਹਿਣ ਵਾਲੀ ਐਨ ਸੀ ਓ ਈ ਸੋਨੀਪਤ ਨੂੰ 80000 ਰੁਪਏ ਨਕਦ ਅਤੇ ਟਰਾਫੀ ਨਾਲ ਸਨਮਾਨਿਆ ਗਿਆ ਜਦਕਿ ਚੌਥੇ ਸਥਾਨ ਵਾਲੀ ਟੀਮ ਨੂੰ 60000 ਰੁਪਏ ਨਕਦ ਨਾਲ ਸਨਮਾਨਿਆ ਗਿਆ। ਸਪੋਰਟਸ ਹਾਸਟਲ ਲਖਨਊ ਦੀ ਟੀਮ ਨੂੰ ਫੇਅਰ ਪਲੇਅ ਟਰਾਫੀ ਹਰ ਮੋਹਿੰਦਰ ਕੌਰ ਯਾਦਗਾਰੀ ਟਰਾਫੀ ਨਾਲ ਸਨਮਾਨਿਆ ਗਿਆ। ਟੂਰਨਾਮੈਂਟ ਕਮੇਟੀ ਵਲੋਂ ਮੁੱਖ ਮਹਿਮਾਨ ਸੱਜਣ ਜਿੰਦਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਓਡੀਸ਼ਾ ਨੇਵਲ ਟਾਟਾ ਭੁਬਨੇਸ਼ਵਰ ਟੀਮ ਦੇ ਵਿਵੇਕ ਲਾਕੜਾ ਨੂੰ ਟੂਰਨਾਮੈਂਟ ਦਾ ਸਰਵੋਤਮ ਗੋਲ ਕੀਪਰ, ਐਨ ਸੀ ਓ ਈ ਸੋਨੀਪਤ ਟੀਮ ਦੇ ਆਸ਼ੂ ਮੋਰੀਆ ਨੂੰ ਬੇਹਤਰੀਨ ਫੁੱਲ ਬੈਕ, ਰਾਊਂਡ ਗਲਾਸ ਅਕੈਡਮੀ ਟੀਮ ਦੇ ਓਮ ਰਜਨੀਸ਼ ਸੈਣੀ ਨੂੰ ਬੇਹਤਰੀਨ ਹਾਫ ਬੈਕ, ਸਪੋਰਟਸ ਹਾਸਟਲ ਲਖਨਊ ਟੀਮ ਦੇ ਕੇਤਨ ਖੁਸ਼ਵਾਹਾ ਨੂੰ ਬੇਹਤਰੀਨ ਫਾਰਵਰਡ ਐਲਾਨਿਆ ਗਿਆ। ਰਾਊਂਡ ਗਲਾਸ ਅਕੈਡਮੀ ਟੀਮ ਦੇ ਗੁਰਸੇਵਕ ਸਿੰਘ ਨੂੰ ਸਰਵੋਤਮ ਸਕੋਰਰ ਅਤੇ ਓਡੀਸ਼ਾ ਨੇਵਲ ਟਾਟਾ ਭੁਬਨੇਸ਼ਵਰ ਟੀਮ ਦੇ ਅਧਰੋਹਿਤ ਇੱਕਾ ਨੂੰ ਟੂਰਨਾਮੈਂਟ ਦਾ ਉਭਰਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ। ਇਨ੍ਹਾਂ ਸਾਰੇ ਖਿਡਾਰੀਆਂ ਨੂੰ ਦਸ-ਦਸ ਹਜ਼ਾਰ ਰੁਪਏ ਨਕਦ ਨਾਲ



ਸਨਮਾਨਿਤ ਕੀਤਾ ਗਿਆ।ਡੀ ਏ ਵੀ ਕਾਲਜ ਦੇ ਲੜਕਿਆਂ ਵਲੋਂ ਸ਼ਾਨਦਾਰ ਭੰਗੜੇ ਦੀ ਪੇਸ਼ਕਾਰੀ ਕੀਤੀ। ਮੁੱਖ ਮਹਿਮਾਨ ਸੱਜਣ ਜਿੰਦਲ ਨੇ ਟੀਮਾਂ ਨਾਲ ਜਾਣ ਪਛਾਣ ਵੀ ਕੀਤੀ। ਇਸ ਮੌਕੇ ਦਲਜੀਤ ਸਿੰਘ ਕਸਟਮਜ਼, ਮਨਦੀਪ ਸਿੰਘ, ਉਲੰਪੀਅਨ ਰਜਿੰਦਰ ਸਿੰਘ ਸੀਨੀਅਰ, ਅਸ਼ਫਾਕ ਉਲਾ ਖਾਨ, ਜਤਿੰਦਰ ਪੰਨੂ, ਗੁਰਪ੍ਰੀਤ ਸਿੰਘ, ਮਨੁ ਸੂਦ, ਸਰਬਜੀਤ ਸਿੰਘ ਬਾਹੀਆ, ਉਲੰਪੀਅਨ ਬਲਜੀਤ ਸਿੰਘ ਢਿਲੋਂ, ਜਗਮੋਹਨ ਸਿੰਘ, ਪਰਮਿੰਦਰ ਕੌਰ, ਹਰਭਜਨ ਕੌਰ ਕਪੂਰ, ਮਨਜੀਤ ਕੌਰ ਕਪੂਰ, ਪਲਵਿੰਦਰ ਕੌਰ ਕਪੂਰ, ਅਨੀਤਾ ਕੌਰ ਕਪੂਰ, ਜਸਪ੍ਰੀਤ ਕੌਰ ਬਵੇਜਾ, ਸੁਖਲੀਨ ਕੌਰ ਕਪੂਰ, ਗੁਰਸ਼ਰਨ ਸਿੰਘ ਕਪੂਰ, ਹਰਦੀਪ ਸਿੰਘ ਕਪੂਰ, ਹਰਭਜਨ ਸਿੰਘ ਕਪੂਰ, ਮਨਜੀਤ ਸਿੰਘ ਕਪੂਰ, ਤੀਰਥ ਸਿੰਘ ਕਪੂਰ, ਗੁਨਦੀਪ ਸਿੰਘ ਕਪੂਰ, ਉਲੰਪੀਅਨ ਮੁਖਬੈਨ ਸਿੰਘ, ਰਿਪੁਦਮਨ ਕੁਮਾਰ ਸਿੰਘ, ਦਲਜੀਤ ਸਿੰਘ ਢਿਲੋਂ, ਜਗਦੀਪ ਸਿੰਘ ਗਿੱਲ, ਰਾਮ ਸਰਨ, ਤੇਜਾ ਸਿੰਘ, ਬਿਕਰਮਜੀਤ ਸਿੰਘ, ਹਰਿੰਦਰ ਸੰਘਾ, ਸੁਰਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਸਾਰੇ ਭਾਰਤ 'ਚ ਡੀ ਸੀ ਦਫ਼ਤਰਾਂ ਦਾ ਘਿਰਾਓ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੰਯੁਕਤ ਕਿਸਾਨ ਮੋਰਚਾ ਭਾਰਤ ਵੱਲੋਂ ਦਿੱਲੀ ਕਿਸਾਨ ਅੰਦੋਲਨ ਦੀ ਚੌਥੀ ਬਰਸੀ ਦੇ ਮੌਕੇ ਸਾਰੇ ਭਾਰਤ ਦੇ ਜ਼ਿਲ੍ਹਾ ਮੈਜਿਸਟਰੇਟਾਂ ਦੇ ਦਫ਼ਤਰਾਂ ਅੱਗੇ ਧਰਨੇ ਦਿੱਤੇ ਜਾ ਰਹੇ ਹਨ। ਇਹ ਧਰਨੇ 26 ਨਵੰਬਰ ਨੂੰ ਸਵੇਰ 11.00 ਵਜੇ ਤੋਂ ਬਾਅਦ ਦੁਪਹਿਰ 3.00 ਵਜੇ ਤੱਕ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਦਿੱਤੇ ਜਾ ਰਹੇ ਹਨ। ਮੰਗਾਂ ਹਨ ਕਿ ਸਾਰੀਆਂ ਫ਼ਸਲਾਂ ਦੀ ਐਮ.ਐਸ.ਪੀ ਸੀ 2+50% ਅਨੁਸਾਰ ਦੇਣ ਲਈ ਗਰੰਟੀ ਕਾਨੂੰਨ ਬਣਾਇਆ ਜਾਵੇ, ਚਾਰ ਲੇਬਰ-ਕੋਰਟ ਰੱਦ ਕੀਤੇ ਜਾਣ, ਘੱਟੋ ਘੱਟ ਤਨਖਾਹ 26000 ਰੁਪਏ ਪਰ ਮਹੀਨਾ ਦਿੱਤੀ ਜਾਵੇ, ਕਿਸਾਨਾਂ-ਮਜ਼ਦੂਰਾਂ ਦਾ ਸਾਰਾ ਕਰਜ਼ਾ ਰੱਦ ਕੀਤਾ ਜਾਵੇ, ਨਿੱਜੀਕਰਨ ਬੰਦ ਕੀਤਾ ਜਾਵੇ, ਪ੍ਰੀਪੇਡ ਮੀਟਰ ਲਾਉਣੇ ਬੰਦ ਕੀਤੇ ਜਾਣ, ?ਮਨਰੇਗਾ ਦੀ ਦਿਹਾੜੀ 600 ਰੁਪਏ ਕੀਤੀ ਜਾਵੇ, ਕਿਸਾਨਾਂ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਹੋਣ 'ਤੇ ਸਰਕਾਰ ਵੱਲੋਂ 10000 ਰੁਪਏ ਪਰ ਮਹੀਨਾ ਪੈਨਸ਼ਨ ਦਿੱਤੀ ਜਾਵੇ, ਪੰਜਾਬ ਵਿੱਚ ਝੋਨੇ ਦੀ ਖਰੀਦ ਦੌਰਾਨ ਲਾਏ ਕੱਟਾਂ ਦੀ ਸਰਕਾਰ ਭਰਵਾਈ ਕਰੇ, ਸਾਰੇ ਝੋਨੇ ਨੂੰ ਚੁੱਕਣ ਦਾ ਪ੍ਰਬੰਧ ਸਰਕਾਰ ਕਰੇ। ਹਰਬੰਸ ਸਿੰਘ ਸੰਘਾ ਮੈਂਬਰ ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਸਾਰੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਧਰਨਿਆਂ ਵਿੱਚ ਸ਼ਾਮਲ ਹੋਣ।

# ਰਾਜ ਪੱਧਰੀ ਬਾਕਸਿੰਗ ਮੁਕਾਬਲੇ ਸ.ਫਲਤਾਪੂਰਵਕ ਸਮਾਪਤ



**ਨਵਾਂਸ਼ਹਿਰ (ਮਨੋਜ ਲਾਡੀ)**-ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਤਹਿਤ ਲੈਮਰਿਨ ਟੈਕ ਸਕਿੱਲ ਯੂਨੀਵਰਸਿਟੀ ਬਲਾਚੌਰ ਵਿਖੇ ਕਰਵਾਏ ਗਏ ਲੜਕੇ-ਲੜਕੀਆਂ ਦੇ ਰਾਜ ਪੱਧਰੀ ਬਾਕਸਿੰਗ ਮੁਕਾਬਲੇ ਅੱਜ ਸਫ਼ਲਤਾਪੂਰਵਕ ਸਮਾਪਤ ਹੋ ਗਏ। ਸਮਾਪਤੀ ਸਮਾਰੋਹ ਵਾਲੇ ਦਿਨ ਸੰਤ ਅਵਤਾਰ ਸਿੰਘ, ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਹੈੱਡ ਦਰਬਾਰ ਕੋਟ ਪੁਰਾਣ, ਰੂਪ ਨਗਰ ਮੁੱਖ ਮਹਿਮਾਨ ਦੇ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦਿਆਂ ਖੇਡਾਂ ਵਿਚ ਵੱਧ ਤੋਂ ਵੱਧ ਭਾਗ ਲੈਣ ਲਈ ਪ੍ਰੇਰਿਤ ਕੀਤਾ, ਤਾਂ ਜੋ ਖਿਡਾਰੀ ਰਾਜ ਪੱਧਰੀ, ਨੈਸ਼ਨਲ ਪੱਧਰੀ ਅਤੇ ਵਿਸ਼ਵ ਪੱਧਰੀ ਖੇਡਾਂ ਵਿਚ ਆਪਣਾ, ਆਪਣੇ ਮਾਪਿਆਂ ਤੇ ਦੇਸ਼ ਦਾ ਨਾਮ ਰੋਸ਼ਨ ਕਰ ਸਕਣ। ਇਸ ਦੌਰਾਨ ਪੂਜਾ ਰਾਣੀ, ਫੁੱਟਬਾਲ ਕੋਚ ਜ਼ਿਲ੍ਹਾ ਪਠਾਨਕੋਟ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਨੇ ਅੱਜ ਆਖ਼ਰੀ ਦਿਨ ਦੇ ਬਾਕਸਿੰਗ ਮੁਕਾਬਲਿਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਮਰ ਵਰਗ ਅੰਡਰ 17 ਲੜਕੇ ਭਾਰ ਵਰਗ 44-46 ਵਿਚ ਸ਼ੁਭਬੀਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਸਾਹਿਬ, ਭਾਰ ਵਰਗ 46-48 ਕਿਲੋ ਵਿਚ ਚਿਰਾਗ ਜ਼ਿਲ੍ਹਾ ਐਸ ਏ ਐਸ ਨਗਰ, ਭਾਰ ਵਰਗ 48-50 ਕਿਲੋ ਵਿਚ ਸਾਹਿਲ ਜ਼ਿਲ੍ਹਾ ਬਰਨਾਲਾ, ਭਾਰ ਵਰਗ 50-52 ਕਿਲੋ ਵਿਚ ਪ੍ਰਭਨੂਰ ਜ਼ਿਲ੍ਹਾ ਫਾਜ਼ਿਲਕਾ, ਭਾਰ ਵਰਗ 52-54 ਕਿਲੋ ਵਿਚ ਅਰਸ਼ਪ੍ਰੀਤ ਜ਼ਿਲ੍ਹਾ ਸੰਗਰੂਰ, ਭਾਰ ਵਰਗ 54-57 ਕਿਲੋ ਵਿਚ ਮੁਰਤਜਾ ਹਨੀਫ਼ ਜ਼ਿਲ੍ਹਾ ਮਾਲੇਰਕੋਟਲਾ, ਭਾਰ ਵਰਗ 57-60 ਕਿਲੋ ਵਿਚ ਮਨਵੀਰ ਜ਼ਿਲ੍ਹਾ ਪਟਿਆਲਾ, ਭਾਰ ਵਰਗ 60-63 ਕਿਲੋ ਵਿਚ ਇੰਸਵਿੰਦਰ ਜ਼ਿਲ੍ਹਾ ਮਾਨਸਾ, ਭਾਰ ਵਰਗ 63-66 ਕਿਲੋ ਵਿਚ ਰਾਹੁਲ ਜ਼ਿਲ੍ਹਾ ਮਾਨਸਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਰਾਮ ਮੇਅਰ, ਸਹਾਇਕ ਡਾਇਰੈਕਟਰ ਖੇਡਾਂ ਲੈਮਰਿਨ ਟੈਕ ਸਕਿੱਲ ਯੂਨੀਵਰਸਿਟੀ ਬਲਾਚੌਰ, ਖੇਡ ਕਨਵੀਨਰ ਮੁਹੰਮਦ ਹਬੀਬ, ਹਰਦੀਪ ਸਿੰਘ ਕੋ-ਕਨਵੀਨਰ, ਹਰਪ੍ਰੀਤ ਹੈਰੀ, ਗੁਰਜੀਤ ਕੌਰ ਕਬੱਡੀ ਕੋਚ, ਲਵਪ੍ਰੀਤ ਕੌਰ ਅਥਲੈਟਿਕਸ ਕੋਚ ਤੋਂ ਇਲਾਵਾ ਵੱਡੀ ਗਿਣਤੀ ਵਿਚ ਖਿਡਾਰੀ ਅਤੇ ਅਧਿਕਾਰੀ ਹਾਜ਼ਰ ਸਨ। ਇਸ ਤੋਂ ਇਲਾਵਾ ਇਸ ਰਾਜ ਪੱਧਰੀ ਟੂਰਨਾਮੈਂਟ ਵਿਚ ਸਟੇਟ ਸੰਚਾਲਕੀ ਦੀ ਭੂਮਿਕਾ ਹਰਦੀਪ ਸਿੰਘ ਹੈਰੀ ਨੇ ਨਿਭਾਈ।

# 2404 ਕਰੋੜ ਰੁਪਏ ਝੋਨੇ ਦਾ ਭੁਗਤਾਨ ਯਕੀਨੀ ਬਣਾਇਆ : ਡਿਪਟੀ ਕਮਿਸ਼ਨਰ

ਜਲੰਧਰ (ਇਕਬਾਲ ਸਿੰਘ ਉੱਭੀ) - ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦ ਕੀਤੇ ਗਏ ਝੋਨੇ ਦਾ 2,404 ਕਰੋੜ ਰੁਪਏ ਦਾ ਭੁਗਤਾਨ ਯਕੀਨੀ ਬਣਾਇਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 10,53,721 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 10,47,818 ਮੀਟਰਕ ਟਨ ਝੋਨੇ ਦੀ ਖ਼ਰੀਦ ਏਜੰਸੀਆਂ ਵੱਲੋਂ ਖ਼ਰੀਦ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੰਡੀਆਂ ਵਿੱਚ ਝੋਨੇ ਦੀ ਤੇਜ਼ੀ ਨਾਲ ਲਿਫਟਿੰਗ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਅਤੇ ਬੀਤੇ ਦਿਨ ਤੱਕ 9,13,056 ਮੀਟਰਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ।ਡਾ. ਅਗਰਵਾਲ ਨੇ ਪੰਜਾਬ ਸਰਕਾਰ ਦੀ ਖਰੀਫ ਅਤੇ ਰੱਬੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਾ ਆਉਣ ਦੇਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਵਲੋਂ ਪੂਰੀ ਗੰਭੀਰਤਾ ਦਿਖਾਉਂਦਿਆਂ ਆਪਣੇ ਅਧਿਕਾਰੀ ਫੀਲਡ ਵਿੱਚ ਉਤਾਰੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਅਧਿਕਾਰੀ ਝੋਨੇ ਦੇ ਖਰੀਦ ਪ੍ਰਬੰਧਾਂ ਤੋਂ ਇਲਾਵਾ ਪਰਾਲੀ ਨੂੰ ਅੱਗ ਨਾ ਲਗਾ ਕੇ ਆਧੁਨਿਕ ਮਸ਼ੀਨਾਂ ਰਾਹੀਂ ਪਰਾਲੀ ਪ੍ਰਬੰਧਨ ਕਰਨ ਸਮੇਤ ਡੀ.ਏ.ਪੀ. ਦੀ ਜਮ੍ਹਾਖੋਰੀ ਰੋਕਣ ਅਤੇ ਡੀ.ਏ.ਪੀ. ਦੇ ਬਦਲ ਵਜੋਂ ਵਰਤੀਆਂ ਜਾਣ ਵਾਲੀਆਂ ਖਾਦਾਂ ਦੀ ਵਰਤੋਂ ਕਰਨ ਲਈ ਕਿਸਾਨਾਂ ਨੂੰ ਜਾਗਰੂਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਵਲੋਂ ਖੇਤਾਂ ਵਿੱਚ ਜਾ ਕੇ ਉਹਨਾਂ ਅਗਾਂਹਵਧੂ ਕਿਸਾਨਾਂ ਦੀ ਸ਼ਲਾਘਾ ਵੀ ਕੀਤੀ ਜਾ ਰਹੀ ਹੈ, ਜਿਨ੍ਹਾਂ ਵਲੋਂ ਵਾਤਾਵਰਣ ਦੀ ਸ਼ੁੱਧਤਾ ਬਰਕਰਾਰ ਰੱਖਣ ਲਈ ਉਚਿਤ ਪਰਾਲੀ ਪ੍ਰਬੰਧਨ ਕੀਤਾ ਜਾ ਰਿਹਾ ਹੈ।ਉਧਰ ਖੇਤੀਬਾੜੀ ਵਿਭਾਗ ਵੱਲੋਂ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ ਕਿਸਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਝੋਨੇ ਦੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਪ੍ਰੇਰਨ ਦੇ ਨਾਲ-ਨਾਲ ਕਣਕ ਅਤੇ ਆਲੂ ਦੀ ਬਿਜਾਈ ਲਈ ਡੀ.ਏ.ਪੀ. ਦੇ ਬਦਲ ਵਜੋਂ ਵਰਤੀਆਂ ਜਾਣ ਵਾਲੀਆਂ ਫਾਸਫੋਰਸ ਤੱਤ ਵਾਲੀਆਂ ਹੋਰ ਖਾਦਾਂ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੀਏਯੂ ਅਤੇ ਖੇਤੀਬਾੜੀ ਵਿਭਾਗ ਅਨੁਸਾਰ ਡੀ.ਏ.ਪੀ. ਬਦਲ ਵਜੋਂ ਟ੍ਰਿਪਲ ਸੁਪਰ ਫਾਸਫੇਟ (0:46:0), ਐੱਨ.ਪੀ.ਕੇ 12:32:16, ਸਿੰਗਲ ਸੁਪਰ ਫਾਸਫੇਟ ਐੱਨ.ਪੀ.ਕੇ. 16:16:16 ਅਤੇ ਨਾਈਟ੍ਰੋ ਫਾਸਫੇਟ 20:20:13 ਖਾਦ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ, ਜੋ ਕਿ ਫਸਲਾਂ ਲਈ ਬਹੁਤ ਉਪਯੋਗੀ ਹਨ। ਉਨ੍ਹਾਂ ਦੱਸਿਆ ਕਿ ਉਕਤ ਫਾਸਫੋਰਸ ਤੱਤ ਵਾਲੀਆਂ ਖਾਦਾਂ 'ਚੋਂ ਕਿਸੇ ਵੀ ਖਾਦ ਨੂੰ ਡੀ.ਏ.ਪੀ. ਦੇ ਬਦਲ ਵਜੋਂ ਵਰਤਿਆ ਜਾ ਸਕਦਾ ਹੈ।

# ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** - ਗੁਰਦੁਆਰਾ ਗੁਰੂ ਨਾਨਕ ਨਿਵਾਸ ਮੁਹੱਲਾ ਖੋਸਲਾ ਰਾਹੋਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸਹਿਜ ਪਾਠ ਦਾ ਭੋਗ ਉਪਰੰਤ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਹੁਕਮ ਸਿੰਘ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ, ਜਿਸ ਉਪਰੰਤ ਭਾਈ ਹੁਕਮ ਸਿੰਘ ਦੇ ਕੀਰਤਨੀ ਜਥੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ। ਇਸ ਮੌਕੇ ਜਗਜੀਤ ਸਿੰਘ ਪ੍ਰਧਾਨ, ਅਜਮੇਰ ਸਿੰਘ ਸੈਕਟਰੀ, ਗਗਨਬੀਰ ਸਿੰਘ, ਅਨਿਲ ਕੁਮਾਰ, ਆਸ਼, ਦਿਗਬਾ ਲਾਲ, ਬਖ਼ਸ਼ੀਸ਼ ਸਿੰਘ, ਮਨਕੀਤ ਸਿੰਘ ਬੀਕੇ, ਡਾਕਟਰ ਗੁਰਨੀਸ਼ ਕੁਮਾਰ, ਸਤਨਾਮ ਸਿੰਘ ਸੀਨਾ, ਹਰਪ੍ਰੀਤ ਸਿੰਘ ਤੇ ਇੰਦਰਜੀਤ ਸਿੰਘ ਲਸਾੜੇ ਵਾਲੇ ਨੇ ਆਪਣੀ ਕਥਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

# ਭਾਵਨਾ ਅਰੋੜਾ ਦੀ ਕਿਤਾਬ 'ਨਗਰੋਟਾ ਅੰਡਰ ਸੀਜ' ਰਿਲੀਜ਼



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**-ਭਾਵਨਾ ਅਰੋੜਾ ਦੀ ਬਹੁ-ਉਡੀਕੀ ਕਿਤਾਬ 'ਨਗਰੋਟਾ ਅੰਡਰ ਸੀਜ' ਜੋ ਭਾਰਤੀ ਫੌਜ ਦੀ ਬਹਾਦਰੀ ਅਤੇ ਕੁਰਬਾਨੀ ਦੀ ਸ਼ਕਤੀਸ਼ਾਲੀ ਗਾਥਾ ਹੈ, ਐਤਵਾਰ ਨੂੰ ਪੇਂਗੁਇਨ ਵੱਲੋਂ ਰਿਲੀਜ਼ ਕੀਤੀ ਗਈ। ਇਸ ਮੌਕੇ ਮੇਜਰ ਜਨਰਲ ਨੀਰਜ ਬਾਲੀ ਐਸ.ਐਮ; ਲੈਫਟੀਨੈਂਟ ਜਨਰਲ ਏ ਕੇ ਸ਼ਰਮਾ ਯੂ ਵਾਈ ਐਸ ਐਮ, ਵਾਈ ਐਸ ਐਮ, ਐਸ ਐਮ; ਲੈਫਟੀਨੈਂਟ ਜਨਰਲ ਦੀਪੇਂਦਰ ਸਿੰਘ ਹੁੱਡਾ, ਪੀ ਵੀ ਐਸ ਐਮ, ਯੂ ਵਾਈ ਐਸ ਐਮ, ਏ ਵੀ ਐਸ ਐਮ, ਵੀ ਐਸ ਐਮ ਐਂਡ ਬਾਰ, ਏ ਡੀ ਸੀ ਅਤੇ ਮੀਨੂ ਸ਼ੇਖਾਵਤ ਮੌਜੂਦ ਸਨ।ਭਾਰਤੀ ਫੌਜ ਦੇ ਅਦੁੱਤੀ ਜਜ਼ਬੇ ਨੂੰ ਸ਼ਰਧਾਂਜਲੀ ਵਜੋਂ ਦੁਖਦਾਈ ਘਟਨਾਵਾਂ ਨੂੰ 'ਨਗਰੋਟਾ ਅੰਡਰ ਸੀਜ' ਯਾਦ ਕਰਦੀ ਹੈ, ਜਦੋਂ ਜੰਮੂ-ਕਸ਼ਮੀਰ ਦੇ ਨਗਰੋਟਾ ਮਿਲਟਰੀ ਬੇਸ 'ਤੇ ਅੱਤਵਾਦੀ ਹਮਲਾ ਹੋਇਆ ਸੀ। ਭਾਰਤੀ ਫੌਜ ਦੇ ਸਫਲ ਸਰਜੀਕਲ ਸਟ੍ਰਾਈਕ ਦੇ ਦੋ ਮਹੀਨੇ ਬਾਅਦ ਹੀ ਬਦਲੇ ਦੀ ਭਾਵਨਾ ਨਾਲ ਹਥਿਆਰਾਂ ਨਾਲ ਲੈਸ ਘੁਸਪੈਠੀਆਂ ਨੇ ਕੈਂਪ 'ਤੇ ਬੇਰਹਿਮੀ ਨਾਲ ਹਮਲਾ ਕਰ ਦਿੱਤਾ ਸੀ।ਬੈਸਟ ਸੇਲਿੰਗ ਲੇਖਕ ਭਾਵਨਾ ਅਰੋੜਾ ਦੀ ਇਹ ਕਿਤਾਬ ਪਾਠਕਾਂ ਨੂੰ ਉਸ ਮੰਦਭਾਗੇ ਦਿਨ ਦੀ ਡੂੰਘਾਈ ਵਿੱਚ ਲੈ ਜਾਂਦੀ ਹੈ ਜਦੋਂ ਭਾਰਤੀ ਫੌਜ ਨੇ ਬਹਾਦਰੀ ਦੀ ਇੱਕ ਵਿਲੱਖਣ ਮਿਸਾਲ ਪੇਸ਼ ਕੀਤੀ ਅਤੇ ਅਣਗਿਣਤ ਜਾਨਾਂ ਬਚਾਈਆਂ ।ਭਾਵਨਾ ਅਰੋੜਾ ਆਪਣੇ ਸਭ ਤੋਂ ਵੱਧ ਵਿਕਣ ਵਾਲੇ ਨਾਵਲਾਂ ਲਈ ਜਾਣੀ ਜਾਂਦੀ ਹੈ ਜੋ ਬਹਾਦਰੀ ਦੀਆਂ ਸੱਚੀਆਂ ਕਹਾਣੀਆਂ ਨੂੰ ਉਜਾਗਰ ਕਰਦੇ ਹਨ। ਇੱਕ ਅਧਿਆਪਕ, ਕਾਰਪੋਰੇਟ ਟ੍ਰੇਨਰ ਅਤੇ ਅਕਾਦਮਿਕ, ਭਾਵਨਾ ਅਰੋੜਾ ਨੂੰ ਭਾਰਤੀ ਹਥਿਆਰਬੰਦ ਬਲਾਂ ਦੇ ਤਜਰਬਿਆਂ ਨੂੰ ਦਸਤਾਵੇਜ਼ਬੱਧ ਕਰਨ ਦਾ ਸਥਾਈ ਜਨੂੰਨ ਹੈ।ਮੀਡੀਆ ਨਾਲ ਗੱਲਬਾਤ ਕਰਦਿਆਂ ਭਾਵਨਾ ਅਰੋੜਾ ਨੇ ਕਿਹਾ, ਨਗਰੋਟਾ ਅੰਡਰ ਸੀਜ ਭਾਰਤੀ ਫੌਜ ਦੇ ਬਹਾਦਰ ਫੌਜੀਆਂ ਦੀ ਹਿੰਮਤ ਅਤੇ ਬਹਾਦਰੀ ਬਾਰੇ ਗੱਲ ਕਰਦੀ ਹੈ ਜੋ ਆਪਰੇਸ਼ਨ ਵਿੱਚ ਸ਼ਾਮਲ ਸਨ। ਇਹ ਕਿਤਾਬ ਸਾਡੇ ਸੁਰੱਖਿਆ ਬਲਾਂ ਦੁਆਰਾ ਪੂਰੇ ਹਰਕਿਊਲੀਅਨ ਆਪਰੇਸ਼ਨ ਨੂੰ ਸਭ ਤੋਂ ਬਹਾਦਰੀ ਨਾਲ ਚਲਾਉਣ ਦੇ ਤਰੀਕੇ ਦਾ ਵੇਰਵਾ ਦਿੰਦੀ ਹੈ।ਨਗਰੋਟਾ ਅੰਡਰ ਸੀਜ ਇਸ ਦਸੰਬਰ ਵਿੱਚ ਦੇਸ਼ ਭਰ ਵਿੱਚ ਉਪਲਬਧ ਹੋਵੇਗੀ।

# ਕੇ ਐੱਲ ਚਾਂਦ ਟਰੱਸਟ ਨੇ ਲੋੜਵੰਦਾਂ ਨੂੰ ਭੇਟ ਕੀਤੀਆਂ ਵੀਲ੍ਹ ਚੇਅਰਾਂ




**ਫਗਵਾੜਾ (ਜਸਵਿੰਦਰ ਢੱਡਾ)**-ਕੇ.ਐਲ. ਚੰਦ ਵੈਲਫੇਅਰ ਟਰੱਸਟ (ਯੂ.ਕੇ.) ਪੰਜਾਬ ਯੂਨਿਟ ਵੱਲੋਂ ਸਮਾਜ ਸੇਵਾ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਚਾਰ ਲੋੜਵੰਦਾਂ ਨੂੰ ਘਰੋ-ਘਰੀਂ ਜਾ ਕੇ ਵੀਲ੍ਹ ਚੇਅਰਾਂ ਭੇਟ ਕੀਤੀਆਂ ਗਈਆਂ। ਟਰੱਸਟ ਦੀ ਸੂਬਾ ਇਕਾਈ ਦੇ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ ਦੀ ਅਗਵਾਈ ਹੇਠ ਆਯੋਜਿਤ ਇਸ ਪ੍ਰੋਜੈਕਟ ਦੌਰਾਨ ਸਾਈਂ ਪੱਪਲ ਸ਼ਾਹ ਭਰੋਮਜਾਰਾ ਪ੍ਰਧਾਨ ਸੂਫੀਆਨਾ ਦਰਗਾਹ ਪ੍ਰਬੰਧਕ ਕਮੇਟੀ ਪੰਜਾਬ, ਸਿਆਸੀ ਆਗੂ ਪਰਵੀਨ ਬੰਗਾ ਅਤੇ ਡਾ. ਪਾਲੀ ਸਕਾਟਲੈਂਡ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਟਰੱਸਟ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅੰਗਹੀਣਾਂ ਤੇ ਬਿਮਾਰਾਂ ਦੀ ਸੇਵਾ ਵਿਚ ਟਰੱਸਟ ਵਲੋਂ ਜੋ ਉਪਰਾਲਾ ਕੀਤਾ ਜਾ ਰਿਹਾ ਹੈ ਉਹ ਮਿਸਾਲੀ ਅਤੇ ਹੋਰਨਾਂ ਸਮਾਜ ਸੇਵੀ ਜਥੇਬੰਦੀਆਂ ਨੂੰ ਵੀ ਸੇਧ ਦੇਣ ਵਾਲਾ ਹੈ। ਰਾਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਸੰਤੋਖ ਚੰਦ ਪੀਪਾਰੰਗੀ, ਹਰਮੇਸ਼ ਲਾਲ ਗੋਬਿੰਦਪੁਰਾ ਤੋਂ ਇਲਾਵਾ ਬੇਗਮਪੁਰਾ ਦੀ ਇਕ ਲੋੜਵੰਦ ਔਰਤ ਅਤੇ ਸੰਗਤਪੁਰ ਦੇ ਇਕ ਲੋੜਵੰਦ ਵਿਅਕਤੀ ਨੂੰ ਵੀਲ੍ਹ ਚੇਅਰਾਂ ਭੇਟ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਪਰਵਾਰਾਂ ਦੀ ਆਰਥਕ ਹਾਲਤ ਬਹੁਤ ਕਮਜ਼ੋਰ ਸੀ। ਸੰਤੋਖ ਚੰਦ ਅਤੇ ਉਹਨਾਂ ਦੀ ਬੇਟੀ ਸੜਕ ਹਾਦਸੇ ਵਿਚ ਗੰਭੀਰ ਜ਼ਖਮੀ ਹੋਏ ਸਨ, ਜਿਨ੍ਹਾਂ ਨੂੰ ਵੀਲ੍ਹ ਚੇਅਰ ਤੋਂ ਇਲਾਵਾ 5100 ਰੁਪਏ ਦੀ ਆਰਥਕ ਸਹਾਇਤਾ ਵੀ ਇਲਾਜ ਲਈ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਟਰੱਸਟ ਵੱਲੋਂ ਬਿਮਾਰ, ਬਜ਼ੁਰਗਾਂ ਅਤੇ ਚੱਲਣ-ਫਿਰਨ ਤੋਂ ਅਸਮਰੱਥ ਲੋਕਾਂ ਨੂੰ ਵੀਲ੍ਹ ਚੇਅਰ ਅਤੇ ਟਰਾਈਸਾਈਕਲ ਆਦਿ ਦੀ ਸੇਵਾ ਬਿਲਕੁਲ ਫ੍ਰੀ ਨਿਭਾਈ ਜਾਂਦੀ ਹੈ। ਜਿਸ ਵਿਚ ਟਰੱਸਟ ਦੇ ਦੇਸ਼-ਵਿਦੇਸ਼ 'ਚ ਵੱਸਦੇ ਮੈਂਬਰਾਂ ਅਤੇ ਸਹਿਯੋਗੀਆਂ ਦਾ ਵਡਮੁੱਲਾ ਯੋਗਦਾਨ ਰਹਿੰਦਾ ਹੈ। ਇਸ ਮੌਕੇ ਸਮਾਜ ਸੇਵਕ ਜਸਵਿੰਦਰ ਢੱਡਾ, ਟਰੱਸਟ ਦੇ ਸੀਨੀਅਰ ਮੀਤ ਪ੍ਰਧਾਨ ਸ਼ਿੰਗਾਰਾ ਰਾਮ, ਕੈਸ਼ੀਅਰ ਆਸ਼ਾ ਰਾਣੀ ਚੁੰਬਰ, ਕੈਲਵਿਨ ਚੁੰਬਰ, ਠੇਕੇਦਾਰ ਜਸਵਿੰਦਰ ਸਿੰਘ ਅਕਾਲਗੜ੍ਹ, ਗੁਰਨਾਮ ਪਾਲ ਅਕਾਲਗੜ੍ਹ, ਐਡਵੋਕੇਟ ਐਸ.ਕੇ.ਅੱਗਰਵਾਲ, ਹਰਬੰਸ ਲਾਲ ਸ਼ਿਵਪੁਰੀ, ਸਾਈਮਨ ਬਾਹੜਮਜਾਰਾ, ਵਿਵੇਕ ਬਾਹੜਮਜਾਰਾ, ਮਨੀ ਅੰਬੇਡਕਰ ਪੰਚ, ਦੀਪਾ ਪੰਚ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਆਪ ਸਰਕਾਰ ਆਪ ਦੇ ਦੁਆਰ ਤਹਿਤ ਬਲਾਕ ਦਫਤਰ ਬਲਾਚੌਰ ਵਿਖੇ ਲਗਾਇਆ ਕੈਂਪ




**ਬਲਾਚੌਰ ਨਵੰਬਰ ( ਜਸਵਿੰਦਰ ਬੈਂਸ)**-ਸਰਕਾਰੀ ਦਫਤਰਾਂ ਵਿੱਚ ਰੋਜ਼ਮਰ੍ਹਾ ਦੇ ਕੰਮਾਂ ਦੌਰਾਨ ਆਮ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾਂ ਤੋਂ ਨਿਜਾਤ ਦਵਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਪ ਦੀ ਸਰਕਾਰ ਆਪਦੇ ਦੁਆਰ ਤਹਿਤ ਵਿਧਾਇਕ ਸੰਤੋਸ਼ ਕਟਾਰੀਆ ਦੀ ਰਹਿਨੁਮਾਈ ਹੇਠ ਬਲਾਕ ਬਲਾਚੌਰ ਦਫਤਰ ਵਿਖੇ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਸਾਰੇ ਦਫਤਰਾਂ ਦੇ ਕਰਮਚਾਰੀ ਤੇ ਮੁਲਾਜ਼ਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਵਾਸਤੇ ਮੌਜੂਦ ਸਨ। ਕੈਂਪ 'ਚ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕੈਂਪ 'ਚ ਲੋਕਾਂ ਨੂੰ ਮਿਲ ਰਹੀਆਂ ਸੁਵਿਧਾਵਾਂ ਦਾ ਮੁਆਇਨਾ ਕੀਤਾ ਤੇ ਮੁਲਾਜ਼ਮਾਂ ਵੱਲੋਂ ਕੀਤੇ ਜਾ ਰਹੇ ਕੰਮਾਂ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪਾਂ ਨਾਲ ਉਨ੍ਹਾਂ ਗਰੀਬ ਲੋਕਾਂ ਨੂੰ ਬਹੁਤ ਜ਼ਿਆਦਾ ਫਾਇਦਾ ਹੋਵੇਗਾ ਜਿਹੜੇ ਆਪਣੇ ਰੋਜ਼ਮਰ੍ਹਾ ਦੇ ਕੰਮਾਂ ਕਾਰਨ ਦਫਤਰਾਂ ਵਿੱਚ ਨਹੀਂ ਪਹੁੰਚ ਸਕਦੇ । ਇਸ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਐਸ.ਡੀ.ਐਮ.ਪ੍ਰੀਤਇੰਦਰ ਬੈਂਸ, ਡੀ.ਐਸ.ਪੀ. ਸ਼ਾਮ ਸੁੰਦਰ ਸ਼ਰਮਾ, ਬੀ.ਡੀ.ਪੀ.ਓ ਵਿਪਨ ਕੁਮਾਰ, ਬਲਾਕ ਪ੍ਰਧਾਨ ਰਣਬੀਰ ਸਿੰਘ ਧਾਲੀਵਾਲ, ਬਲਾਕ ਪ੍ਰਧਾਨ ਪ੍ਰਵੀਨ ਪੁਰੀ, ਰਣਜੀਤ ਸਿੰਘ, ਬਿੱਟਾ ਰਾਣਾ, ਹਨੀ ਡੱਬ, ਕੁਲਦੀਪ, ਸੁਰਿੰਦਰ ਭੱਟੀ, ਰਾਮਪਾਲ ਮਹੇਸ਼ੀ, ਰਾਮਾ ਧੀਮਾਨ, ਨਿਰਮਲਾ ਦੇਵੀ, ਵਿਨੋਦ ਬੈਂਸ, ਮਨਜੀਤ ਬੇਦੀ, ਜੌਲੀ ਬੈਂਸ, ਜਸਵਿੰਦਰ ਸਿਆਣ, ਬਲਦੇਵ ਰਾਜ, ਪੂਨਮ ਰਾਣੀ,ਆਦਿ ਹਾਜ਼ਰ ਸਨ।

# ਮਹਾਰਾਸ਼ਟਰ ਚੋਣਾਂ 'ਚ ਜਨਤਾ ਨੇ ਪ੍ਰਧਾਨ ਮੰਤਰੀ ਦੀਆਂ ਨੀਤੀਆਂ ਤੇ ਵਿਕਾਸ ਦਾ ਸਮਰਥਨ ਕੀਤਾ : ਗੰਗਵਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਲੋਕ ਨਿਰਮਾਣ ਅਤੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਰਣਬੀਰ ਗੰਗਵਾ ਨੇ ਕਿਹਾ ਕਿ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਵਿੱਚ ਜਨਤਾ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀਆਂ ਨੀਤੀਆਂ ਅਤੇ ਵਿਕਾਸ ਦਾ ਸਮਰਥਨ ਕੀਤਾ ਹੈ। ਵਿਕਾਸ਼ਸ਼ੀਲ ਸੋਚ ਤੇ ਸਬਕਾ ਸਾਥ-ਸਬਕਾ ਵਿਕਾਸ ਦੀ ਅਗਾਂਹਵਧੂ ਸੋਚ ਅਤੇ ਨੀਤੀ ਕਾਰਨ ਹਰਿਆਣਾ ਤੋਂ ਬਾਅਦ ਤੀਜੀ ਵਾਰ ਮਹਾਰਾਸ਼ਟਰ ਵਿੱਚ ਭਾਜਪਾ ਦੀ ਸਰਕਾਰ ਬਣੀ ਹੈ। ਸਾਡੀ ਪਾਰਟੀ ਨੇ ਕਿਸਾਨਾਂ, ਮਜ਼ਦੂਰਾਂ, ਲੋੜਵੰਦਾਂ ਅਤੇ ਸਮਾਜ ਦੇ ਹਰੇਕ ਵਰਗ ਦਾ ਧਿਆਨ ਰੱਖਿਆ ਹੈ। ਹਰਿਆਣਾ ਵਿੱਚ 'ਰਾਖਵੇਂਕਰਨ ਵਿੱਚ ਵਰਗੀਕਰਨ' ਦੇ ਇਤਿਹਾਸਕ ਫੈਸਲਿਆਂ ਤੋਂ ਬਾਅਦ ਅਨੁਸੂਚਿਤ ਜਾਤੀ (ਡੀ ਐਸ ਸੀ ਸਮਾਜ) ਦੇ ਵਾਂਝੇ ਵਰਗ ਵਿੱਚ ਖੁਸ਼ੀ ਦੀ ਲਹਿਰ ਹੈ।ਉਹ ਐਤਵਾਰ ਨੂੰ ਸਿਰਸਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਰਣਬੀਰ ਗੰਗਵਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਦੇਸ਼ ਤਰੱਕੀ ਦੇ ਰਾਹ 'ਤੇ ਅੱਗੇ ਵਧ ਰਿਹਾ ਹੈ। ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਦਾ ਸਿੱਧਾ ਲਾਭ ਜਨਤਾ ਨੂੰ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ 'ਚ ਕਿਸਾਨਾਂ ਨੂੰ ਫਸਲਾਂ ਦੇ ਮੁਆਵਜ਼ੇ ਦੇ ਨਾਂ 'ਤੇ 1-2 ਰੁਪਏ ਦੇ ਚੈੱਕ ਦਿੱਤੇ ਗਏ ਸਨ ਪਰ ਮੌਜੂਦਾ ਸਰਕਾਰ ਨੇ ਕਿਸਾਨਾਂ ਨੂੰ 14 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਮੁਆਵਜ਼ਾ ਦਿੱਤਾ ਹੈ।ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਰਣਬੀਰ ਗੰਗਵਾ ਨੇ ਕਿਹਾ ਕਿ ਸੂਬੇ ਵਿੱਚ ਡੀ ਏ ਪੀ ਅਤੇ ਯੂਰੀਆ ਦੀ ਕੋਈ ਕਮੀ ਨਹੀਂ। ਸੂਬੇ ਦੀ ਵਾਗਡੋਰ ਸੰਭਾਲਦਿਆਂ ਹੀ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਭ ਤੋਂ ਪਹਿਲਾਂ ਕਿਸਾਨਾਂ ਦੇ ਹਿੱਤ ਵਿੱਚ ਫੈਸਲੇ ਲਏ ਅਤੇ ਦੇਸ਼ ਦਾ ਹਰਿਆਣਾ ਹੀ ਅਜਿਹਾ ਸੂਬਾ ਹੈ ਜਿੱਥੇ ਕਿਸਾਨਾਂ ਦੀਆਂ ਜ਼ਿਆਦਾਤਰ ਫਸਲਾਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦੀਆਂ ਜਾ ਰਹੀਆਂ ਹਨ।ਕੈਬਨਿਟ ਮੰਤਰੀ ਨੇ ਕਿਹਾ ਕਿ ਹਰਿਆਣਾ ਨੂੰ ਜਲਦੀ ਹੀ ਵਿਧਾਨ ਸਭਾ ਦੀ ਨਵੀਂ ਇਮਾਰਤ ਮਿਲ ਜਾਵੇਗੀ। ਮੌਜੂਦਾ ਵਿਧਾਨ ਸਭਾ ਭਵਨ ਵਿੱਚ 90 ਵਿਧਾਇਕਾਂ ਦੇ ਬੈਠਣ ਦੀ ਵਿਵਸਥਾ ਹੈ। ਨਵੀਂ ਹੱਦਬੰਦੀ ਤੋਂ ਬਾਅਦ ਵਿਧਾਨ ਸਭਾ ਸੀਟਾਂ ਦੀ ਗਿਣਤੀ ਵਧੇਗੀ। ਇਸ ਲਈ ਵਿਧਾਨ ਸਭਾ ਦੀ ਨਵੀਂ ਇਮਾਰਤ ਬਣਾਈ ਜਾ ਰਹੀ ਹੈ।

# ਰਵਿਦਾਸੀਆ ਧਰਮ ਪ੍ਰਚਾਰ ਕਮੇਟੀ ਨੇ 14ਵਾਂ ਮਹਾਨ ਸੰਤ ਸੰਮੇਲਨ ਕਰਵਾਇਆ



**ਆਦਮਪੁਰ (ਪਰਮਜੀਤ ਸਿੰਘ)** - ਰਵਿਦਾਸੀਆ ਧਰਮ ਪ੍ਰਚਾਰ ਕਮੇਟੀ (ਰਜਿ. ਪੰਜਾਬ) ਬਲਾਕ ਆਦਮਪੁਰ ਦੋਆਬਾ ਅਤੇ ਸਮੂਹ ਇਲਾਕਾ ਨਿਵਾਸੀਆਂ ਸੰਗਤਾਂ ਵਲੋਂ ਰਵਿਦਾਸੀਆਂ ਕੌਮ ਨੂੰ ਸਮਰਪਿਤ 14ਵਾਂ ਮਹਾਨ ਸੰਤ ਸੰਮੇਲਨ ਦਾਣਾ ਮੰਡੀ ਆਦਮਪੁਰ ਵਿਖੇ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਛਤਰ ਛਾਇਆ ਹੇਠ ਤੇ ਡੇਰਾ ਸੱਚਖੰਡ ਬੱਲਾਂ ਦੇ ਗੱਦੀਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਦੀ ਅਗਵਾਈ ਵਿੱਚ ਬਹੁਤ ਹੀ ਸਤਿਕਾਰ ਸਹਿਤ ਕਰਵਾਇਆ ਗਿਆ। ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਦੇ ਜਾਪਾਂ ਉਪਰੰਤ ਵਿਸ਼ਾਲ ਸੰਤ ਸੰਮੇਲਨ ਦੀ ਸ਼ੁਰੂਆਤ ਹੋਈ। ਰਵਿਦਾਸੀਆਂ ਧਰਮ ਪ੍ਰਚਾਰ ਕਮੇਟੀ ਆਦਮਪੁਰ ਦੇ ਪ੍ਰਧਾਨ ਸੁਰਿੰਦਰ ਕੁਮਾਰ ਤੇ ਸ੍ਰੀ ਗੁਰੂ ਰਵਿਦਾਸ ਜੀ ਵੈਲਫੇਅਰ ਸੋਸਾਇਟੀ ਰਜਿ ਪੰਜਾਬ ਆਦਮਪੁਰ ਦੇ ਪ੍ਰਧਾਨ ਹੰਸ ਰਾਜ ਤੇ ਜਨਰਲ ਸੈਕਟਰੀ ਸੁਰਿੰਦਰ ਬੱਧਣ, ਹੋਰ ਮੈਂਬਰਾਂ ਨੇ ਦੱਸਿਆ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਅੰਮ੍ਰਿਤਬਾਣੀ ਦੇ ਅਖੰਡ ਜਾਪ ਉਪਰੰਤ ਸਰਬੱਤ ਸੰਗਤਾਂ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ। ਉਪਰੰਤ ਡੇਰਾ ਬੱਲਾਂ ਦੇ ਮੁੱਖ ਗੱਦੀਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਅਤੇ ਹੋਰ ਮਹਾਂਪੁਰਸ਼ਾਂ ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ ਭਾਈ ਸਤਨਾਮ ਸਿੰਘ ਚਿਮਟਿਆਂ ਵਾਲੇ ਤੇ ਗਾਇਕਾ ਗਿੰਨੀ ਮਾਹੀ ਤੇ ਭਾਈ ਹਰਪਾਲ ਸਿੰਘ ਨੇ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਪਵਿੱਤਰ ਬਾਣੀ ਗਾਇਨ ਕਰਕੇ ਗੁਰੂ ਚਰਨਾਂ ਨਾਲ ਜੋੜਿਆ। ਸ੍ਰੀ108 ਸੰਤ ਸੰਮੇਲਨ ਵਿੱਚ ਸੰਤ ਸੁਰਿੰਦਰ ਦਾਸ ਡੇਰਾ ਕੂਪੁਰ ਢੇਹਪੁਰ ਕਠਾਰ ਦੇ ਗੱਦੀਨਸ਼ੀਨ ਸ੍ਰੀ 108 ਸੰਤ ਪ੍ਰਦੀਪ ਦਾਸ ਕਠਾਰ ਵਾਲੇ, ਬ੍ਰਹਮਲੀਨ ਸ੍ਰੀ 108 ਸੰਤ ਗੁਰਬਚਨ ਦਾਸ ਡੇਰਾ ਕੁਟੀਆ ਬਡਾਲਾ ਮਾਹੀ ਤੋਂ ਗਿਆਨੀ ਜੁਗਿੰਦਰ ਸਿੰਘ ਚੱਕ ਲਾਦੀਆਂ, ਸ੍ਰੀ 108 ਸੰਤ ਹਰਚਰਨ ਦਾਸ (ਡੇਰਾ ਸੰਤ ਬਾਬਾ ਇੰਦਰ ਦਾਸ ਜੀ ਸ਼ਾਮ ਚੁਰਾਸੀ, ਸ੍ਰੀ 108 ਸੰਤ ਕ੍ਰਿਸ਼ਨ ਨਾਥ ਚਹੇੜੂ ਵਾਲੇ, ਮਹੰਤ ਅਵਤਾਰ ਦਾਸ ਚਹੇੜੂ ਵਾਲੇ, ਸ੍ਰੀ108 ਸੰਤ ਪ੍ਰੀਤਮ ਦਾਸ ਸੰਗਤਪੁਰ, ਸ੍ਰੀ 108 ਸੰਤ ਸੁਖਵਿੰਦਰ ਦਾਸ ਪਿੰਡ ਢੱਡੇ, ਸ੍ਰੀ 108 ਸੰਤ ਹਰਵਿੰਦਰ ਦਾਸ ਡੇਰਾ ਈਸਪੁਰ, ਸੰਤ ਲੇਖਰਾਜ ਨੂਰਪੁਰ ਜਲੰਧਰ, ਦਰਬਾਰ ਸਾਈਂ ਜੁਮਲੇ ਸ਼ਾਹ ਉਦੇਸੀਆਂ ਦਰਬਾਰ ਦੇ ਸੇਵਾਦਾਰ, ਬੀਬੀ ਸੱਤਿਆ ਗਾਜ਼ੀਪੁਰ ਵਾਲੇ ਡੇਰਾ ਚਹੇੜੂ ਤੋਂ ਸੰਤ ਕ੍ਰਿਸ਼ਨ ਨਾਥ ਵੱਲੋਂ ਮੈਨੇਜਮੈਂਟ ਤੋਂ ਸੇਵਾਦਾਰ ਭੁੱਲਾ ਰਾਮ ਸੁਮਨ, ਧਰਮਪਾਲ ਕਲੇਰ, ਸੈਕਟਰੀ ਕਮਲਜੀਤ ਖੋਥੜਾਂ, ਜਸਵਿੰਦਰ ਬਿੱਲਾ ਅਤੇ ਹੋਰ ਸੰਤ ਮਹਾਂਪੁਰਸ਼ ਤੇ ਡੇਰਿਆਂ ਤੋਂ ਸੇਵਾਦਾਰ ਪੁੱਜੇ। ਸਮਾਗਮ ਮੌਕੇ ਐਮ ਐਲ ਏ ਆਦਮਪੁਰ ਸੁਖਵਿੰਦਰ ਸਿੰਘ ਕੋਟਲੀ, ਐਡਵੋਕੇਟ ਬਲਵਿੰਦਰ ਕੁਮਾਰ ਕਰਤਾਰਪੁਰ, ਦਰਸ਼ਨ ਸਿੰਘ ਕਰਵਲ ਪ੍ਰਧਾਨ ਨਗਰ ਕੌਂਸਲ ਆਦਮਪੁਰ, ਪਰਮਜੀਤ ਸਿੰਘ ਰਾਜਵੰਤ ਚੇਅਰਮੈਨ ਮਾਰਕੀਟ ਕਮੇਟੀ ਆਦਮਪੁਰ, ਡਾ. ਨਿਰਮਲ ਰਾਮ ਸਰਪੰਚ ਹਰੀਪੁਰ, ਹਰਿੰਦਰ ਸਿੰਘ ਸਮਾਜ ਸੇਵਕ, ਚਰਨਜੀਤ ਸ਼ੇਰੀ ਤੇ ਹੋਰ ਇਲਾਕੇ ਦੀਆਂ ਸ਼ਖਸੀਅਤਾਂ ਵੀ ਸਮਾਗਮ ਵਿੱਚ ਸ਼ਾਮਲ ਹੋਈਆਂ। ਇਸ ਮੌਕੇ ਉਪ ਪ੍ਰਧਾਨ ਲਸ਼ਮਣ ਦਾਸ ਗਾਜੀਪੁਰ, ਜਨਰਲ ਸੈਕਟਰੀ ਸੁਰਿੰਦਰ ਬੱਧਣ, ਉਪ ਸੈਕਟਰੀ ਸੋਹਣਜੀਤ ਹਰੀਪੁਰ, ਕੈਸ਼ੀਅਰ ਸੁਰੇਸ਼ ਕੁਮਾਰ, ਧਰਮ ਪ੍ਰਚਾਰਕ ਪੱਪਾ ਬੇਗਮਪੁਰਾ, ਬਲਵੀਰ ਚੁੰਬਰ ਰਾਮਨਗਰ, ਗੁਰਮਤ ਭਾਟੀਆ ਰਾਮਨਗਰ, ਚਰਲੋਚਨ ਤੋਤਾ ਚੋਪੜਾ ਰਾਮਨਗਰ, ਗੌਤਮ, ਮਨਜੀਤ ਸਿੰਘ ਨੈਸ਼ਨਲ, ਪਰਮਜੀਤ ਕਠਾਰ, ਡਾ. ਵਿਜੈ ਕੁਮਾਰ, ਗੁਰਪ੍ਰੀਤ ਖੁਰਦਪੁਰ, ਰਾਕੇਸ਼ ਕੁਮਾਰ, ਮਨਜੀਤ ਕੁਮਾਰ ਸੀਮਾਰ, ਰਾਜ ਪੇਂਟਰ ਗਾਜ਼ੀਪੁਰ ਤੇ ਹੋਰ ਸੰਗਤਾਂ ਹਾਜ਼ਰ ਸਨ। ਸੰਤ ਸੰਮੇਲਨ ਦੌਰਾਨ ਸੰਗਤਾਂ ਨੂੰ ਚਾਹ ਪਕੌੜੇ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਸਰਪੰਚ ਸੁੰਨੜ ਕਲਾਂ ਨੇ ਪਿੰਡ ਵਾਸੀਆਂ ਦਾ ਕੀਤਾ ਧੰਨਵਾਦ



**ਜਲੰਧਰ (ਰਾਜੇਸ਼ ਥਾਪਾ)**-ਪਿਛਲੇ ਦਿਨੀਂ ਪੰਜਾਬ ਅੰਦਰ ਹੋਈਆਂ ਪੰਚਾਇਤ ਚੋਣਾਂ ਦੌਰਾਨ ਪਿੰਡ ਸੁੰਨੜ ਕਲਾਂ ਦੇ ਨਵੇਂ ਬਣੇ ਸਰਪੰਚ ਦਲਜੀਤ ਸਿੰਘ ਹੁਰਾਂ ਨੇ ਸਰਪੰਚ ਚੁਣੇ ਜਾਣ 'ਤੇ ਪਰਮਾਤਮਾ ਦਾ ਸ਼ੁਕਰਾਨਾ ਕਰਨ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕਰਨ ਸਬੰਧੀ ਧਾਰਮਿਕ ਸਮਾਗਮ ਪਿੰਡ ਦੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤਾ। ਜਿਸ ਵਿਚ ਰਾਗੀ ਸਿੰਘਾਂ ਨੇ ਰਸਮਈ ਕੀਰਤਨ ਕੀਤਾ। ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਨਕੋਦਰ ਹਲਕੇ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਜਿਥੇ ਨਵੀਂ ਪੰਚਾਇਤ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡ ਦੇ ਵਿਕਾਸ ਲਈ ਹੰਭਲਾ ਮਾਰਨ ਲਈ ਪ੍ਰੇਰਿਆ, ਉਥੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਅਤੇ ਸਿਹਤ ਖੇਤਰ ਨੂੰ ਬੇਹਤਰ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸੁੰਨੜ ਕਲਾਂ ਵਿਖੇ ਸਰਕਾਰੀ ਸਕੂਲ ਦੇ ਲੰਬਾ ਸਮਾਂ ਰਹੇ ਮੁੱਖ ਅਧਿਆਪਕ ਤੀਰਥ ਸਿੰਘ ਬਾਸੀ ਨੇ ਜਿਥੇ ਨਵੇਂ ਬਣੇ ਸਰਪੰਚ ਦਲਜੀਤ ਸਿੰਘ ਅਤੇ ਸਮੁੱਚੀ ਪੰਚਾਇਤ ਨੂੰ ਮੁਬਾਰਕਵਾਦ ਦਿੱਤੀ ਉਥੇ ਸਕੂਲ ਨਾਲ ਸਬੰਧਤ ਮੁਸ਼ਕਲਾਂ ਦਾ ਵੀ ਜ਼ਿਕਰ ਕਰਦਿਆਂ ਖਾਲੀ ਅਸਾਮੀਆਂ ਨੂੰ ਭਰਨ ਸਮੇਤ ਸਿੱਖਿਆ ਅਤੇ ਸਿਹਤ ਨੂੰ ਬਚਾਉਣ ਲਈ ਰਲ ਮਿਲ ਕੇ ਕੰਮ ਕਰਨ ਲਈ ਆਖਿਆ। ਇਸ ਸਮਾਗਮ ਵਿੱਚ ਜੰਡਿਆਲਾ ਮੰਜਕੀ ਦੇ ਸਰਪੰਚ ਕਮਲਜੀਤ ਸਿੰਘ ਸਹੋਤਾ, ਧਨੀ ਪਿੰਡ ਦੇ ਸਰਪੰਚ ਬਲਕਾਰ ਸਿੰਘ ਕੂੰਨਰ, ਸਿੱਧਮ ਹਰੀ ਸਿੰਘ ਦੇ ਸਰਪੰਚ ਸੁਖਦੀਪ ਸਿੰਘ ਅਕਲਪੁਰ ਦੇ ਬੂਟਾ ਰਾਮ, ਪਿੰਡ ਭਾਰਦਵਾਜੀਆ ਦੇ ਸਰਪੰਚ ਰਾਜਿੰਦਰ ਕੁਮਾਰ, ਸੁਖਵਿੰਦਰ ਸਿੰਘ, ਤਰਸੇਮ ਸਿੰਘ ਸਾਬਕਾ ਪੰਚਾਇਤ ਅਫ਼ਸਰ, ਮੱਖਣ ਸਿੰਘ, ਸੁਖਵਿੰਦਰ ਸਿੰਘ ਪੰਚ, ਸੁਰਿੰਦਰ ਪਾਲ ਮਹਿੰਦਰ ਪਾਲ ਬਲਵਿੰਦਰ ਕੌਰ ਮਨਮੋਹਣ ਕੌਰ ਰਜਨੀ ਬਾਲਾ, ਅਮਰਜੀਤ ਸਿੰਘ ਨੰਬਰਦਾਰ, ਹਰਜੀਤ ਸਿੰਘ, ਤੀਰਥ ਸਿੰਘ ਬਾਸੀ ਲੈਕਚਰਾਰ, ਅਮਰਜੀਤ ਸਿੰਘ ਸਹਿਦੇਵ, ਸਰਕਾਰੀ ਪ੍ਰਾਇਮਰੀ ਸਕੂਲ ਸੁੰਨੜ ਕਲਾਂ ਦੇ ਮੁਖੀ ਸੁਰਜੀਤ ਸਿੰਘ, ਸਰਕਾਰੀ ਹਾਈ ਸਕੂਲ ਦੇ ਮੁਖੀ ਦੀਪਕ ਮੱਟੂ, ਦੇਸ ਰਾਜ, ਹਰਬੰਸ ਸਿੰਘ, ਗਿਆਨ ਸਿੰਘ, ਕੇਵਲ ਸਿੰਘ, ਜਸਵਿੰਦਰ ਸਿੰਘ, ਕੁਲਵਿੰਦਰ ਸਿੰਘ, ਸੰਦੀਪ ਸਿੰਘ, ਜੋਗਿੰਦਰ ਪਾਲ, ਹੈਪੀ ਆਦੇਕਾਲੀ, ਹਰਜੀਤ ਸਿੰਘ ਬੱਗਾ, ਬਲਿਹਾਰ ਸਿੰਘ ਹਰਬੰਸ ਸਿੰਘ ਯੂਕੇ ਐਨ ਆਰ ਆਈ ਹਾਜ਼ਰ ਸਨ। ਸਮਾਗਮ ਦੇ ਅੰਤ ਵਿੱਚ ਨਵੇਂ ਬਣੇ ਸਰਪੰਚ ਦਲਜੀਤ ਸਿੰਘ ਨੇ ਮੁੱਖ ਮਹਿਮਾਨ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕ ਨਕੋਦਰ, ਬਾਹਰੋਂ ਆਏ ਸਰਪੰਚਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।

# ਅਮਨ ਅਰੋੜਾ ਤੇ ਸ਼ੈਰੀ ਕਲਸੀ ਦੀ ਅਗਵਾਈ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ : ਸੰਤੋਸ਼ ਕਟਾਰੀਆ



**ਬਲਾਚੌਰ (ਜਸਵਿੰਦਰ ਬੈਂਸ)**- ਇੱਥੋਂ ਜਾਰੀ ਇੱਕ ਪ੍ਰੈਸ ਬਿਆਨ 'ਚ ਵਿਧਾਇਕਾ ਸੰਤੋਸ਼ ਕਟਾਰੀਆ ਨੇ ਅਮਨ ਅਰੋੜਾ ਅਤੇ ਸ਼ੈਰੀ ਕਲਸੀ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਮੁਬਾਰਕਾਂ ਦਿੰਦਿਆਂ ਕਿਹਾ ਕਿ ਮੈਨੂੰ ਪੂਰਨ ਆਸ ਹੈ ਕਿ ਅਰੋੜਾ ਅਤੇ ਸ਼ੈਰੀ ਕਲਸੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸੰਦੀਪ ਪਾਠਕ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੰਗਠਨ ਦੇ ਕੰਮ ਨੂੰ ਹੋਰ ਸੁਚਾਰੂ ਢੰਗ ਨਾਲ ਸੰਭਾਲਣਗੇ।ਵਿਧਾਇਕਾ ਨੇ ਦੋਵਾਂ ਆਗੂਆਂ ਨੂੰ ਸਮਰੱਥ ਦੱਸਦਿਆਂ ਕਿਹਾ ਕਿ ਦੋਵੇਂ ਹੀ ਬਤੌਰ ਮੰਤਰੀ ਅਤੇ ਬਤੌਰ ਵਿਧਾਇਕ ਲੋਕਾਂ ਦੀ ਲਗਾਤਾਰ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਦੀ ਅਗਵਾਈ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।

# ਇਨੋਸੈਂਟ ਹਾਰਟਸ ਵੱਲੋਂ ਸਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ



**ਜਲੰਧਰ (ਸ਼ੈਲੀ ਐਲਬਰਟ)**-ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੀ ਅਗਵਾਈ ਹੇਠ ਦਿਸ਼ਾ-ਐਨ ਇਨੀਸ਼ੀਏਟਿਵ ਨੇ ਇੰਨੋਸੈਂਟ ਹਾਰਟਸ ਸਕੂਲ ਗ੍ਰੀਨ ਮਾਡਲ ਟਾਊਨ ਵਿਖੇ ਸੱਭਿਆਚਾਰਕ ਪ੍ਰੋਗਰਾਮ ਧਰੋਹਰ ਦੇ ਨਾਲ ਆਪਣੇ ਸਲਾਨਾ ਪੁਰਸਕਾਰ ਸਮਾਰੋਹ ਦੀ ਮੇਜ਼ਬਾਨੀ ਕੀਤੀ। ਇਸ ਸਮਾਗਮ ਵਿੱਚ (ਲੀਡਰਸ਼ਿਪ ਐਕਸੀਲੈਂਸ ਇਨ ਅਕੈਡਮਿਕ ਪਰਫੋਰਮੈਂਸ) ਐਵਾਰਡ- 2024 ਪੇਸ਼ ਕੀਤੇ ਗਏ, ਜਿਸ ਵਿੱਚ ਸਾਰੇ ਪੰਜ ਸਕੂਲਾਂ ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਮੁੱਖ ਮਹਿਮਾਨ ਸੁਨੀਲ ਕੁਮਾਰ ਯਾਦਵ (ਡਿਪਟੀ ਡਾਇਰੈਕਟਰ ਇੰਚਾਰਜ, ਸਬ ਰੀਜਨਲ ਆਫਿਸ, ਇੰਪਲਾਈਜ਼ ਸਟੇਟ ਇੰਸ਼ੋਰੈਂਸ ਕਾਰਪੋਰੇਸ਼ਨ ਜਲੰਧਰ) ਨੇ ਸਮਾਰੋਹ ਦਾ ਉਦਘਾਟਨ ਕੀਤਾ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਅਤੇ ਪਤਵੰਤਿਆਂ ਵੱਲੋਂ ਮਾਂ ਸਰਸਵਤੀ ਮੰਤਰਾਂ ਦੇ ਜਾਪ ਦੇ ਨਾਲ ਦੀਪ ਜਗਾਉਣ ਨਾਲ ਹੋਈ। ਇਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ 'ਧਰੋਹਰ' ਥੀਮ ਤੇ ਭਾਰਤੀ ਸੰਸਕ੍ਰਿਤੀ ਨੂੰ ਜੀਵੰਤ ਪੇਸ਼ ਕਰਦੇ ਹੋਏ ਅਲੱਗ ਅਲੱਗ ਮਹੀਨਿਆਂ ਵਿੱਚ ਮਨਾਏ ਜਾ ਰਹੇ ਤਿਉਹਾਰਾਂ 'ਤੇ ਅਧਾਰਤ ਡਾਂਸ ਪੇਸ਼ ਕੀਤੇ ਗਏ ਅਤੇ ਭਾਰਤੀ ਸੰਸਕ੍ਰਿਤੀ ਦੀ ਵਿਭਿੰਨਤਾ ਨੂੰ ਪ੍ਰਦਰਸ਼ਿਤ ਕੀਤਾ। ਡਾ. ਪਲਕ ਗੁਪਤਾ ਬੌਰੀ (ਡਾਇਰੈਕਟਰ ਸੀ.ਐਸ.ਆਰ.) ਨੇ ਦਿਸ਼ਾ: ਐਨ ਇਨੀਸ਼ੀਏਟਿਵ ਦੇ ਤਹਿਤ ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੇ ਸ਼ਲਾਘਾਯੋਗ ਯਤਨਾਂ ਨੂੰ ਉਜਾਗਰ ਕੀਤਾ, ਜੋ ਕਿ ਸਿੱਖਿਆ ਅਤੇ ਸਿਹਤ ਸੰਭਾਲ ਵਿੱਚ ਸੰਸਥਾ ਦੇ ਯੋਗਦਾਨ 'ਤੇ ਕੇਂਦਰਿਤ ਹੈ। ਇਸ ਮੌਕੇ ਮੁੱਖ ਮਹਿਮਾਨ ਸੁਨੀਲ ਕੁਮਾਰ ਯਾਦਵ ਸਮੇਤ ਡਾ. ਅਨੂਪ ਬੌਰੀ (ਚੇਅਰਮੈਨ, ਇੰਨੋਸੈਂਟ ਹਾਰਟਸ ਗਰੁੱਪ), ਡਾ. ਚੰਦਰ ਬੌਰੀ (ਫਾਈਨਾਂਸ ਸੈਕਟਰੀ) ਅਤੇ ਡਾ. ਪਲਕ ਗੁਪਤਾ ਬੌਰੀ (ਡਾਇਰੈਕਟਰ ਸੀ ਐਸ ਆਰ) ਫਨੇ ਸੀ ਬੀ ਐਸ ਈ 10ਵੀਂ ਅਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਇਸ ਤੋਂ ਇਲਾਵਾ ਦਿਨੇਸ਼ ਅਗਰਵਾਲ ਅਤੇ ਡਾ. ਪਲਕ ਗੁਪਤਾ ਬੌਰੀ ਨੇ ਇੰਨੋਸੈਂਟ ਹਾਰਟਸ ਦੇ ਸੰਸਥਾਪਕ ਨਿਰਦੇਸ਼ਕ

ਕਮਲੇਸ਼ ਬੌਰੀ ਦੀ ਯਾਦ ਵਿੱਚ ਗੁਰਮੰਨਤ ਕੌਰ (ਗ੍ਰੀਨ ਮਾਡਲ ਟਾਊਨ), ਭਾਵੇਸ਼ ਰੇਹਾਨ (ਲੋਹਾਰਾਂ) ਅਤੇ ਨਵਲੀਨ ਕੌਰ (ਨੂਰਪੁਰ) ਨੂੰ ਸਟੂਡੈਂਟ ਆਫ ਦਿ ਈਅਰ ਖਿਤਾਬ ਨਾਲ ਸਨਮਾਨਤ ਕੀਤਾ।ਇਨ੍ਹਾਂ ਵਿਦਿਆਰਥੀਆਂ ਨੂੰ 5100 ਰੁਪਏ ਦੇ ਨਕਦ ਇਨਾਮ ਦੇ ਨਾਲ ਟਰਾਫੀਆਂ ਵੀ ਦਿੱਤੀਆਂ ਗਈਆਂ। ਪੰਜਾਂ ਸਕੂਲਾਂ ਦੇ ਡਾਂਸ, ਸੰਗੀਤ, ਅਦਾਕਾਰੀ ਅਤੇ ਵਿਗਿਆਨ ਅਤੇ ਤਕਨਾਲੋਜੀ ਵਿੱਚ ਬਿਹਤਰੀਨ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਵੀ ਟਰੱਸਟੀਆਂ ਦੁਆਰਾ ਸਨਮਾਨਤ ਕੀਤਾ ਗਿਆ। ਹੋਣਹਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇ ਚੈੱਕ ਵੀ ਦਿੱਤੇ ਗਏ । ਮੁੱਖ ਮਹਿਮਾਨ ਸੁਨੀਲ ਯਾਦਵ ਨੇ ਬੱਚਿਆਂ ਦੇ ਰੰਗਾਰੰਗ ਪ੍ਰੋਗਰਾਮ ਦੀ ਪਸੰਸਾ ਕੀਤੀ । ਉਨ੍ਹਾਂ ਨੇ ਕਿਹਾ ਕਿ ਬੌਰੀ ਮੈਮੋਰੀਅਲ ਟਰਸਟ ਦੁਆਰਾ ਸਮਾਜ ਦੀ ਭਲਾਈ ਲਈ ਕੀਤੇ ਗਏ ਕੰਮ ਸੱਚਮੁੱਚ ਹੀ ਪ੍ਰਸ਼ੰਸਾ ਦੇ ਯੋਗ ਹਨ । ਇਸ ਮੌਕੇ ਸ਼ੈਲੀ ਬੌਰੀ (ਐਗਜ਼ੀਕਿਊਟ ਡਾਇਰੈਕਟਰ, ਸਕੂਲਸ, ਐਚ ਆਰ), ਅਰਾਧਨਾ ਬੌਰੀ (ਐਗਜ਼ੀਕਿਊਟ ਡਾਇਰੈਕਟਰ ਕਾਲਜ), ਡਾ. ਰੋਹਨ ਬੌਰੀ (ਡਿਪਟੀ ਡਾਇਰੈਕਟਰ, ਮੈਡੀਕਲ ਸਾਇੰਸ) ਅਤੇ ਬੌਰੀ ਮੈਮੋਰੀਅਲ ਟਰੱਸਟ ਦੇ ਹੋਰ ਮੈਂਬਰ ਹਾਜ਼ਰ ਸਨ। ਮੁੱਖ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਮੰਚ ਦਾ ਸੰਚਾਲਨ ਸਟੂਡੈਂਟ ਕੌਂਸਲ ਦੇ ਵਿਦਿਆਰਥੀਆਂ ਸੰਭਾਲਿਆ। ਸਮਾਗਮ ਦੀ ਸਮਾਪਤੀ ਦੇਸ਼ ਭਗਤੀ ਦੇ ਗੀਤ ਨਾਲ ਰਾਸ਼ਟਰੀ ਗੀਤ ਨਾਲ ਹੋਈ।

25-Nov-PAGE-9.qxd 11/24/2024 10:48 PM Page 1



# ਝੋਨੇ ਦੀ ਕਟੌਤੀ ਦੇ ਵਿਰੋਧ 'ਚ ਕਿਸਾਨ ਸੰਘਰਸ਼ ਕਮੇਟੀ ਵੱਲੋਂ ਮਾਰਕੀਟ ਕਮੇਟੀ ਦਫ਼ਤਰ ਅੱਗੇ ਧਰਨਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸੁਲਤਾਨਪੁਰ ਲੋਧੀ ਹਲਕੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਸਮੇਂ ਸ਼ੈਲਰ ਮਾਲਕਾਂ ਵੱਲੋਂ ਕੀਤੀ ਗਈ ਲੁੱਟ ਦੇ ਵਿਰੋਧ ਵਿੱਚ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਵੱਲੋ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਬੱਗਾ ਦੀ ਅਗਵਾਈ ਹੇਠ ਜ਼ਬਰਦਸਤ ਧਰਨਾ ਦਿੱਤਾ ਗਿਆ।ਇਸ ਮੌਕੇ ਇਕੱਤਰ ਜਥੇਬੰਦੀ ਦੇ ਆਗੂਆਂ ਅਤੇ ਇਲਾਕੇ ਦੇ ਕਿਸਾਨਾਂ ਨੇ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਐਲਾਨ ਕੀਤਾ ਕਿ ਜੇ ਇੱਕ ਹਫ਼ਤੇ ਦੇ ਅੰਦਰ ਅੰਦਰ ਸ਼ੈਲਰ ਮਾਲਕਾਂ ਵੱਲੋਂ ਝੋਨੇ ਦੀ ਕਟੌਤੀ ਦੇ ਪੈਸੇ ਕਿਸਾਨਾਂ ਨੂੰ ਵਾਪਸ ਨਾ ਕੀਤੇ ਗਏ ਤਾਂ ਸੂਬਾਈ ਪੱਧਰ 'ਤੇ ਸੰਘਰਸ਼ ਛੇੜਿਆ ਜਾਵੇਗਾ।ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਕਿਹਾ ਕਿ ਬਾਬੇ ਨਾਨਕ ਦੀ ਧਰਤੀ ਉੱਪਰ ਹੀ ਵੱਡੇ ਪੱਧਰ ਤੇ ਕਿਸਾਨਾਂ ਨਾਲ ਲੁੱਟ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸੁਲਤਾਨਪੁਰ ਲੋਧੀ ਬਲਾਕ ਦੀਆਂ ਮੰਡੀਆਂ ਵਿੱਚ ਸਭ ਤੋਂ ਵੱਧ ਸ਼ੈਲਰ ਮਾਲਕਾਂ ਵੱਲੋਂ ਮਿਲੀਭੁਗਤ ਨਾਲ ਝੋਨੇ ਦੀ ਖਰੀਦ ਸਮੇਂ 300 ਰੁਪਏ ਤੋਂ ਲੈ ਕੇ ਕੇ 500 ਰੁਪਏ ਤੱਕ ਕੱਟ ਲਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਸੁਲਤਾਨਪੁਰ ਲੋਧੀ ਦੇ ਨਾਲ ਲੱਗਦੀਆਂ ਮੰਡੀਆਂ ਲੋਹੀਆਂ, ਸ਼ਾਹਕੋਟ, ਨਕੋਦਰ, ਮਹਿਤਪੁਰ ਆਦਿ ਵਿੱਚ ਝੋਨੇ ਦੀ ਖਰੀਦ ਸਮੇਂ ਕੋਈ ਕਟੌਤੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਜਿੱਥੋਂ ਲੁੱਟ ਸ਼ੁਰੂ ਹੋਈ ਹੈ ਉੱਥੇ ਹੀ ਸੰਘਰਸ਼ ਕਰਕੇ ਇਸ ਨੂੰ ਖ਼ਤਮ ਕੀਤਾ ਜਾਵੇਗਾ।ਇਸ ਮੌਕੇ ਸੂਬਾ ਆਗੂ ਰਣਜੀਤ ਸਿੰਘ ਅਲੀਵਾਲ ਨੇ ਕਿਹਾ ਕਿ ਕਪੂਰਥਲੇ ਜ਼ਿਲ੍ਹੇ ਵਿੱਚ ਵੱਡੇ ਰਾਜਨੀਤਕ ਆਗੂਆਂ ਦੇ ਹੁੰਦੇ ਹੋਏ ਵੀ ਲੁੱਟ ਵੱਡੇ ਪੱਧਰ 'ਤੇ ਹੋਈ ਹੈ। ਉਨ੍ਹਾਂ ਕਿਹਾ ਕਿ ਟਿੱਬਾ ਮੰਡੀ ਵਿੱਚ ਵੀ ਸ਼ੈਲਰ ਮਾਲਕਾਂ ਵੱਲੋਂ ਆਪਣੀਆਂ ਮਨਮਾਨੀਆਂ ਕੀਤੀਆਂ ਗਈਆਂ ਹਨ।ਇਸ ਮੌਕੇ ਰਣਜੀਤ ਸਿੰਘ ਕੋਟਲੀ ਨੇ ਕਿਹਾ ਕਿ ਕਿਸਾਨਾਂ ਨੂੰ ਉਨ੍ਹਾਂ ਦਾ ਲੁੱਟਿਆ ਹੋਇਆ ਪੈਸਾ ਹਰ ਹਾਲਤ ਵਿੱਚ ਵਾਪਸ ਕਰਵਾਇਆ ਜਾਵੇਗਾ। ਇਸ ਮੌਕੇ ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਪੂਰਥਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ 'ਤੇ ਕੀਤੀ ਗਈ ਕਟੌਤੀ ਦੇ ਸਬੂਤ ਲੈ ਕੇ ਸੰਘਰਸ਼ ਕਮੇਟੀ ਕੋਟ ਬੁੱਢਾ ਨਾਲ ਤਰੁੰਤ ਸੰਪਰਕ ਕਰਨ ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਸੁਖਜੀਤ ਸਿੰਘ ਬੱਗਾ ਨੇ ਸਮੂਹ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਹਰ ਹਾਲਤ ਵਿੱਚ ਇਨਸਾਫ਼ ਦਿਵਾਇਆ ਜਾਵੇਗਾ।ਇਸ ਮੌਕੇ ਜਗਜੀਤ ਸਿੰਘ ਮੰਡ, ਤੀਰਥ ਸਿੰਘ ਪ੍ਰਧਾਨ ਲੋਹੀਆਂ ਬਲਾਕ, ਤੀਰਥ ਸਿੰਘ ਕੋਟਲੀ, ਦਲਬੀਰ ਸਿੰਘ, ਤਰਸੇਮ ਸਿੰਘ ਜੱਬੋਵਾਲ, ਦੇਵਿੰਦਰ ਸਿੰਘ ਮਰਾਜਵਾਲ, ਸਰਬਜੀਤ ਸਿੰਘ, ਬਲਦੇਵ ਸਿੰਘ ਠੱਟਾ ਨਵਾਂ, ਜਗਦੀਪ ਸਿੰਘ ਰੰਗੀਲਪੁਰ, ਜਰਨੈਲ ਸਿੰਘ, ਮਲਕੀਤ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਸਨ।

# ਰੱਬੀ ਸੀਜ਼ਨ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਪ੍ਰਸ਼ਾਸਨ ਪੱਬਾਂ ਭਾਰ



**ਜਲੰਧਰ, (ਸ਼ੈਲੀ ਐਲਬਰਟ)**-ਪੰਜਾਬ ਸਰਕਾਰ ਵਲੋਂ ਝੋਨੇ ਦਾ ਇਕ-ਇਕ ਦਾਣਾ ਖਰੀਦਣ, ਰੱਬੀ ਸੀਜ਼ਨ ਵਿੱਚ ਡੀ.ਏ.ਪੀ. ਅਤੇ ਬਦਲਵੀਆਂ ਖਾਦਾਂ ਦੀ ਘਾਟ ਨਾ ਆਉਣ ਦੇਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਬੀਤੇ ਦਿਨ ਤੱਕ ਕਿਸਾਨਾਂ ਨੂੰ ਖ਼ਰੀਦ ਕੀਤੇ ਗਏ ਝੋਨੇ ਦਾ 2,404 ਕਰੋੜ ਰੁਪਏ ਦਾ ਭੁਗਤਾਨ ਯਕੀਨੀ ਬਣਾਇਆ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 10,53,721 ਮੀਟਰਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 10,47,818 ਮੀਟਰਕ ਟਨ ਝੋਨੇ ਦੀ ਵੱਖ-ਵੱਖ ਖ਼ਰੀਦ ਏਜੰਸੀਆਂ ਵੱਲੋਂ ਖ਼ਰੀਦ ਕੀਤੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੰਡੀਆਂ ਵਿੱਚ ਬੀਤੇ ਦਿਨ ਤੱਕ 9,13,056 ਮੀਟਰਕ ਟਨ ਝੋਨੇ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ।ਡਾ. ਅਗਰਵਾਲ ਨੇ ਪੰਜਾਬ ਸਰਕਾਰ ਦੀ ਖਰੀਫ ਅਤੇ ਰੱਬੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨਾ ਆਉਣ ਦੇਣ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਵਲੋਂ ਪੂਰੀ ਗੰਭੀਰਤਾ ਦਿਖਾਉਂਦਿਆਂ ਆਪਣੇ ਅਧਿਕਾਰੀ ਫੀਲਡ ਵਿੱਚ ਉਤਾਰੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਅਧਿਕਾਰੀ ਝੋਨੇ ਦੇ ਖਰੀਦ ਪ੍ਰਬੰਧਾਂ ਤੋਂ ਇਲਾਵਾ ਪਰਾਲੀ ਨੂੰ ਅੱਗ ਨਾ ਲਗਾ ਕੇ ਆਧੁਨਿਕ ਮਸ਼ੀਨਾਂ ਰਾਹੀਂ ਪਰਾਲੀ ਪ੍ਰਬੰਧਨ ਕਰਨ ਸਮੇਤ ਡੀ.ਏ.ਪੀ. ਦੀ ਜਮ੍ਹਾਖੋਰੀ ਰੋਕਣ ਅਤੇ ਡੀ.ਏ.ਪੀ. ਦੇ ਬਦਲ ਵਜੋਂ ਵਰਤੀਆਂ ਜਾਣ ਵਾਲੀਆਂ ਖਾਦਾਂ ਦੀ ਵਰਤੋਂ ਕਰਨ ਲਈ ਕਿਸਾਨਾਂ ਨੂੰ ਜਾਗਰੂਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਵਲੋਂ ਖੇਤਾਂ ਵਿੱਚ ਜਾ ਕੇ ਉਨ੍ਹਾਂ ਅਗਾਂਹਵਧੂ ਕਿਸਾਨਾਂ ਦੀ ਸ਼ਲਾਘਾ ਵੀ ਕੀਤੀ ਜਾ ਰਹੀ ਹੈ, ਜਿਨ੍ਹਾਂ ਵਲੋਂ ਵਾਤਾਵਰਣ ਦੀ ਸ਼ੁੱਧਤਾ ਬਰਕਰਾਰ ਰੱਖਣ ਲਈ ਉਚਿਤ ਪਰਾਲੀ ਪ੍ਰਬੰਧਨ ਕੀਤਾ ਜਾ ਰਿਹਾ ਹੈ।ਉਧਰ ਖੇਤੀਬਾੜੀ ਵਿਭਾਗ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਦੇ ਪਿੰਡਾਂ ਵਿੱਚ ਕਿਸਾਨਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਝੋਨੇ ਦੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਪ੍ਰੇਰਨ ਦੇ ਨਾਲ-ਨਾਲ ਕਣਕ ਅਤੇ ਆਲੂ ਦੀ ਬਿਜਾਈ ਲਈ ਡੀ.ਏ.ਪੀ. ਦੇ ਬਦਲ ਵਜੋਂ ਵਰਤੀਆਂ ਜਾਣ ਵਾਲੀਆਂ ਫਾਸਫੋਰਸ ਤੱਤ ਵਾਲੀਆਂ ਹੋਰ ਖਾਦਾਂ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੀਏਯੂ ਅਤੇ ਖੇਤੀਬਾੜੀ ਵਿਭਾਗ ਅਨੁਸਾਰ ਡੀ.ਏ.ਪੀ. ਬਦਲ ਵਜੋਂ ਟ੍ਰਿਪਲ ਸੁਪਰ ਫਾਸਫੇਟ (0:46:0), ਐੱਨ.ਪੀ.ਕੇ 12:32:16, ਸਿੰਗਲ ਸੁਪਰ ਫਾਸਫੇਟ ਐੱਨ.ਪੀ.ਕੇ. 16:16:16 ਅਤੇ ਨਾਈਟ੍ਰੋ ਫਾਸਫੇਟ 20:20:13 ਖਾਦ ਦੀ ਵੀ ਵਰਤੋਂ ਕੀਤੀ ਜਾ ਸਕਦੀ ਹੈ, ਜੋ ਕਿ ਫਸਲਾਂ ਲਈ ਬਹੁਤ ਉਪਯੋਗੀ ਹਨ। ਉਨ੍ਹਾਂ ਦੱਸਿਆ ਕਿ ਉਕਤ ਫਾਸਫੋਰਸ ਤੱਤ ਵਾਲੀਆਂ ਖਾਦਾਂ 'ਚੋਂ ਕਿਸੇ ਵੀ ਖਾਦ ਨੂੰ ਡੀ.ਏ.ਪੀ. ਦੇ ਬਦਲ ਵਜੋਂ ਵਰਤਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖਾਦਾਂ ਦੀ ਵਰਤੋਂ ਨਾਲ ਮਿੱਟੀ ਵਿਚਲੇ ਖੁਰਾਕੀ ਤੱਤ ਬਰਕਰਾਰ ਰਹਿੰਦੇ ਹਨ ਅਤੇ ਝਾੜ 'ਤੇ ਚੰਗਾ ਅਸਰ ਪੈਂਦਾ ਹੈ।

## ਰਾਜ ਕੁਮਾਰ ਤੇ ਉਨ੍ਹਾਂ ਦੀ ਪਤਨੀ ਦਾ ਕੀਤਾ ਸਨਮਾਨ

**ਕਾਲਾ ਸੰਘਿਆਂ (ਮਨਜੀਤ ਮਾਨ)** ਭਾਰਤੀਆ ਵਾਲਮੀਕਿ ਸਭਾ (ਰਜਿ ) ਇਕਾਈ ਪੰਜਾਬ ਵੱਲੋਂ ਰਾਜ ਕੁਮਾਰ ਐਨ. ਆਰ. ਆਈ ਅਤੇ ਉਨ੍ਹਾਂ ਦੀ ਸੁਪਤਨੀ ਸ਼੍ਰੀਮਤੀ ਕਮਲਜੀਤ ਕੌਰ ਦਾ ਸਮਾਜ ਸੇਵਾ ਵਿੱਚ ਉੱਘਾ ਯੋਗਦਾਨ ਪਾਉਣ ਲਈ ਨਿਊ ਮਾਡਲ ਟਾਊਨ ਕਲੋਨੀ ਉੱਗੀ ਵਿਖੇ ਸਿਰੋਪਾਓ ਅਤੇ ਮੈਡਲ ਨਾਲ ਸਨਮਾਨ ਕੀਤਾ ਗਿਆ । ਰਾਜ ਕੁਮਾਰ ਨੇ ਕਿਹਾ ਕਿ ਉਹ ਆਉਣ ਵਾਲੇ ਸਮੇਂ ਦੌਰਾਨ ਵੀ ਸਮਾਜਿਕ ਤੌਰ ਅਤੇ ਹੋਣਹਾਰ ਬੱਚਿਆਂ ਦਾ ਵਿਦਿਅਕ, ਆਰਥਿਕ ਅਤੇ ਖੇਡਾਂ ਦੇ ਖੇਤਰ ਵਿੱਚ ਹਮੇਸ਼ਾ ਸਹਿਯੋਗ ਕਰਦੇ ਰਹਿਣਗੇ। ਉਨ੍ਹਾਂ ਵਾਤਾਵਰਨ ਦੀ ਸਾਂਭ-ਸੰਭਾਲ 'ਤੇ ਵਿਸ਼ੇਸ਼ ਜ਼ੋਰ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਸਟਰ ਮਹਿੰਦਰਪਾਲ ਉੱਗੀ, ਮੰਗਲ ਸਿੰਘ ਪ੍ਰਧਾਨ ਉੱਗੀ ਕਾਲੋਨੀ, ਸਵਰਨ ਕੌਰ, ਸਾਬਕਾ ਬਲਾਕ ਸਿੱਖਿਆ ਅਫ਼ਸਰ ਹਾਜ਼ਰ ਸਨ।

## ਵਿਜੇ ਸਾਂਪਲਾ ਨੇ ਕੀਤਾ ਹਨੀ ਕੁਮਾਰ ਦੇ ਪਰਵਾਰ ਨਾਲ ਦੁੱਖ ਸਾਂਝਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ )**—ਬੀਤੇ ਦਿਨੀ ਸੁਲਤਾਨਪੁਰ ਲੋਧੀ ਦੀ ਨਵੀਂ ਦਾਣਾ ਮੰਡੀ ਵਿੱਚ ਭਾਜਪਾ ਯੁਵਾ ਮੋਰਚਾ ਦੇ ਬਲਾਕ ਪ੍ਰਧਾਨ ਹਨੀ ਕੁਮਾਰ ਉਰਫ ਨੰਨੂ ਦਾ ਨੌਜਵਾਨਾਂ ਵੱਲੋਂ ਬੇਰਹਿਮੀ ਦੇ ਨਾਲ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਤੋਂ ਬਾਅਦ ਸਮੁੱਚੀ ਭਾਰਤੀ ਜਨਤਾ ਪਾਰਟੀ ਵੱਲੋਂ ਪਰਵਾਰ ਦੇ ਨਾਲ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ ਉੱਥੇ ਹੀ ਸਖਤ ਕਾਰਵਾਈ ਦੀ ਵੀ ਮੰਗ ਕੀਤੀ ਜਾ ਰਹੀ ਹੈ। ਭਾਜਪਾ ਨੇਤਾ ਅਤੇ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਕੌਮੀ ਚੇਅਰਮੈਨ ਵਿਜੇ ਸਾਂਪਲਾ ਪਰਵਾਰ ਦੇ ਨਾਲ ਦੁੱਖ ਸਾਂਝਾ ਕਰਨ ਲਈ ਪਹੁੰਚੇ ਤੇ ਪਰਵਾਰ ਨੂੰ ਸੰਭਵ ਮਦਦ ਦਾ ਭਰੋਸਾ ਦਿੱਤਾ। ਉਨ੍ਹਾਂ ਪੁਲਸ ਦੇ ਉੱਚ ਅਧਿਕਾਰੀਆਂ ਦੇ ਨਾਲ ਗੱਲਬਾਤ ਕਰਕੇ ਦੋਸ਼ੀਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ।ਉਹਨਾਂ ਕਿਹਾ ਕਿ ਪੰਜਾਬ ਦੇ ਵਿੱਚ ਲਾਅ ਐਂਡ ਆਰਡਰ ਨਾਂਅ ਦੀ ਕੋਈ ਚੀਜ਼ ਨਹੀਂ ਰਹਿ ਗਈ, ਕੋਈ ਵੀ ਇਸ ਸੂਬੇ ਦੇ ਵਿੱਚ ਮਹਿਫੂਜ਼ ਨਹੀਂ ਹੈ ਆਏ ਦਿਨ ਲੁੱਟਾਂ ਖੋਹਾਂ ਕਤਲੋ ਗਾਰਤ ਦੀਆਂ ਵਾਰਦਾਤਾਂ ਹੋ ਰਹੀਆਂ ਨੇ ਜੋ ਕਿ ਸਰਕਾਰ ਦਾ ਵੱਡਾ ਫੇਲੀਅਰ ਹਨ। ਮ੍ਰਿਤਕ ਹਨੀ ਕੁਮਾਰ ਉਰਫ ਨਨੂ ਦਾ ਅੰਤਿਮ ਸੰਸਕਾਰ ਸੁਲਤਾਨਪੁਰ ਲੋਧੀ ਵਿਖੇ ਕਰ ਦਿੱਤਾ ਗਿਆ ਹੈ।

# ਦਰਬਾਰ ਪੰਜ ਪੀਰ ਮੋਹਲੀ 'ਚ ਸਲਾਨਾ ਮੇਲਾ ਮਨਾਇਆ



**ਬੰਗਾ (ਅਵਤਾਰ ਕਲੇਰ)**- ਦਰਬਾਰ ਪੰਜ ਪੀਰ ਮੋਹਲੀ ਵਿਖੇ ਸਲਾਨਾ ਤੀਸਰਾ ਮੇਲਾ ਮੁੱਖ ਸੇਵਾਦਾਰ ਰਵੀ ਮੱਟੂ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਮੇਲੇ 'ਚ ਵੱਖ ਵੱਖ ਦਰਬਾਰਾਂ ਤੋਂ ਸਾਈਂ ਲਖਵੀਰ ਸ਼ਾਹ ਕਾਦਰੀ ਕਟਾਰੀਆ, ਸਾਈਂ ਪਰਮਜੀਤ ਦਰਵੇਸ਼ ਰਾਹੋਂ, ਬਾਬਾ ਮੋਹਣ ਸ਼ਾਹ, ਗੁਡੀਆਂ ਮਹੰਤ ਫਗਵਾੜਾ, ਬੱਬੀ ਮਹੰਤ, ਬਾਬਾ ਅਮਰਜੀਤ ਜਮਾਲਪੁਰ, ਬਾਬਾ ਦਵਿੰਦਰ ਨਵਾਂਸ਼ਹਿਰ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਦਰਬਾਰ ਦੀਆਂ ਧਾਰਮਿਕ ਰਸਮਾਂ ਨਿਸ਼ਾਨ ਸਾਹਿਬ ਦੀ ਰਸਮ, ਚਿਰਾਗਾਂ ਦੀ ਰਸਮ ਤੋਂ ਬਾਅਦ ਸਟੇਜ ਸਜਾਈ ਗਈ, ਜਿਸ ਵਿੱਚ ਕੁਲਦੀਪ ਰੂਹਾਨੀ ਕੱਵਾਲ ਪਾਰਟੀ, ਸੁਨੈਨਾ ਨੱਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ।

ਲੰਗਰ ਅਤੁੱਟ ਵਰਤਾਇਆ ਗਿਆ। ਮੁੱਖ ਸੇਵਾਦਾਰ ਰਵੀ ਮੱਟੂ ਨੇ ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ ਨੂੰ ਸਨਮਾਨਤ ਕੀਤਾ ਅਤੇ ਸਾਰਿਆਂ ਦਾ ਧੰਨਵਾਦ ਕੀਤਾ।

## ਜਲ ਸਪਲਾਈ ਦੇ ਫੀਲਡ ਮੁਲਾਜ਼ਮਾਂ ਨਾਲ ਵਿਤਕਰੇ ਬੰਦ ਕੀਤੇ ਜਾਣ : ਸੰਜੀਵ ਕੌਂਡਲ

**ਕਾਲਾ ਸੰਘਿਆਂ (ਮਨਜੀਤ ਮਾਨ)**—ਜਲ ਸਪਲਾਈ ਸੈਨੀਟੇਸ਼ਨ ਇੰਪਲਾਈਜ਼ ਯੂਨੀਅਨ ਜਲੰਧਰ ਪ੍ਰਧਾਨ ਸੰਜੀਵ ਕੌਂਡਲ ਨੇ ਪ੍ਰੈੱਸ ਦੇ ਨਾਂਅ ਲਿਖਤੀ ਬਿਆਨ ਜਾਰੀ ਕਰਦਿਆਂ ਕਿਹਾ ਕਿ ਮਹਿਕਮੇ ਦੇ ਫੀਲਡ ਮੁਲਾਜ਼ਮ ਜਿਹੜੇ ਪਾਣੀ ਵਾਲੀਆਂ ਟੈਂਕੀਆਂ 'ਤੇ ਦਿਨ-ਰਾਤ ਕੰਮ ਕਰਦੇ ਹਨ ਉਨ੍ਹਾਂ ਨਾਲ ਵੱਧ ਵਿਤਕਰੇ ਹੋ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਇਹ ਰੈਗੂਲਰ ਮੁਲਾਜ਼ਮ ਜਿਹੜੇ ਪਾਣੀ ਵਾਲੀਆਂ ਟੈਂਕੀਆਂ 'ਤੇ ਕੰਮ ਕਰਦੇ ਹਨ ਉਨ੍ਹਾਂ ਨੂੰ ਕੋਈ ਤਿਉਹਾਰੀ ਛੁੱਟੀ ਤੱਕ ਵੀ ਨਹੀਂ ਮਿਲਦੀ। ਇਨ੍ਹਾਂ ਨੂੰ ਦੀਵਾਲੀ, ਦੁਸਹਿਰਾ, ਹੋਲੀ ਤੇ ਲੋਹੜੀ ਸਾਰੇ ਤਿਉਹਾਰ ਟੈਂਕੀ 'ਤੇ ਹੀ ਮਨਾਉਣੇ ਪੈਂਦੇ ਹਨ। ਇਹ ਮੁਲਾਜ਼ਮ ਜਿਸ ਪੋਸਟ 'ਤੇ ਭਰਤੀ ਹੁੰਦੇ ਹਨ ਉਸ ਪੋਸਟ 'ਤੇ ਹੀ ਰਿਟਾਇਰ ਹੋ ਜਾਂਦੇ ਹਨ। ਇਨ੍ਹਾਂ ਨੂੰ ਕੋਈ ਵੀ ਤਰੱਕੀ ਨਹੀਂ ਦਿੱਤੀ ਜਾਂਦੀ। ਸਾਰੇ ਮੁਲਾਜ਼ਮਾਂ ਨੂੰ ਬਰਾਬਰ ਰੱਖਦੇ ਹੋਏ ਫੀਲਡ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਵੀ ਤਰੱਕੀਆਂ ਦਿੱਤੀਆਂ ਜਾਣ । ਕੌਂਡਲ ਨੇ ਮੰਗ ਕੀਤੀ ਹੈ ਕਿ ਇਹ ਸਾਰੀਆਂ ਮੰਗਾਂ ਜਲਦੀ ਤੋਂ ਜਲਦੀ ਪੂਰੀਆਂ ਕੀਤੀਆਂ ਜਾਣ ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਇਨਾਂ ਮੁਲਾਜ਼ਮਾਂ ਵੱਲੋਂ ਸਰਕਾਰ ਖ਼ਿਲਾਫ਼ ਜੰਗੀ ਪੱਧਰ 'ਤੇ ਸ਼ੰਘਰਸ਼ ਕੀਤਾ ਜਾਵੇਗਾ।

# ਹੈਪੀ ਮਾਡਲ ਹਾਈ ਸਕੂਲ ਵਿਖੇ ਸਾਲਾਨਾ ਖੇਡ ਦਿਵਸ ਮਨਾਇਆ



**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)**- ਹੈਪੀ ਮਾਡਲ ਹਾਈ ਸਕੂਲ ਰਾਹੋਂ ਵਿਖੇ ਸਾਲਾਨਾ ਖੇਡ ਦਿਵਸ ਉਤਸ਼ਾਹ ਪੂਰਵਕ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਦੂਸਰੀ ਤੋਂ ਦਸਵੀਂ ਤੱਕ ਕਲਾਸ ਦੇ ਵਿਦਿਆਰਥੀਆਂ ਨੇ ਭਾਗ ਲਿਆ । ਬੱਚਿਆਂ ਨੂੰ 4 ਗਰੁੱਪਾਂ ਵਿੱਚ ਵੰਡ ਕੇ ਖੇਡ ਮੁਕਾਬਲੇ ਕਰਵਾਏ ਗਏ। ਇਸ ਵਿੱਚ 100 ਮੀਟਰ, 50 ਮੀਟਰ, ਸ਼ਾਟ ਪੁੱਟ, ਨਿੰਬੂ ਰੇਸ, ਬੋਰੀ ਰੇਸ ਅਤੇ ਲੰਬੀ ਛਾਲ ਆਦਿ ਹੋਰ ਵੀ ਬਹੁਤ ਗੇਮਾਂ ਕਰਵਾਈਆਂ ਗਈਆਂ। 100 ਮੀਟਰ ਦੌੜ ਵਿੱਚ ਪਹਿਲੇ ਸਥਾਨ 'ਤੇ ਹਰਸਿਮਰਨ ਅਤੇ ਜੈਤ ਕੌਰ, 50 ਮੀਟਰ ਦੌੜ ਵਿੱਚ ਪਹਿਲੇ ਸਥਾਨ 'ਤੇ ਯਤਿਨ ਕੁਮਾਰ, ਹਰਸ਼ਦੀਪ ਕੌਰ ਅਤੇ ਸ਼ਾਟ ਪੁੱਟ ਵਿੱਚ ਪਹਿਲੇ ਸਥਾਨ 'ਤੇ ਅਭਜੋਤ ਸਿੰਘ ਆਏ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਰਣਜੀਤ ਕੌਰ, ਐਮ.ਡੀ ਜਗੀਰ ਸਿੰਘ ਅਤੇ ਅਧਿਆਪਕ ਨਰੇਸ਼ ਕੁਮਾਰੀ, ਕਾਂਤਾ ਰਾਣੀ. ਸੋਨੀਆ, ਰਵਿੰਦਰ ਮਾਨ, ਪਰਮਜੀਤ ਕੌਰ, ਕੁਲਵਿੰਦਰ ਕੌਰ, ਨਿਸ਼ੂ ਸੈਣੀ, ਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਰਮਨ, ਮਨੀਸ਼ਾ, ਨੀਰੂ, ਅੰਜਲੀ, ਰਜਨੀ ਸ਼ਾਮਿਲ ਸਨ ।ਐਮ. ਡੀ. ਜਗੀਰ ਸਿੰਘ ਵੱਲੋਂ ਜੇਤੂ ਬੱਚਿਆਂ ਦੀ ਹੌਸਲਾ ਅਫ਼ਜਾਈ ਕੀਤੀ ਤੇ ਬਾਕੀ ਬੱਚਿਆਂ ਨੂੰ ਵੀ ਚੰਗਾ ਖੇਡਣ ਲਈ ਪ੍ਰੇਰਿਤ ਕੀਤਾ।

## ਖ਼ੂਨਦਾਨ ਕੈਂਪ 22 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ. ਅਜਨੋਹਾ ਦੇ ਮੁਖੀ ਭਾਈ ਹਰਵਿੰਦਰ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵੱਲੋਂ ਗੁਰੂ ਨਾਨਕ ਦੇਵ ਜੀ ਦੇ 555 ਪ੍ਰਕਾਸ ਪੁਰਬ ਨੂੰ ਸਮਰਪਿਤ 34 ਵਾਂ ਖ਼ੂਨਦਾਨ ਕੈਂਪ ਮਿਤੀ 22 ਨਵੰਬਰ 2024 ਦਿਨ ਸ਼ੁਕਰਵਾਰ ਨੂੰ ਸਵੇਰੇ 10 ਤੋਂ 2 ਵਜੇ ਤੱਕ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਵਿਖੇ ਲਗਾਇਆ ਜਾ ਰਿਹਾ ਹੈ । ਬਲੱਡ ਟੀਮ ਬਲੱਡ ਬੈਂਕ ਹੁਸ਼ਿਆਰਪੁਰ ਵੱਲਸਂ ਇਲਾਕਾ ਨਿਵਾਸੀ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਕੈਂਪ ਵਿੱਚ ਆ ਕੇ ਖ਼ੂਨ ਦਾਨ ਕਰਕੇ ਆਪਣਾ ਜੀਵਨ ਸਫਲ ਕਰੋ ਜੀ।

ਇਸ ਮੌਕੇ ਸੰਸਥ ਦੇ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ , ਸੁਰਿੰਦਰ ਪਾਲ ਸਿੰਘ, ਉਂਕਾਰ ਸਿੰਘ ਖਾਲਸਾ, ਗੁਰਜੀਤ ਸਿੰਘ ਖਾਲਸਾ,ਪੰਚ ਮਨਪ੍ਰੀਤ ਸਿੰਘ ਨਰੂੜ, ਮਨਿੰਦਰ ਸਿੰਘ ਨਰੂੜ, ਪ੍ਰੇਮ ਨਾਥ, ਹਰਦੀਪ ਸਿੰਘ ਨਸੀਰਾਬਾਦ ਦਲਜੀਤ ਸਿੰਘ ਮੰਜ ਠੱਕਰਵਾਲ, ਬਰਿੰਦਰ ਸਿੰਘ ਬਿੰਦਰ ਪੰਜੋੜਾ, ਬਲਜੀਤ ਸਿੰਘ ਬਿੱਲਾ, ਜਰਨੈਲ ਸਿੰਘ ਅਜਨੋਹਾ ਆਦਿ ਹਾਜ਼ਰ ਸਨ।

## ਡਾ. ਰਾਜਨ ਆਈ ਕੇਅਰ 'ਚ ਸ਼ੁਰੂ ਹੋਈ ਅੱਖਾਂ ਦੇ ਪਿਛਲੇ ਪਰਦੇ ਦੇ ਆਪ੍ਰੇਸ਼ਨ ਦੀ ਸੁਵਿਧਾ




**ਫਗਵਾੜਾ ( ਡਾ. ਰਮਨ )** —ਅੱਖਾਂ ਦੇ ਪਿਛਲੇ ਪਰਦੇ ਦੀਆਂ ਬਿਮਾਰੀਆਂ ਰੈਟੀਨਲ ਡੀਟੈਚਮੈਂਟ (ਪਰਦੇ ਦਾ ਉੱਖੜ ਜਾਣਾ), ਪਰਦੇ ਵਿੱਚ ਖੂਨ ਆਉਣਾ, ਪਰਦੇ ਦਾ ਫਟ ਜਾਣਾ ਆਦਿ ਬਿਮਾਰੀਆਂ ਦੇ ਇਲਾਜ਼ ਲਈ ਜਿੱਥੇ ਪਹਿਲਾਂ ਚੰਡੀਗੜ੍ਹ ਜਾਂ ਦਿੱਲੀ ਜਾਣਾ ਪੈਂਦਾ ਸੀ, ਹੁਣ ਇਹਨਾਂ ਬਿਮਾਰੀਆਂ ਦੇ ਇਲਾਜ ਦੀ ਸੁਵਿਧਾ ਡਾ. ਰਾਜਨ ਆਈ ਕੇਅਰ ਹਸਪਤਾਲ ਫਗਵਾੜਾ ਵਿਖੇ ਸ਼ੁਰੂ ਕਰ ਦਿੱਤੀ ਗਈ ਹੈ।ਅੱਖਾਂ ਦੇ ਮਾਹਿਰ ਅਤੇ ਹਸਪਤਾਲ ਦੇ ਚੀਫ ਆਈ ਸਰਜਨ ਡਾ. ਐਸ. ਰਾਜਨ ਨੇ ਦੱਸਿਆ ਕਿ ਡਾ. ਅਜੇ ਕਪੂਰ (ਐਮ.ਬੀ.ਬੀ.ਐਸ.,ਐਮ.ਐਸ.) ਜਿਹਨਾਂ ਨੇ ਏ.ਆਈ.ਆਈ.ਐਮ.ਐਸ. (ਏਮਸ) ਦਿੱਲੀ ਅਤੇ ਐਲ.ਵੀ. ਪ੍ਰਸਾਦ ਆਈ ਇੰਸਟੀਚਿਊਟ ਤੋਂ ਪਿਛਲੇ ਪਰਦੇ ਦੀਆਂ ਬਿਮਾਰੀਆਂ ਦੇ ਜਟਿਲ ਰੋਗਾਂ ਦੇ ਇਲਾਜ ਦੀ ਪੜ੍ਹਾਈ ਕੀਤੀ ਹੈ ਅਤੇ ਦਿੱਲੀ ਦੇ ਮਸ਼ਹੂਰ ਵੇਨੂ ਆਈ ਇੰਸਟੀਚਿਊਟ ਵਿਖੇ ਪਿਛਲੇ ਪਰਦੇ ਦੀਆਂ ਬਿਮਾਰੀਆਂ ਵਿਭਾਗ ਦੇ ਕਰੀਬ ਸੱਤ ਸਾਲ ਤੱਕ ਮੁਖੀ ਰਹੇ ਹਨ, ਉਹ ਹੁਣ ਡਾ. ਰਾਜਨ ਆਈ ਕੇਅਰ ਫਗਵਾੜਾ 'ਚ ਸੇਵਾਵਾਂ ਦੇਣਗੇ। ਇਸ ਮੌਕੇ ਡਾ. ਅਜੇ ਕਪੂਰ ਦਾ ਹਸਪਤਾਲ ਦੇ ਸਮੂਹ ਸਟਾਫ ਵਲੋਂ ਨਿੱਘਾ ਸਵਾਗਤ ਕੀਤਾ ਗਿਆ।

# ਪੰਜਾਬ ਰਾਜ ਅੰਤਰਵਰਸਿਟੀ ਯੁਵਕ ਮੇਲੇ ਦਾ ਪੋਸਟਰ ਰਿਲੀਜ਼

**ਕੁਰਾਲੀ (ਮੋਹਨ ਅੱਗਰਵਾਲ)**-ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਪਰਮਿੰਦਰ ਸਿੰਘ ਗੋਲਡੀ ਵੱਲੋਂ ਬੋਰਡ ਦੇ ਦਫਤਰ ਵਿਖੇ ਯੁਵਕ ਸੇਵਾਵਾਂ ਵਿਭਾਗ, ਪੰਜਾਬ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਅਤੇ ਸਰਪ੍ਰਸਤੀ ਹੇਠ ਕਰਵਾਏ ਜਾ ਰਹੇ ਪੰਜਾਬ ਰਾਜ ਅੰਤਰਵਰਸਿਟੀ ਯੁਵਕ ਮੇਲਾ - 2024 ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਹ ਯੁਵਕ ਮੇਲਾ 29 ਨਵੰਬਰ ਤੋਂ 2 ਦਸੰਬਰ ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਰਾਜ ਦੀਆਂ ਸਿਰਮੌਰ ਯੂਨੀਵਰਸਿਟੀਆਂ ਦੀਆਂ ਟੀਮਾਂ ਵੱਲੋਂ 51 ਵੱਖ-ਵੱਖ ਕਲਚਰਲ ਅਤੇ ਵਿਰਾਸਤੀ ਮੁਕਾਬਲਿਆਂ ਵਿੱਚ ਹਿੱਸਾ ਲਿਆ ਜਾ ਰਿਹਾ ਹੈ।ਇਸ ਮੌਕੇ ਚੇਅਰਮੈਨ ਗੋਲਡੀ ਨੇ ਦੱਸਿਆ ਕਿ ਨੌਜਵਾਨਾਂ ਨੂੰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਅਤੇ ਨਿਖਾਰਨ ਦਾ ਇੱਕ ਵੱਡਾ ਮੰਚ ਵਿਭਾਗ ਵੱਲੋਂ ਇਸ ਮੇਲੇ ਰਾਹੀਂ ਦਿੱਤਾ ਜਾ ਰਿਹਾ ਹੈ। ਇਸ ਯੁਵਕ ਮੇਲੇ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਨੂੰ ਨੈਸ਼ਨਲ ਪੱਧਰ 'ਤੇ ਰਾਜ ਦੀ ਨੁਮਾਇੰਦਗੀ ਕਰਨ ਦਾ ਮੌਕਾ ਵੀ ਪ੍ਰਦਾਨ ਕੀਤਾ ਜਾਂਦਾ ਹੈ। ਇਸ 4 ਰੋਜ਼ਾ ਯੁਵਕ ਮੇਲੇ ਦੌਰਾਨ ਗਿੱਧਾ, ਭੰਗੜਾ, ਕਵੀਸ਼ਰੀ, ਵਾਰ-ਗਾਇਨ, ਕਲੀ, ਗਜ਼ਲ, ਨਾਟਕ (ਥੀਏਟਰ), ਵਿਰਾਸਤੀ ਕਲਾਵਾਂ ਅਤੇ ਹੋਰ ਸੱਭਿਆਚਾਰਕ ਮੁਕਾਬਲੇ ਕਰਵਾਏ ਜਾਣਗੇ। ਜਿਨ੍ਹਾਂ ਵਿੱਚ 2000 ਤੋਂ ਵੱਧ ਨੌਜਵਾਨ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ। ਇਸ ਯੁਵਕ ਮੇਲੇ ਦੌਰਾਨ ਰੋਜ਼ਾਨਾ ਰਾਤ ਨੂੰ ਕਲਚਰਲ ਨਾਈਟ ਪ੍ਰੋਗਰਾਮ ਵਿੱਚ ਪੰਜਾਬ ਦੇ ਨਾਮੀ ਕਲਾਕਾਰ ਆਪਣੀ ਗਾਇਕੀ ਦੀ ਪੇਸ਼ਕਾਰੀ ਕਰਨਗੇ। ਯੁਵਕ ਸੇਵਾਵਾਂ ਵਿਭਾਗ ਵੱਲੋਂ ਇਹ ਯੁਵਕ ਮੇਲਾ ਸਰਵਜੀਤ ਸਿੰਘ, ਵਿਸ਼ੇਸ਼ ਮੁੱਖ ਸਕੱਤਰ, ਅਤੇ ਡਾਇਰੈਕਟਰ ਹਰਪ੍ਰੀਤ ਸਿੰਘ ਸੂਦਨ ਦੀ ਦੇਖ ਰੇਖ ਵਿੱਚ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ ਸਤਿਬੀਰ ਸਿੰਘ ਗੋਸਲ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਯੁਵਕ ਮੇਲਾ 2024 ਦਾ ਪੋਸਟਰ ਰਿਲੀਜ਼ ਕਰਨ ਮੌਕੇ ਚੇਅਰਮੈਨ ਗੋਲਡੀ ਤੋਂ ਇਲਾਵਾ ਵਿਭਾਗ ਦੇ ਡਿਪਟੀ ਡਾਇਰੈਕਟਰ ਕੁਲਵਿੰਦਰ ਸਿੰਘ, ਸਹਾਇਕ ਡਾਇਰੈਕਟਰ ਰੁਪਿੰਦਰ ਕੌਰ ਅਤੇ ਡਾਇਰੈਕਟਰ ਯੂਥ ਵੈਲਫੇਅਰ (ਪੰਜਾਬ ਐਗਰੀਕਲਚਰਲ ਯੂਨੀਵਰਸਿਟੀ) ਨਿਰਮਲ ਜੌੜਾ ਵੀ ਹਾਜ਼ਰ ਸਨ।

# ਅਥਲੈਟਿਕ ਮੀਟ 'ਚ ਸ਼ਹੀਦ ਭਗਤ ਸਿੰਘ ਹਾਊਸ ਨੇ ਜਿੱਤੀ ਓਵਰਆਲ ਟਰਾਫੀ



**ਬੰਗਾ (ਅਵਤਾਰ ਕਲੇਰ)**-ਸਕੂਲ ਆਫ ਐਮੀਨੈਂਸ ਬੰਗਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਉੱਘੇ ਸਿੱਖਿਆ ਸ਼ਾਸਤਰੀ ਪ੍ਰਿੰਸੀਪਲ ਅਮਰੀਕ ਸਿੰਘ ਸਾਬਕਾ ਉਪ ਜ਼ਿਲ੍ਹਾ ਸਿੱਖਿਆ ਅਫਸਰ ਦੀ ਅਗਵਾਈ ਹੇਠ ਮਨਾਏ ਗਏ ਸਲਾਨਾ ਖੇਡ ਮੇਲੇ ਦੇ ਦੌਰਾਨ ਕਰਵਾਈ ਗਈ ਅਥਲੈਟਿਕ ਮੀਟ ਸਫਲਤਾ ਪੂਰਵਕ ਸਮਾਪਤ ਹੋ ਗਈ। ਅਥਲੈਟਿਕ ਮੀਟ ਦਾ ਉਦਘਾਟਨ ਅਮਰਜੀਤ ਖਟਕੜ ਉਪ ਜ਼ਿਲ੍ਹਾ ਸਿੱਖਿਆ ਅਫਸਰ, ਦਵਿੰਦਰ ਕੌਰ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਤੇ ਪ੍ਰਿੰਸੀਪਲ ਅਮਰੀਕ ਸਿੰਘ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਲੈਕਚਰਾਰ ਪ੍ਰਦੀਪ ਤੇਜੀ ਅਤੇ ਦੇਵ ਦੱਤ ਡੀ ਪੀ ਈ ਦੀ ਅਗਵਾਈ ਹੇਠ ਸਕੂਲ ਦੇ ਚਾਰੇ ਹਾਊਸ ਸ਼ਹੀਦ ਭਗਤ ਸਿੰਘ ਹਾਊਸ, ਸ਼ਹੀਦ ਕਰਤਾਰ ਸਿੰਘ ਸਰਾਭਾ ਹਾਊਸ, ਸ਼ਹੀਦ ਊਧਮ ਸਿੰਘ ਹਾਊਸ ਅਤੇ ਮੈਡਮ ਕਲਪਨਾ ਚਾਵਲਾ ਹਾਊਸ ਦੇ ਖਿਡਾਰੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕਰਕੇ ਮੁੱਖ ਮਹਿਮਾਨ ਨੂੰ ਸਲਾਮੀ ਦਿੱਤੀ ਗਈ।ਦੋਨੋਂ ਦਿਨ ਚਾਰੇ ਹਾਊਸ ਦੇ ਖਿਡਾਰੀਆਂ ਵੱਲੋਂ ਬਹੁਤ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ। ਜੇਤੂ ਖਿਡਾਰੀਆਂ ਨੂੰ ਸੋਨੇ ,ਚਾਂਦੀ ਅਤੇ ਕਾਂਸੀ ਦੇ ਮੈਡਲ ਦੇ ਨਾਲ ਸਨਮਾਨਤ ਕੀਤਾ ਗਿਆ। ਓਵਰਆਲ ਟਰਾਫੀ ਸ਼ਹੀਦ ਭਗਤ ਸਿੰਘ ਹਾਊਸ ਦੇ ਖਿਡਾਰੀਆਂ ਵੱਲੋਂ ਜਿੱਤੀ ਗਈ ।ਪ੍ਰਿੰਸੀਪਲ ਅਮਰੀਕ ਸਿੰਘ ਵੱਲੋਂ ਚਾਰੇ ਹਾਊਸ ਦੇ ਇੰਚਾਰਜ ਸਾਹਿਬਾਨ ਅਤੇ ਸਮੂਹ ਅਧਿਆਪਕਾਂ ਨੂੰ ਇਸ ਅਥਲੈਟਿਕ ਮੀਟ ਨੂੰ ਸਫਲ ਅਤੇ ਕਾਮਯਾਬ ਕਰਨ ਲਈ ਕੀਤੀ ਗਈ ਸਖਤ ਮਿਹਨਤ ਲਈ ਵਧਾਈ ਦਿੱਤੀ ਗਈ।ਇਸ ਮੌਕੇ ਚੇਅਰਮੈਨ ਰਕੇਸ਼ ਕੁਮਾਰ, ਕੰਵਲਜੀਤ ਸਿੰਘ ਅਰੋੜਾ, ਅੰਮ੍ਰਿਤਪਾਲ ਸਿੰਘ ,ਰਾਜ ਕੁਮਾਰ, ਮੱਖਣ ਲਾਲ, ਮਨਵਿੰਦਰ ਸਿੰਘ, ਨਰਿੰਦਰ ਪਾਲ ਸਿੰਘ, ਰਣਜੀਤ ਸਿੰਘ, ਇੰਦਰਜੀਤ ਸਿੰਘ, ਬਲਵੀਰ ਸਿੰਘ, ਪ੍ਰਦੀਪ ਤੇਜੀ ,ਦੇਵ ਦੱਤ, ਦਰਸ਼ਨ ਸਿੰਘ,ਸਰੋਜ ਬਾਲਾ, ਕਿਰਨਜੀਤ ਕੌਰ, ਐਨੀ ਅਰੋੜਾ, ਨਵਦੀਪ ਕੌਰ, ਨੀਲਮ ਸ਼ੇਖਰ, ਨਿਧੀ, ਸਤਪਾਲ ਸਿੰਘ, ਰਜਨੀ ਬਾਲਾ, ਮੀਨਾ ਰਾਣੀ, ਅਮਰਜੀਤ ਕੌਰ, ਅੰਜਨਾ ਕੁਮਾਰੀ, ਸੁਲੱਖਣ ਸਿੰਘ, ਰਣਵੀਰ ਸਿੰਘ, ਬਲਵਿੰਦਰ ਕੌਰ, ਦਿਵਿਆਸ਼ੂ, ਰਾਜਵਿੰਦਰ ਕੌਰ, ਪਲਵਿੰਦਰ ਸਿੰਘ, ਸਿੰਦਰਪਾਲ ਕੌਰ, ਕੂੜਾ ਰਾਮ ਸਮੇਤ ਸਮੂਹ ਸਟਾਫ ਹਾਜ਼ਰ ਸੀ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਦਿਵਸ ਮਨਾਇਆ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**-ਬੀਤੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਜਿਸ ਵਿਚ ਸਭ ਤੋਂ ਪਹਿਲਾਂ ਬੱਚਿਆਂ ਤੇ ਅਧਿਆਪਕਾਂ ਵੱਲੋਂ ਮੂਲ ਮੰਤਰ ਅਤੇ ਚੌਪਈ ਸਾਹਿਬ ਦਾ ਜਾਪ ਕੀਤਾ ਗਿਆ, ਉਪਰੰਤ ਸ਼ਬਦ ਗਾਇਨ ਕੀਤਾ ਗਿਆ। ਇਸ ਮੌਕੇ ਬੱਚਿਆਂ ਦੇ ਕੁਇਜ਼ ਮੁਕਾਬਲੇ ਅਤੇ ਕਵਿਤਾ ਉਚਾਰਨ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਗਏ। ਬੱਚਿਆਂ ਵੱਲੋਂ ਇਕ ਭਾਸ਼ਣ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਅਤੇ ਉਹਨਾਂ ਦੀਆਂ ਸਿੱਖਿਆਵਾਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ। ਅੰਤ ਵਿੱਚ ਸਕੂਲ ਪ੍ਰਿੰਸੀਪਲ ਨਵਦੀਪ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਬੱਚਿਆਂ ਨੂੰ ਸਿੱਖੀ ਤੇ ਸਿੱਖ ਇਤਿਹਾਸ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।

## ਗੋਇਨਕਾ ਇੰਟਰਨੈਸ਼ਨਲ ਸਕੂਲ 'ਚ ਖੋ-ਖੋ ਮੁਕਾਬਲੇ





**ਕਪੂਰਥਲਾ (ਹਨੀ)**- ਸਹੋਦਿਆ ਸਕੂਲ ਕੰਪਲੈਕਸ ਕਪੂਰਥਲਾ ਵਲੋਂ ਉਲੀਕੇ ਗਏ ਵੱਖ-ਵੱਖ ਮੁਕਾਬਲਿਆਂ ਦੀ ਲੜੀ ਤਹਿਤ ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਸਹੋਦਿਆ ਇੰਟਰ ਸਕੂਲ ਖੋ-ਖੋ ਮੁਕਾਬਲੇ ਕਰਵਾਏ ਗਏ। ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਊਸ਼ਾ ਪਰਮਾਰ ਦੀ ਅਗਵਾਈ ਵਿਚ ਆਯੋਜਿਤ ਟੂਰਨਾਮੈਂਟ ਵਿਚ ਵੱਡੀ ਗਿਣਤੀ 'ਚ ਸਕੂਲਾਂ ਦੀਆਂ ਟੀਮਾਂ ਨੇ ਹਿੱਸਾ ਲਿਆ । ਟੂਰਨਾਮੈਂਟ ਦਾ ਉਦਘਾਟਨ ਅਰਜਨਾ ਐਵਾਰਡੀ ਸਾਬਕਾ ਅੰਤਰਰਾਸ਼ਟਰੀ ਬਾਸਕਟਬਾਲ ਖਿਡਾਰੀ ਅਤੇ ਆਮ ਆਦਮੀ ਪਾਰਟੀ ਦੇ ਹਲਕਾ ਸੁਲਤਾਨਪੁਰ ਲੋਧੀ ਤੋਂ ਇੰਚਾਰਜ ਸੱਜਣ ਸਿੰਘ ਚੀਮਾ ਨੇ ਕੀਤਾ । ਉਹਨਾਂ ਬੱਚਿਆਂ ਨੂੰ ਖੇਡਾਂ ਵਿੱਚ ਵੱਧ ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕੀਤਾ। ਇਸ ਦੌਰਾਨ 13 ਸੀ ਬੀ ਐਸ ਈ ਸਕੂਲਾਂ ਨੇ ਭਾਗ ਲਿਆ ਅਤੇ ਲੜਕੇ ਅਤੇ ਲੜਕੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਲੜਕੀਆਂ ਦੇ ਮੁਕਾਬਲੇ ਵਿੱਚ ਸ੍ਰੀ ਗੁਰੂ ਹਰਕਿਸ਼ਨ ਪਬਲਿਕ ਸਕੂਲ ਆਰ.ਸੀ.ਐਫ ਪਹਿਲੇ, ਐਮ.ਜੀ.ਐਨ ਪਬਲਿਕ ਸਕੂਲ ਦੂਜੇ ਅਤੇ ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਤੀਜੇ ਸਥਾਨ 'ਤੇ ਰਿਹਾ। ਲੜਕਿਆਂ ਦੇ ਮੁਕਾਬਲਿਆਂ ਵਿੱਚ ਐੱਸ.ਪੀ.ਪੀ.ਐੱਸ ਕਾਨਵੈਂਟ ਸਕੂਲ ਬੇਗੋਵਾਲ ਪਹਿਲੇ, ਐਮ.ਜੀ.ਐਨ ਪਬਲਿਕ ਸਕੂਲ ਦੂਜੇ ਅਤੇ ਜੀ ਡੀ ਗੋਇਨਕਾ ਇੰਟਰਨੈਸ਼ਨਲ ਤੀਜੇ ਸਥਾਨ 'ਤੇ ਰਿਹਾ । ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਪੰਜਾਬ ਪੁਲਸ ਦੇ ਡੀ ਐੱਸ ਪੀ ਨਰਿੰਦਰ ਸਿੰਘ ਔਜਲਾ, ਬਿਕਰਮ ਸਿੰਘ ਉੱਚਾ, ਚਰਨਜੀਤ ਸਿੰਘ ਬਾਜਵਾ ਅਤੇ ਸੁਰਜੀਤ ਸਿੰਘ ਪੱਤੜ ਨੇ ਕੀਤੀ ।

## ਪਿੰਡ ਢੇਰ ਦੇ ਨੌਜਵਾਨ ਦੀ ਕੈਨੇਡਾ 'ਚ ਸੜਕ ਹਾਦਸੇ ਦੌਰਾਨ ਮੌਤ



**ਨੰਗਲ (ਸੁਰਜੀਤ ਸਿੰਘ)**- ਨਜ਼ਦੀਕੀ ਪਿੰਡ ਢੇਰ ਦੇ ਨੌਜਵਾਨ ਪ੍ਰਿਤਪਾਲ ਸਿੰਘ 34 ਪੁੱਤਰ ਬਿਕਰਮ ਸਿੰਘ ਭੰਗਲ ਦੀ ਕੈਨੇਡਾ ਦੇ ਸਰੀ ਸ਼ਹਿਰ ਨੇੜੇ ਵਾਪਰੇ ਦਰਦਨਾਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ। ਇਧਰ ਪਿੰਡ ਵਿੱਚ ਉਸ ਦੇ ਛੋਟੇ ਭਰਾ ਨੂੰ ਅੱਜ ਬਟਨਾ ਲੱਗਣਾ ਸੀ ਅਤੇ ਸ੍ਰੀ ਅਖੰਡ ਪਾਠ ਸਾਹਿਬ ਵੀ ਆਰੰਭ ਹੋਣਾ ਸੀ। ਘਰ ਵਿੱਚ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਨਵੰਬਰ 27 ਨੂੰ ਭਰਾ ਦੇ ਸੇਹਰਾ ਸਜਣਾ ਸੀ। ਅੱਜ ਤੜਕਸਾਰ ਕੈਨੇਡਾ ਪੁਲਸ ਦਾ ਫੋਨ ਆ ਗਿਆ ਤੇ ਉਨ੍ਹਾਂ ਨੇ ਘਟਨਾ ਬਾਰੇ ਪਰਵਾਰ ਨੂੰ ਜਾਣੂ ਕਰਵਾਇਆ। ਜਿਸ ਕਾਰਨ ਘਰ ਵਿਚ ਮਾਤਮ ਛਾ ਗਿਆ।ਉਹ ਕਰੀਬ ਇੱਕ ਸਾਲ ਤੋਂ ਕੈਨੇਡਾ ਦੇ ਸ਼ਹਿਰ ਸਰੀ ਵਿਖੇ ਟਰਾਲਾ ਚਲਾ ਰਿਹਾ ਸੀ। ਦੱਸਿਆ ਜਾਂਦਾ ਕਿ ਬਰਫ਼ ਕਾਰਨ ਟਰਾਲਾ ਸਲਿਪ ਕਰਨ ਤੋਂ ਬਾਅਦ ਪਲਟ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਹ ਆਪਣੇ ਪਿੱਛੇ ਮਾਤਾ ਪਿਤਾ ਤੋਂ ਇਲਾਵਾ ਵਿਧਵਾ ਪਤਨੀ ਸਮੇਤ ਦੋ ਛੋਟੇ ਛੋਟੇ ਬੱਚੇ ਛੱਡ ਗਿਆ। ਮੌਤ ਦੀ ਖ਼ਬਰ ਸੁਣਦੇ ਸਾਰ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਇਸ ਮੌਕੇ ਪਰਵਾਰਕ ਮੈਂਬਰਾਂ, ਪਿੰਡ ਵਾਸੀਆਂ ਨੇ ਭਾਰਤ ਤੇ ਸੂਬਾ ਸਰਕਾਰ, ਵਿਦੇਸ਼ ਮੰਤਰਾਲੇ ਕੋਲੋਂ ਮੰਗ ਕੀਤੀ ਕਿ ਮ੍ਰਿਤਕ ਦੇਹ ਨੂੰ ਪੰਜਾਬ ਲਿਆਂਦਾ ਜਾਵੇ ਤੇ ਆਰਥਿਕ ਤੌਰ 'ਤੇ ਸਹਾਇਤਾ ਕੀਤੀ ਜਾਵੇ।

## ਪੱਤਰਕਾਰ ਜਗਤਰ ਜੱਗੀ ਨੂੰ ਸਦਮਾ, ਮਾਮੇ ਦੇ ਮੁੰਡੇ ਦਾ ਦੇਹਾਂਤ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਨੂਰਪੁਰਬੇਦੀ ਤੋਂ ਪੱਤਰਕਾਰ ਜਗਤਾਰ ਜੱਗੀ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਮੇ ਦਾ ਲੜਕਾ ਰਾਮ ਸਰੂਪ ਉਰਫ ਛੋਟੂ (45) ਪੁੱਤਰ ਸਵ: ਸ੍ਰੀ ਕਰਮ ਚੰਦ ਫੌਜੀ ਪਿੰਡ ਪੋਜੇਵਾਲ (ਨਵਾਂਸ਼ਹਿਰ) ਆਪਣੀ ਸੰਖੇਪ ਬਿਮਾਰੀ ਕਾਰਨ ਬੀਤੇ ਕੱਲ੍ਹ ਗੁਰੂ ਚਰਨਾਂ ਵਿੱਚ ਜਾ ਬਿਰਾਜੇ, ਜਿਨ੍ਹਾ ਦਾ ਅੰਤਿਮ ਸੰਸਕਾਰ ਪਿੰਡ ਦੇ ਸ਼ਮਸ਼ਾਨ ਘਾਟ ਵਿਚ ਕਰ ਦਿੱਤਾ ਗਿਆ। ਅੰਤਿਮ ਅਰਦਾਸ 29 ਨਵੰਬਰ ਨੂੰ ਪਿੰਡ ਪੋਜੇਵਾਲ ਸਥਿਤ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਵਿਖੇ ਦੁਪਹਿਰ 1 ਵਜੇ ਹੋਵੇਗੀ।

## ਸੂਬੇ ਦੀ ਜਨਤਾ ਨੇ ਆਪ ਸਰਕਾਰ ਦੀਆਂ ਨੀਤੀਆਂ 'ਤੇ ਮੋਹਰ ਲਗਾਈ : ਭਾਟੀਆ



**ਫਗਵਾੜਾ (ਡਾ. ਰਮਨ)** ਚੱਬੇਵਾਲ ਵਿਧਾਨ ਸਭਾ ਸੀਟ 'ਤੇ ਜਿਮਨੀ ਚੋਣ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਇਸ਼ਾਂਕ ਕੁਮਾਰ ਨੂੰ 28690 ਵੋਟਾਂ ਨਾਲ ਮਿਲੀ ਸ਼ਾਨਦਾਰ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਪ ਪਾਰਟੀ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਭਾਟੀਆ ਨੇ ਕਿਹਾ ਕਿ ਡਾ. ਇਸ਼ਾਂਕ ਦੇ ਪਿਤਾ ਅਤੇ ਹੁਸ਼ਿਆਰਪੁਰ ਲੋਕ ਸਭਾ ਹਲਕੇ ਤੋਂ ਆਪ ਪਾਰਟੀ ਦੇ ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ ਚੱਬੇਵਾਲ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਸਰਕਾਰ ਦੀ ਮੱਦਦ ਨਾਲ ਖੇਤਰ ਦਾ ਜੋ ਵਿਕਾਸ ਕਰਵਾਇਆ ਹੈ, ਇਹ ਜਿੱਤ ਉਸ ਨੂੰ ਲੈ ਕੇ ਜਨਤਾ ਦੀ ਸੰਤੁਸ਼ਟੀ ਦਾ ਪ੍ਰਗਟਾਵਾ ਹੈ। ਇਸ ਦੌਰਾਨ ਉਹਨਾਂ ਪੰਜਾਬ ਦੀਆਂ ਕੁੱਲ 4 ਵਿਚੋਂ 3 ਵਿਧਾਨ ਸਭਾ ਸੀਟਾਂ 'ਤੇ ਜਿਮਨੀ ਚੋਣ 'ਚ ਜਿੱਤ ਦਾ ਸਿਹਰਾ ਸੂਬਾ ਸਰਕਾਰ ਦੀ ਵਧੀਆ ਕਾਰਗੁਜਾਰੀ ਅਤੇ ਸੀਨੀਅਰ ਲੀਡਰਸ਼ਿਪ ਦੀ ਕਾਰਗਰ ਚੋਣ ਰਣਨੀਤੀ ਸਿਰ ਸਜਾਇਆ। ਉਹਨਾਂ ਕਿਹਾ ਕਿ ਸੂਬੇ ਦੀ ਜਨਤਾ ਨੇ ਇੱਕ ਵਾਰ ਫਿਰ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਪ ਸਰਕਾਰ ਦੀਆਂ ਪੰਜਾਬ ਪੱਖੀ ਨੀਤੀਆਂ ਤੇ ਮੋਹਰ ਲਗਾਈ ਹੈ।ਉਹਨਾਂ ਨੇ ਕਿਹਾ ਕਿ ਜਿਮਨੀ ਚੋਣ ਨਤੀਜੇ ਆਉਂਦੀਆਂ ਕਾਰਪੋਰੇਸ਼ਨ ਚੋਣਾਂ ਦੇ ਨਤੀਜਿਆਂ ਦੀ ਤਸਵੀਰ ਪੇਸ਼ ਕਰਦੇ ਹਨ ਅਤੇ ਦੱਸਦੇ ਹਨ ਕਿ ਕਾਰਪੋਰੇਸ਼ਨ ਚੋਣਾਂ 'ਚ ਵੀ ਵਿਰੋਧੀ ਧਿਰਾਂ ਦੀ ਇਸੇ ਤਰ੍ਹਾਂ ਹਾਰ ਹੋਣ ਵਾਲੀ ਹੈ।

# ਵਿਰਕ 'ਚ ਪੰਚਾਇਤ ਤੇ ਪੁਲਸ ਵੱਲੋਂ ਨਸ਼ੇ ਖਿਲਾਫ ਸੈਮੀਨਾਰ



**ਅੱਪਰਾ (ਨਿਰਮਲ ਗੁੜਾ)**- ਮੈਂ ਸਰਪੰਚ ਹੋਣ ਦੇ ਨਾਤੇ ਨਸ਼ਾ ਵੇਚਣ ਵਾਲਿਆਂ ਦਾ ਨਾਮ ਸਿੱਧੇ ਤੌਰ 'ਤੇ ਸੀਨੀਅਰ ਪੁਲਸ ਅਫਸਰਾਂ ਨੂੰ ਦੱਸਾਂਗਾ ਤੇ ਸਖਤ ਕਨੂੰਨੀ ਕਾਰਵਾਈ ਕਰਵਾਵਾਂਗਾ, ਇਸ ਲਈ ਇਹ ਪਹਿਲੀ ਤੇ ਆਖਰੀ ਚਿਤਾਵਨੀ ਹੈ, ਜੋ ਵੀ ਪਿੰਡ ਵਿੱਚ ਅਤੇ ਇਲਾਕੇ ਵਿੱਚ ਨਸ਼ਾ ਵੇਚਦਾ ਹੈ, ਉਹ ਆਪੇ ਹੀ ਇਹ ਕੰਮ ਬੰਦ ਕਰ ਦੇਣ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪਿੰਡ ਵਿਰਕ ਦੇ ਨਵੇਂ ਬਣੇ ਸਰਪੰਚ ਸੁਮੀਤ ਕੁਮਾਰ (ਲਾਡੀ ਬਸਰਾ) ਨੇ ਪਿੰਡ ਵਿਰਕ ਵਿਖੇ ਸੀਨੀਅਰ ਪੁਲਸ ਅਫਸਰ, ਗ੍ਰਾਮ ਪੰਚਾਇਤ, ਇਲਾਕੇ ਭਰ ਦੇ ਸਰਪੰਚ, ਪੰਚ ਅਤੇ ਨਗਰ ਨਿਵਾਸੀਆਂ ਦੀ ਹਾਜ਼ਰੀ ਵਿੱਚ ਜੋਸ਼ ਭਰੇ ਸ਼ਬਦਾਂ ਨਾਲ ਸੰਬੋਧਨ ਕਰਦਿਆਂ ਕੀਤਾ। ਅੱਜ ਨਸ਼ਿਆਂ ਦੇ ਵਿਰੁੱਧ ਪਿੰਡ ਦੀ ਨਵੀਂ ਚੁਣੀ ਗਈ ਪੰਚਾਇਤ ਵਲੋਂ ਪੰਜਾਬ ਪੁਲਸ ਦੀ ਸਹਾਇਤਾ ਨਾਲ ਇੱਕ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ, ਜਿਥੇ ਐੱਸ ਪੀ ਹੈੱਡਕਵਾਟਰ ਜਲੰਧਰ ਮੁਖ਼ਤਿਆਰ ਰਾਏ, ਡੀ ਐੱਸ ਪੀ ਫਿਲੌਰ ਸਰਵਨ ਸਿੰਘ ਬੱਲ, ਹੈਡ ਮੁਨਸ਼ੀ ਥਾਣਾ ਗੁਰਾਇਆ ਜਗਦੀਸ਼ ਢੰਡ, ਚੌਂਕੀ ਇੰਚਾਰਜ ਦੋਸਾਂਝ ਕਲਾਂ ਸੁਭਾਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਪੁੱਜੇ।ਇਸ ਮੌਕੇ ਐੱਸ ਪੀ ਮੁਖਤਿਆਰ ਰਾਏ ਨੇ ਨਗਰ ਨਿਵਾਸੀਆਂ ਅਤੇ ਇਲਾਕੇ ਦੀਆਂ ਪੰਚਾਇਤਾਂ ਨੂੰ ਦੱਸਿਆ ਕਿ ਸਰਕਾਰ ਵੱਲੋਂ ਨਸ਼ਾ ਰੋਕੂ ਅਤੇ ਨਸ਼ਾ ਛੁਡਾਊ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਅਗਰ ਤੁਸੀਂ ਨਸ਼ਾ ਵੇਚਣ ਵਾਲਿਆਂ ਦੇ ਨਾਮ ਸਾਨੂੰ ਦੱਸੋਗੇ ਤਾਂ ਤੁਹਾਡਾ ਨਾਮ ਗੁਪਤ ਰੱਖ ਕੇ ਗਲਤ ਅਨਸਰਾਂ 'ਤੇ ਸਖ਼ਤ ਕਾਰਵਾਈ ਹੋਵੇਗੀ । ਅਗਰ ਕੋਈ ਨਸ਼ਾ ਛਡਣਾ ਚਾਹੁੰਦਾ ਹੈ ਤਾਂ ਉਸ ਦੀ ਵੀ ਪੂਰੀ ਸਹਾਇਤਾ ਕੀਤੀ ਜਾਵੇਗੀ। ਡੀ ਐੱਸ ਪੀ ਫਿਲੌਰ ਸਰਵਨ ਸਿੰਘ ਬੱਲ ਨੇ ਵੀ ਪੰਚਾਇਤਾਂ ਨੂੰ ਪੂਰਨ ਭਰੋਸਾ ਦਿਵਾਇਆ ਕਿ ਸਾਡਾ ਸਾਥ ਦਿਓ ਤੁਹਾਡਾ ਨਾਮ ਗੁਪਤ ਰੱਖਿਆ ਜਾਵੇਗਾ ਤੇ ਨਸ਼ੇ ਦੇ ਸੌਦਾਗਰਾਂ ਨੂੰ ਬਖਸ਼ਿਆ ਨਹੀਂ ਜਾਏਗਾ। ਉਨ੍ਹਾਂ ਦੱਸਿਆ ਕਿ ਹੁੱਲੜਬਾਜ਼ੀ ਕਰਨ ਵਾਲਿਆਂ 'ਤੇ ਵੀ ਨੱਥ ਪਾਈ ਜਾਵੇਗੀ। ਆਖਿਰ 'ਚ ਸਰਪੰਚ ਸੁਮੀਤ ਬਸਰਾ ਲਾਡੀ ਨੇ ਸਭ ਆਏ ਹੋਏ ਪੁਲਸ ਪ੍ਰਸ਼ਾਸਨ ਅਤੇ ਇਲਾਕਾ ਨਿਵਾਸੀ ਪੰਚਾਂ ਸਰਪੰਚਾਂ, ਨਗਰ ਵਿਰਕ ਦੇ ਨਿਵਾਸੀਆਂ ਦਾ ਧੰਨਵਾਦ ਕੀਤਾ ਅਤੇ ਇਸ ਨਸ਼ੇ ਦੇ ਕੋਹੜ ਨੂੰ ਜੜ੍ਹ ਤੋਂ ਖ਼ਤਮ ਕਰਨ ਦੀ ਅਪੀਲ ਕੀਤੀ ।ਇਸ ਮੌਕੇ ਨਿਰਮਲ ਕੁਮਾਰ ਨਵੀ ਸਰਪੰਚ ਦੋਸਾਂਝ ਕਲਾਂ, ਗੁਰਦੀਪ ਦੀਪਾ ਸਰਪੰਚ ਪੱਦੀ ਖ਼ਾਲਸਾ, ਜਸਬੀਰ ਕੁਮਾਰ ਸਰਪੰਚ ਇੰਦਨਾਂ ਕਲਾਸਕੇ, ਕੁਲਵੀਰ ਸਿੰਘ ਸਾਬਕਾ ਪੰਚ, ਕਸ਼ਮੀਰ ਸਿੰਘ, ਮੱਖਣ ਰਾਮ ਬੱਬੂ ਪ੍ਰਧਾਨ, ਬਿੰਦਰ ਕੌਰ ਪੰਚ, ਕਾਂਤਾ ਰਾਣੀ ਪੰਚ, ਪਰਮਜੀਤ ਪੰਮਾ ਪ੍ਰਧਾਨ ਏਕਤਾ ਇਨਕਲੇਵ, ਅਭਿਸ਼ੇਕ ਯੂਥ ਪ੍ਰਧਾਨ, ਡਾ੍ ਪਵਿੱਤਰ ਕੁਮਾਰ, ਮੋਹਣ ਲਾਲ ਅਤੇ ਹੋਰ ਨਗਰ ਨਿਵਾਸੀ ਵੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਨਿਹੱਥੇ ਕਿਸਾਨਾਂ 'ਤੇ ਲਾਠੀਚਾਰਜ ਕਰਨਾ ਪੂਰੀ ਤਰ੍ਹਾਂ ਗੈਰ ਕਾਨੂੰਨੀ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬਠਿੰਡਾ ਜ਼ਿਲ੍ਹੇ ਵਿੱਚ ਦੀ ਗੁਜ਼ਰਨ ਵਾਲੇ ਭਾਰਤਮਾਲਾ ਸੜਕ ਮਾਰਗ ਲਈ ਕਬਜ਼ੇ 'ਚ ਕੀਤੀ ਤਿੰਨ ਪਿੰਡਾਂ ਦੀ ਜ਼ਮੀਨ 'ਤੇ ਕਬਜ਼ਾ ਕਰਨ ਲਈ ਅੱਗੇ ਵਧ ਰਹੇ ਕਿਸਾਨਾਂ ਨੂੰ ਰੋਕਣ ਲਈ ਪੁਲਸ ਵਲੋਂ ਲਾਠੀਚਾਰਜ ਕਰਨਾ ਤੇ ਅੱਥਰੂ ਗੈਸ ਦੇ ਗੋਲੇ ਦਾਗਣੇ ਬਹੁਤ ਹੀ ਨਿੰਦਣਯੋਗ ਗੱਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਬੇਗਮਪੁਰਾ ਟਾਈਗਰ ਫੋਰਸ ਦੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਪੱਤਰਕਾਰਾਂ ਨਾਲ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਹ ਕਾਰਵਾਈ ਪੂਰੀ ਤਰ੍ਹਾਂ ਗੈਰ ਕਾਨੂੰਨੀ ਗੈਰ ਜਮਹੂਰੀ ਅਤੇ ਗੈਰ ਵਾਜਬ ਹੈ। ਉਨ੍ਹਾਂ ਕਿਹਾ ਕਿ ਕਿਸਾਨ ਆਪਣੀ ਜ਼ਮੀਨ ਦਾ ਢੁਕਵਾ ਮੁਆਵਜ਼ਾ ਮੰਗਣ ਲਈ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਹਨ। ਸਰਕਾਰ ਨੂੰ ਅਜਿਹੀ ਭਾਰੀ ਤਾਕਤ ਵਰਤਣ ਦੀ ਬਜਾਏ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਧੀਰਜ ਨਾਲ ਸੁਣਨਾ ਚਾਹੀਦਾ ਸੀ ਅਤੇ ਉਨ੍ਹਾਂ ਨੂੰ ਭਰੋਸੇ ਵਿੱਚ ਲੈਣਾ ਚਾਹੀਦਾ ਸੀ। ਸਰਕਾਰ ਨੇ ਕਿਸਾਨਾਂ ਦੀਆਂ ਸਾਰੀਆਂ ਬਕਾਇਆ ਰਕਮਾਂ ਨੂੰ ਕਲੀਅਰ ਕਰਨ ਦੀ ਬਜਾਏ ਕਿਸਾਨਾਂ ਨੂੰ ਸਬਕ ਸਿਖਾਉਣ ਦਾ ਰਾਹ ਚੁਣਿਆ ਜੋ ਕਿ ਸਰਾਸਰ ਗਲਤ ਹੈ। ਬੇਗਮਪੁਰਾ ਟਾਈਗਰ ਫੋਰਸ ਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਸਾਰੇ ਕਿਸਾਨਾਂ ਨੂੰ ਬਕਾਇਆ ਮੁਆਵਜ਼ਾ ਦਿੱਤਾ ਜਾਵੇ ਅਤੇ ਗ੍ਰਿਫਤਾਰ ਕੀਤੇ ਗਏ ਸਾਰੇ ਕਿਸਾਨਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਉਨ੍ਹਾਂ ਕਿਹਾ ਕਿ ਇਸ ਵਹਿਸ਼ੀਆਨਾ ਢੰਗ ਨਾਲ ਲਾਠੀਚਾਰਜ ਕਰਨ ਦੀ ਜ਼ਿੰਮੇਵਾਰੀ ਤੈਅ ਕਰਨ ਵਾਲੇ ਅਫਸਰ ਦੇ ਜਾਂਚ ਦੇ ਹੁਕਮ ਦਿੱਤੇ ਜਾਣੇ ਚਾਹੀਦੇ ਹਨ। ਉਨ੍ਹਾਂ ਅੰਤ 'ਚ ਕਿਹਾ ਕਿ ਬੇਗਮਪੁਰਾ ਟਾਈਗਰ ਫੋਰਸ ਇੱਕ ਰਜਿ. ਜਥੇਬੰਦੀ ਹੈ ਅਤੇ ਫੋਰਸ ਵਿੱਚੋਂ ਕੁਝ ਕੱਢੇ ਹੋਏ ਲੋਕ ਅਜੇ ਵੀ ਸ਼ਾਸਨ ਪ੍ਰਸ਼ਾਸਨ ਨੂੰ ਬੇਗਮਪੁਰਾ ਟਾਈਗਰ ਫੋਰਸ ਦੇ ਨਾਮ 'ਤੇ ਧਮਕਾ ਰਹੇ ਹਨ ਅਤੇ ਫੋਰਸ ਦਾ ਨਾਮ ਲੈ ਕੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ। ਉਨ੍ਹਾਂ ਸ਼ਾਸਨ ਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਹੋ ਜਿਹੇ ਲੋਕਾਂ 'ਤੇ ਤੁਰੰਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਰਾਜਪਾਲ ਨੇ ਅੰਤਰਰਾਸ਼ਟਰੀ ਗੀਤਾ ਮਹੋਤਸਵ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਆ ਨੇ ਸ਼ਨੀਵਾਰ ਨੂੰ ਮੁੱਖ ਮੰਤਰੀ ਨਾਇਬ ਸਿੰਘ ਦੀ ਵਿਸ਼ੇਸ਼ ਮੌਜੂਦਗੀ ਵਿੱਚ ਕੁਰੂਕਸ਼ੇਤਰ ਵਿੱਚ 28 ਨਵੰਬਰ ਤੋਂ 15 ਦਸੰਬਰ, 2024 ਤੱਕ ਹੋਣ ਵਾਲੇ ਅੰਤਰਰਾਸ਼ਟਰੀ ਗੀਤਾ ਮਹੋਤਸਵ ਦੀਆਂ ਤਿਆਰੀਆਂ ਦੇ ਸਬੰਧ ਵਿੱਚ ਇੱਕ ਸਮੀਖਿਆ ਬੈਠਕ ਦੀ ਪ੍ਰਧਾਨਗੀ ਕੀਤੀ। ਇਸ ਵਾਰ ਓਡੀਸ਼ਾ ਅੰਤਰਰਾਸ਼ਟਰੀ ਗੀਤਾ ਮਹੋਤਸਵ ਲਈ ਸਹਿਭਾਗੀ ਰਾਜ ਹੈ, ਜਦੋਂ ਕਿ ਸੰਯੁਕਤ ਗਣਰਾਜ ਤਨਜ਼ਾਨੀਆ ਸਹਿਭਾਗੀ ਦੇਸ਼ ਹੈ। ਦੱਤਾਤ੍ਰੇਯ ਨੇ ਅੰਤਰਰਾਸ਼ਟਰੀ ਗੀਤਾ ਮਹੋਤਸਵ ਨੂੰ ਸਮਾਜਿਕ ਸਮਾਗਮ ਬਣਾਉਣ ਲਈ ਹੋਰ ਉਪਰਾਲੇ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕੌਮਾਂਤਰੀ ਗੀਤਾ ਮਹਾਉਤਸਵ ਨੂੰ ਹੌਲੀ-ਹੌਲੀ ਸਮਾਜਿਕ ਸਮਾਗਮ ਬਣਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ, ਜਿੱਥੇ ਸੂਬਾ ਸਰਕਾਰ ਨੂੰ ਸਹਿਯੋਗੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਮਹਾਉਤਸਵ ਸਬੰਧੀ ਹਰ ਤਰ੍ਹਾਂ ਦਾ ਪ੍ਰਬੰਧ ਸਮਾਜ ਦੇ ਵੱਖ-ਵੱਖ ਹਿੱਸੇਦਾਰਾਂ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਰਾਜਪਾਲ ਨੇ ਕਿਹਾ ਕਿ ਅੰਤਰਰਾਸ਼ਟਰੀ ਗੀਤਾ ਮਹਾਉਤਸਵ ਵਿੱਚ ਦੇਸ਼ ਭਰ ਦੀਆਂ ਪ੍ਰਮੁੱਖ ਅਧਿਆਤਮਿਕ ਸ਼ਖ਼ਸੀਅਤਾਂ ਨੂੰ ਵੀ ਸੱਦਾ ਦਿੱਤਾ ਜਾਣਾ ਚਾਹੀਦਾ ਹੈ। ਇਸ ਮਹਾਨ ਅਧਿਆਤਮਕ ਸਮਾਗਮ ਬਾਰੇ ਵੱਧ ਤੋਂ ਵੱਧ ਜਾਣਕਾਰੀ ਭਾਰਤ ਦੇ ਦੱਖਣੀ ਰਾਜਾਂ ਵਿੱਚ ਵੀ ਫੈਲਾਈ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉੱਘੀਆਂ ਰੂਹਾਨੀ ਸ਼ਖ਼ਸੀਅਤਾਂ ਨੂੰ ਸੱਦਾ ਦੇ ਕੇ ਅਤੇ ਡਿਜੀਟਲ ਪਲੇਟਫਾਰਮ ਦੀ ਵੱਧ ਤੋਂ ਵੱਧ ਵਰਤੋਂ ਕਰਕੇ ਅਸੀਂ ਇਸ ਸਮਾਗਮ ਦੀ ਪਹੁੰਚ ਨੂੰ ਹੋਰ ਵਧਾ ਸਕਦੇ ਹਾਂ।ਮੀਟਿੰਗ ਦੌਰਾਨ ਮੁੱਖ ਮੰਤਰੀ ਸੈਣੀ ਨੇ ਅੰਤਰਰਾਸ਼ਟਰੀ ਗੀਤਾ ਮਹੋਤਸਵ ਦੇ ਆਯੋਜਨ ਵਿੱਚ ਵੱਧ ਤੋਂ ਵੱਧ ਹਿੱਸੇਦਾਰਾਂ ਨੂੰ ਸ਼ਾਮਲ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਇਸ ਮਹਾਉਤਸਵ ਵਿੱਚ ਨਿਰੰਕਾਰੀ ਮਿਸ਼ਨ, ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ, ਐਨ.ਸੀ.ਸੀ. ਕੈਡਿਟਸ ਅਤੇ ਐਨ.ਐਸ.ਐਸ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਮੀਟਿੰਗ ਵਿੱਚ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ , ਮੁੱਖ ਸਕੱਤਰ ਡਾ: ਵਿਵੇਕ ਜੋਸ਼ੀ ਅਤੇ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਭਾਰਤ ਭੂਸ਼ਣ ਭਾਰਤੀ ਨੇ ਵੀ ਆਪਣੇ ਕੀਮਤੀ ਸੁਝਾਅ ਸਾਂਝੇ ਕੀਤੇ। ਇਨ੍ਹਾਂ ਤੋਂ ਇਲਾਵਾ ਸੂਚਨਾ, ਲੋਕ ਸੰਪਰਕ, ਭਾਸ਼ਾ ਅਤੇ ਸੱਭਿਆਚਾਰ ਵਿਭਾਗ ਦੇ ਡਾਇਰੈਕਟਰ ਜਨਰਲ ਕੇ. ਮਕਰੰਦ ਪਾਂਡੁਰੰਗ ਨੇ ਰਾਜਪਾਲ ਅਤੇ ਮੁੱਖ ਮੰਤਰੀ ਨੂੰ ਅੰਤਰਰਾਸ਼ਟਰੀ ਗੀਤਾ ਮਹੋਤਸਵ ਲਈ ਕੀਤੇ ਜਾ ਰਹੇ ਪ੍ਰਚਾਰ ਕਾਰਜਾਂ ਦੀ ਜਾਣਕਾਰੀ ਦਿੱਤੀ।ਮੀਟਿੰਗ ਵਿੱਚ ਵਿਰਾਸਤ ਅਤੇ ਸੈਰ ਸਪਾਟਾ ਵਿਭਾਗ ਦੀ ਪ੍ਰਮੁੱਖ ਸਕੱਤਰ ਸ੍ਰੀਮਤੀ ਕਾਲਾ ਰਾਮਚੰਦਰਨ, ਰਾਜਪਾਲ ਦੇ ਸਕੱਤਰ ਅਤੁਲ ਦਿਵੇਦੀ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਜ਼ਿਮਨੀ ਚੋਣਾਂ 'ਚ ਜਿੱਤ ਮਾਨ ਸਰਕਾਰ ਦੇ ਚੰਗੇ ਕੰਮਾਂ ਦਾ ਨਤੀਜਾ : ਜੱਸੀ ਸੋਹੀਆਂ ਵਾਲਾ



**ਨਾਭਾ (ਵਰਿੰਦਰ ਵਰਮਾ)**-ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਜ਼ਿਮਨੀ ਚੋਣਾਂ ਵਿੱਚ ਆਪ ਦੀ ਹੋਈ ਜਿੱਤ 'ਤੇ ਵਰਕਰਾਂ ਨਾਲ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਹੋਈਆਂ ਜ਼ਿਮਨੀ ਚੋਣਾਂ ਵਿੱਚ ਵਿਧਾਨ ਸਭਾ ਹਲਕਾ ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਤੋਂ ਆਪ ਉਮੀਦਵਾਰਾਂ ਦੀ ਹੋਈ ਸ਼ਾਨਦਾਰ ਜਿੱਤ ਪੰਜਾਬ ਵਿੱਚ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਸੂਬੇ ਦੇ ਵਿਕਾਸ ਕਾਰਜਾਂ ਤੇ ਲੋਕਾਂ ਨੂੰ ਮਿਲ ਰਹੀਆਂ ਸਹੂਲਤਾਂ ਦਾ ਨਤੀਜਾ ਹੈ।ਉਨ੍ਹਾ ਕਿਹਾ ਕਿ ਸੂਬੇ ਦੇ ਲੋਕਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਹੀ ਲੋਕ ਹਿਤੈਸ਼ੀ ਹੈ, ਜੋ ਸੂਬੇ ਦੇ ਲੋਕਾਂ ਨੂੰ ਬਣਦੀਆਂ ਸੁੱਖ ਸਹੂਲਤਾਂ ਦੇਣ ਵਿੱਚ ਕਾਮਯਾਬ ਹੋਈ ਹੈ ਅਤੇ ਸਰਕਾਰ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਲੋਕ ਬੇਹੱਦ ਖੁਸ਼ ਹਨ।ਚੇਅਰਮੈਨ ਜੱਸੀ ਨੇ ਕਿਹਾ ਕਿ ਜ਼ਿਮਨੀ ਚੋਣਾਂ ਵਿੱਚ ਹੋਈ ਸ਼ਾਨਦਾਰ ਜਿੱਤ ਦਾ ਸਿਹਰਾ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਜਾਂਦਾ ਹੈ, ਜੋ ਮੁੜ ਤੋਂ ਪੰਜਾਬ ਨੂੰ ਤਰੱਕੀ ਦੀ ਲੀਹ 'ਤੇ ਪਾਉਣ ਵਿੱਚ ਕਾਮਯਾਬ ਹੋਏ ਹਨ ਅਤੇ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਦਿਨ ਰਾਤ ਮਿਹਨਤ ਕਰ ਰਹੇ ਹਨ।ਉਨ੍ਹਾ ਇਸ ਜਿੱਤ ਲਈ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਰਾਸ਼ਟਰੀ ਸੰਗਠਨ ਇੰਚਾਰਜ ਸੰਦੀਪ ਪਾਠਕ ਮੈਂਬਰ ਪਾਰਲੀਮੈਂਟ, ਸੂਬਾ ਪ੍ਰਧਾਨ ਅਮਨ ਅਰੋੜਾ ਕੈਬਨਿਟ ਮੰਤਰੀ ਪੰਜਾਬ ਸਮੇਤ ਸਮੁੱਚੀ ਪਾਰਟੀ ਹਾਈਕਮਾਨ ਤੇ ਵਲੰਟੀਅਰਾਂ ਨੂੰ ਵਧਾਈ ਦਿੱਤੀ।

## ਕੁਸ਼ਤੀ ਅਖਾੜਾ ਧੂੜਕੋਟ ਦੇ ਭਲਵਾਨ ਬਣੇ ਪੰਜਾਬ ਚੈਂਪੀਅਨ




**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਿਛਲੇ ਦਿਨੀਂ ਪੰਜਾਬ ਵਿੱਚ ਚੱਲ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦੇ ਸੂਬਾ ਪੱਧਰੀ ਕੁਸ਼ਤੀ ਮੁਕਾਬਲਿਆਂ ਵਿੱਚ ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਧੂੜਕੋਟ ਰਣਸੀਂਹ ਵਿਖੇ ਚੱਲ ਰਹੇ 'ਬਾਬਾ ਸ਼ੇਖ ਫ਼ਰੀਦ ਕੁਸ਼ਤੀ ਅਖਾੜਾ' ਦੀਆਂ ਦੋ ਸੀਨੀਅਰ ਪਹਿਲਵਾਨ ਖਿਡਾਰਨਾਂ ਰੁਪਿੰਦਰ ਤੇ ਕਿਰਨ ਨੇ ਸੂਬਾ ਪੱਧਰੀ ਮੁਕਾਬਲਿਆਂ ਵਿੱਚ ਦੋ ਗੋਲਡ ਮੈਡਲ ਹਾਸਲ ਕਰ ਆਪਣੇ ਅਖਾੜੇ, ਕੋਚ ਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ।ਦੋ ਗੋਲਡ ਤੋਂ ਇਲਾਵਾ ਇੱਕ ਚਾਂਦੀ ਦਾ ਤਗਮਾ ਵੀ ਅਖਾੜੇ ਦੀ ਝੋਲੀ ਪਾਇਆ।ਇਸ ਪ੍ਰਕਾਰ ਅਖਾੜੇ ਦੀਆਂ ਦੋ ਬੇਟੀਆਂ ਪੰਜਾਬ ਚੈਂਪੀਅਨ ਬਣ ਗਈਆਂ। ਖਿਡਾਰਨਾਂ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਇਲਾਕੇ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਖਿਡਾਰਨਾਂ, ਕੋਚ ਸਾਹਿਬਾਨ ਤੇ ਮਾਪਿਆਂ ਨੂੰ ਵਧਾਈ ਦਿੱਤੀ।ਇਸ ਮੌਕੇ ਅਖਾੜੇ ਦੇ ਪ੍ਰਧਾਨ ਡਾਕਟਰ ਹਰਗੁਰਪ੍ਰਤਾਪ ਸਿੰਘ, ਮੀਤ ਪ੍ਰਧਾਨ ਮਾਸਟਰ ਰਵਿੰਦਰ ਸਿੰਘ ਧੂੜਕੋਟ, ਸੁਪਰਸਤ ਬਾਬਾ ਚਮਕੌਰ ਸਿੰਘ, ਸਕੱਤਰ ਛਿੰਦਰ ਸਿੰਘ ਧੂੜਕੋਟ, ਐਡਵੋਕੇਟ ਦਲਜੀਤ ਸਿੰਘ ਧੂੜਕੋਟ, ਮੁਖਤਿਆਰ ਸਿੰਘ ਧੂੜਕੋਟ, ਰਾਮਾ ਦਾਦਾ ਧੂੜਕੋਟ ਨੇ ਵੀ ਖਿਡਾਰਨਾਂ ਦੇ ਪੰਜਾਬ ਚੈਂਪੀਅਨ ਬਣਨ 'ਤੇ ਕੋਚ ਜਗਦੀਪ ਸਿੰਘ ਨੂੰ ਵਧਾਈ ਦਿੱਤੀ।ਇਸ ਤੋਂ ਇਲਾਵਾ ਮੋਗਾ ਕੁਸ਼ਤੀ ਸੰਸਥਾ ਦੇ ਮੀਤ ਪ੍ਰਧਾਨ ਡਾਕਟਰ ਫਕੀਰ ਮੁਹੰਮਦ, ਡਾਕਟਰ ਗੁਰਬਖਿੰਦਰ ਸਿੰਘ, ਜਗਸੀਰ ਸਿੰਘ ਢੁੱਡੀਕੇ, ਕਾਮਰੇਡ ਜੀਵਨ ਸਿੰਘ ਬਿਲਾਸਪੁਰ, ਚਮਕੌਰ ਸਿੰਘ ਘੋਲੀਆ ਨੇ ਵੀ ਵਧਾਈ ਸੰਦੇਸ਼ ਭੇਜਿਆ।

## ਗੁਰਤੇਜ ਸਿੰਘ ਨੇ ਪਬਲਿਕ ਸਕੂਲ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਸਮਾਜ ਸੇਵੀ ਵਿੱਦਿਅਕ ਸੰਸਥਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਟਰੱਸਟ ਹਾਮਝੇੜੀ ਦੇ ਪ੍ਰਿੰਸੀਪਲ ਗੁਰਨਾਮ ਸਿੰਘ ਜੱਜ ਦੇ ਸੇਵਾ ਮੁਕਤ ਹੋ ਜਾਣ ਮਗਰੋਂ ਨਵੇਂ ਆਏ ਪ੍ਰਿੰਸੀਪਲ ਗੁਰਤੇਜ ਸਿੰਘ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ।ਨਵ-ਨਿਯੁਕਤ ਪ੍ਰਿੰਸੀਪਲ ਗੁਰਤੇਜ ਸਿੰਘ ਦਾ ਮੈਨੇਜਮੈਂਟ ਦੇ ਮੈਂਬਰਾਂ ਤੇ ਸਕੂਲ ਸਟਾਫ ਨੇ ਭਰਵਾਂ ਸਵਾਗਤ ਕੀਤਾ। ਸਕੂਲ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਮੋਹਨ ਸਿੰਘ ਸਿੱਧੂ ਨੇ ਦੱਸਿਆ ਕਿ ਮਰਹੂਮ ਸਮਾਜਸੇਵੀ ਕਾਮਰੇਡ ਹਰਪਾਲ ਸਿੰਘ ਘੱਗਾ ਤੇ ਉਨ੍ਹਾਂ ਦੇ ਸਾਥੀਆਂ ਲੰਮਾ ਸਮਾਂ ਟਰੱਸਟ ਦੇ ਪ੍ਰਧਾਨ ਰਹੇ ਸਵਰਗੀ ਸਤਪਾਲ ਸਿੰਗਲਾ, ਸ਼ਾਮ ਲਾਲ, ਬਲਵੀਰ ਕੁਮਾਰ ਤੇ ਜਸਪਾਲ ਸਿੰਗਲਾ ਵੱਲੋਂ ਗ੍ਰਾਮ ਪੰਚਾਇਤ ਹਾਮਝੇੜੀ ਦੇ ਸਹਿਯੋਗ ਨਾਲ ਸਮਾਜ ਸੇਵੀ ਸੰਸਥਾ ਵਜੋਂ ਚਲਾਏ ਜਾ ਰਹੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਇਲਾਕੇ ਦੇ ਨਾਮਵਰ ਵਿੱਦਿਅਕ ਸੰਸਥਾ ਹੈ।ਇਸ ਸਕੂਲ ਵਿੱਚ ਪੜ੍ਹ ਕੇ ਬਹੁਤ ਸਾਰੇ ਵਿਦਿਆਰਥੀ ਕਾਮਯਾਬੀ ਦੇ ਝੰਡੇ ਗੱਡਦਿਆਂ ਵੱਖ-ਵੱਖ ਖੇਤਰਾਂ ਵਿੱਚ ਆਪਣਾ ਨਾਮ ਚਮਕਾਉਣ ਦੇ ਨਾਲ ਨਾਲ ਬਹੁਤ ਸਾਰੇ ਵਿਦਿਆਰਥੀ ਸਰਕਾਰੀ ਨੌਕਰੀਆਂ ਉੱਪਰ ਕੰਮ ਕਰ ਰਹੇ ਹਨ।ਇਸ ਦੌਰਾਨ ਨਵ-ਨਿਯੁਕਤ ਪ੍ਰਿੰਸੀਪਲ ਗੁਰਤੇਜ ਸਿੰਘ ਨੇ ਭਰੋਸਾ ਦਿੱਤਾ ਕਿ ਉਹ ਮੈਨੇਜਮੈਂਟ ਟਰੱਸਟ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਅ ਕੇ ਸੰਸਥਾ ਨੂੰ ਬੁਲੰਦੀਆਂ ਵੱਲ ਲੈ ਕੇ ਜਾਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।ਇਸ ਮੌਕੇ ਸਾਬਕਾ ਸਰਪੰਚ ਹਰਚਰਨ ਸਿੰਘ, ਕ੍ਰਿਸ਼ਨ ਸ਼ਰਮਾ, ਕਾਮਰੇਡ ਮੱਖਣ ਸਿੰਘ, ਬਲਰਾਮ ਸਿੰਘ ਧੌਂਸਾ, ਪਿਆਰਾ ਸਿੰਘ, ਭੁਪਿੰਦਰਜੀਤ ਸਿੰਘ ਤੋਂ ਇਲਾਵਾ ਸਕੂਲ ਸਟਾਫ ਹਾਜ਼ਰ ਸੀ।

## ਸਿਹਤ ਕਰਮਚਾਰੀਆਂ ਵੱਲੋਂ ਡੇਂਗੂ ਵਿਰੋਧੀ ਮੁਹਿੰਮ ਤਹਿਤ ਘਰ-ਘਰ ਦੀ ਚੈਕਿੰਗ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਅਧੀਨ ਡੇਂਗੂ ਵਿਰੋਧੀ ਮੁਹਿੰਮ ਵਿੱਢੀ ਗਈ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਵਾਲੇ ਦਿਨ ਡੇਂਗੂ ਦੀ ਰੋਕਥਾਮ ਲਈ ਡੋਰ-ਟੂ-ਡੋਰ ਚੈਕਿੰਗ ਗਤੀਵਿਧੀ ਲਈ ਹਦਾਇਤ ਕੀਤੀ ਗਈ ਹੈ।ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਹਿੱਤ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਗਤੀਵਿਧੀ ਕਾਰਜ ਸਾਧਕ ਅਫਸਰ ਹਰਨਰਿੰਦਰ ਸਿੰਘ ਤੇ ਸੀਨੀਅਰ ਮੈਡੀਕਲ ਅਫਸਰ ਹਰਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸੁਪਰਡੈਂਟ ਸੈਨੀਟੇਸ਼ਨ ਵਿਸ਼ਨੂੰ ਦੱਤ ਸ਼ਰਮਾ ਤੇ ਸੈਨੇਟਰੀ ਇੰਸਪੈਕਟਰ ਅਸ਼ਵਨੀ ਕੁਮਾਰ ਦੀ ਅਗਵਾਈ ਹੇਠ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਡੇਂਗੂ ਲਾਰਵਿਆਂ ਦੀ ਚੈਕਿੰਗ ਕੀਤੀ ਗਈ।ਇਸ ਚੈਕਿੰਗ ਵਿੱਚ ਹੈਲਥ ਇੰਸਪੈਕਟਰ ਸੁਖਵਿੰਦਰ ਸਿੰਘ, ਸਪਨਾ ਸੀ. ਐੱਚ. ਓ. ਤੇ ਏ.ਐੱਨ.ਐੱਮ. ਕਮਲਪ੍ਰੀਤ ਕੌਰ ਅਤੇ ਅਵਤਾਰ ਕੌਰ, ਕਲਰਕ ਅਨਿਲ ਕੁਮਾਰ ਵੀ ਸ਼ਾਮਲ ਸਨ।ਇਸ ਚੈਕਿੰਗ ਵਿੱਚ ਸਿੱਧੂ ਹਸਪਤਾਲ ਵੱਲੋਂ ਵੋਲੰਟੀਅਰ ਗਰੁੱਪ ਵਿੱਚ ਇਸ ਗਤੀਵਿਧੀ ਵਿੱਚ ਭਾਗ ਲਿਆ ਗਿਆ।ਇਸੇ ਚੈਕਿੰਗ ਦੌਰਾਨ ਜਿਨ੍ਹਾਂ ਥਾਵਾਂ 'ਤੇ ਪਾਣੀ ਖੜਾ ਦਿਖਾਈ ਮਿਲਿਆ ਹੈ।ਉਨ੍ਹਾਂ ਨੂੰ ਖਾਲੀ ਕਰਵਾਇਆ ਗਿਆ ਤੇ ਉੱਥੇ ਦੇ ਨਿਵਾਸੀਆਂ ਨੂੰ ਪਾਣੀ ਨਾ ਖੜਾ ਰਹਿਣ ਬਾਰੇ ਜਾਗਰੂਕ ਕੀਤਾ ਗਿਆ।

## ਸਿਲਵਰ ਓਕਸ ਸਕੂਲ ਵਿਖੇ ਕੁਇਜ਼ ਮੁਕਾਬਲੇ ਕਰਵਾਏ, 30 ਨੂੰ ਹੋਵੇਗਾ ਫਾਈਨਲ ਰਾਊਂਡ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਿਲਵਰ ਓਕਸ ਸਕੂਲ ਰਾਮਪੁਰਾ ਰੋਡ ਬਠਿੰਡਾ ਵਿਖੇ 30 ਨਵੰਬਰ ਨੂੰ ਪਹਿਲੀ ਜਮਾਤ ਤੋਂ ਲੈ ਕੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦੇ ਕੁਇੱਜ਼ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਸਬੰਧੀ 18 ਨਵੰਬਰ ਨੂੰ ਇਸ ਮੁਕਾਬਲੇ ਦਾ ਸ਼ੁਰੂਆਤੀ ਦੌਰ ਸੀ, ਜਿਸ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਫਾਈਨਲ ਰਾਊਂਡ ਲਈ ਚੁਣਿਆ ਗਿਆ, ਜੋ 30 ਨਵੰਬਰ ਨੂੰ ਹੋਵੇਗਾ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਵਿਦਿਆਰਥੀਆਂ ਨੂੰ ਚਾਰ ਹਾਊਸ : ਭਗਤ ਹਾਊਸ, ਆਜ਼ਾਦ ਹਾਊਸ, ਊਧਮ ਹਾਊਸ ਤੇ ਸੁਭਾਸ਼ ਹਾਊਸ ਵਿੱਚ ਵੰਡ ਕੇ ਇਹ ਮੁਕਾਬਲਾ ਕਰਵਾਇਆ ਗਿਆ। ਇਸ ਵਿੱਚ ਵੱਖ-ਵੱਖ ਰਾਊਂਡ ਰੱਖੇ ਗਏ ਜਿਵੇਂ ਆਡੀਓ ਵਿਜ਼ੁਅਲ ਰਾਊਂਡ, ਜਿਸ ਵਿੱਚ ਵਿਦਿਆਰਥੀਆਂ ਨੇ ਆਵਾਜ਼ ਸੁਣ ਕੇ ਤੇ ਤਸਵੀਰ ਪਹਿਚਾਣ ਕੇ ਸਵਾਲਾਂ ਦੇ ਜਵਾਬ ਦੇਣੇ ਸਨ, ਰੈਪਿਡ ਫਾਇਰ ਰਾਊਂਡ, ਜਿਸ ਵਿੱਚ ਸਮੇਂ ਨੂੰ ਮੁੱਖ ਰੱਖਦੇ ਹੋਏ ਵਿਦਿਆਰਥੀਆਂ ਨੇ ਸਵਾਲਾਂ ਦੇ ਜਵਾਬ ਦੇਣੇ ਸਨ ਤੇ ਇਸ ਤੋਂ ਇਲਾਵਾ ਔਰਲ ਰਾਊਂਡ ਰੱਖਿਆ ਗਿਆ।ਵਿਦਿਆਰਥੀਆਂ ਨੇ ਇਸ ਮੁਕਾਬਲੇ ਵਿੱਚ ਆਪਣੇ ਜੋਸ਼ ਦਾ ਪ੍ਰਗਟਾਵਾ ਕੀਤਾ ਤੇ ਕੁਇੱਜ਼ ਮੁਕਾਬਲੇ ਦਾ ਭਰਪੂਰ ਆਨੰਦ ਲਿਆ।ਇਸ ਸਮੇ ਸਕੂਲ ਦੇ ਮੁੱਖ ਅਧਿਆਪਕਾ ਸ੍ਰੀਮਤੀ ਛਾਇਆ ਵਿਨੋਚਾ ਦੁਆਰਾ ਵਿਦਿਆਰਥੀਆਂ ਨੂੰ ਪੁੱਛੇ ਗਏ ਸਵਾਲਾਂ ਦੇ ਜਵਾਬ ਦੇਣ ਲਈ ਪ੍ਰੇਰਿਤ ਕੀਤਾ ਤੇ ਵਿਦਿਆਰਥੀਆਂ ਦੁਆਰਾ ਜਵਾਬ ਦੇਣ 'ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।ਜੇਤੂ ਹਾਊਸ ਨੂੰ ਸਨਮਾਨਤ ਕੀਤਾ ਗਿਆ ਅਤੇ ਭਰੋਸਾ ਦਿਵਾਇਆ ਕਿ ਅੱਗੇ ਤੋਂ ਸਮੇਂ-ਸਮੇਂ 'ਤੇ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਲਈ ਕਰਵਾਏ ਜਾਣਗੇ, ਕਿਉਂਕਿ ਇਸ ਤਰ੍ਹਾਂ ਦੇ ਮੁਕਾਬਲੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਨੂੰ ਉੱਪਰ ਚੁੱਕਣ ਵਿੱਚ ਮਦਦ ਕਰਦੇ ਹਨ।

## ਅਨਾਜ ਇਕੱਠਾ ਕਰ ਰਹੇ ਪਿੰਗਲਾ ਆਸ਼ਰਮ ਦੇ ਸੇਵਾਦਾਰਾਂ ਦੀ ਕੁੱਟਮਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਗਲਾ ਆਸ਼ਰਮ ਦੇ ਨਾਂਅ 'ਤੇ ਪਿੰਡਾਂ 'ਚੋਂ ਅਨਾਜ ਤੇ ਕੱਪੜੇ ਵਗੈਰਾ ਇਕੱਠਾ ਕਰ ਰਹੇ ਵਿਅਕਤੀਆਂ ਦੀ ਕੁੱਟਮਾਰ ਕਰਕੇ ਕੁਝ ਵਿਅਕਤੀਆਂ ਵੱਲੋਂ ਉਨ੍ਹਾਂ ਦੀ ਗੱਡੀ ਖੋਹ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਮਿੱਠੂ ਸਿੰਘ ਵਾਸੀ ਪਟਿਆਲਾ ਨੇ ਦੋਸ਼ ਲਗਾਏ ਕਿ ਪਿੰਗਲਾ ਆਸ਼ਰਮ ਪਟਿਆਲਾ ਦਾ ਸੇਵਾਦਾਰ ਹੋਣ ਦੇ ਨਾਤੇ ਉਹ ਤੇ ਉਸ ਦੇ ਸਾਥੀ ਸੇਵਾਦਾਰ ਪਿੰਡ-ਪਿੰਡ ਜਾ ਕੇ ਆਸ਼ਰਮ ਲਈ ਅਨਾਜ ਤੇ ਪੁਰਾਣੇ ਕੱਪੜੇ ਇਕੱਠਾ ਕਰਦੇ ਹਨ।ਬੀਤੇ ਦਿਨੀਂ ਉਹ ਪਿੰਡਾਂ 'ਚੋਂ ਕੱਪੜੇ ਤੇ ਅਨਾਜ ਆਦਿ ਇਕੱਠਾ ਕਰਦੇ ਹੋਏ ਸੰਘੋਲ ਤੋਂ ਬਸੀ ਪਠਾਣਾਂ ਵੱਲ ਨੂੰ ਆ ਰਹੇ ਸਨ ਤਾਂ ਭਾਖੜਾ ਨਹਿਰ ਦੇ ਪੁਲ ਨਜ਼ਦੀਕ ਇੱਕ ਗੱਡੀ 'ਚ ਸਵਾਰ ਹੋ ਕੇ ਆਏ ਛੇ ਵਿਅਕਤੀ, ਜੋ ਕਿ ਨਿਹੰਗ ਸਿੰਘਾਂ ਦੇ ਬਾਣੇ ਵਿੱਚ ਸਨ, ਨੇ ਉਨ੍ਹਾਂ ਨੂੰ ਘੇਰ ਕੇ ਉਨ੍ਹਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ, ਜੋ ਕਿ ਜਾਂਦੇ ਹੋਏ ਉਨ੍ਹਾਂ ਦੇ ਮੋਬਾਈਲ ਫੋਨ ਤੇ ਮਹਿੰਦਰਾ ਪਿਕਅੱਪ ਗੱਡੀ ਖੋਹ ਕੇ ਲੈ ਗਏ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਬਸੀ ਪਠਾਣਾਂ ਵਿਖੇ ਗੁਰਮੀਤ ਸਿੰਘ, ਬਲਵਿੰਦਰ ਸਿੰਘ ਤੇ ਚਾਰ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਗੈਸ ਸਿਲੰਡਰ ਫਟਣ ਕਾਰਨ ਔਰਤ ਦੀ ਮੌਤ, ਪੰਜ ਜ਼ਖਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਮੁਸਤਫ਼ਾਬਾਦ ਵਿਖੇ ਇੱਕ ਵਿਆਹ ਵਾਲੇ ਘਰ ਵਿੱਚ ਗੈਸ ਸਿਲੰਡਰ ਫਟ ਜਾਣ ਕਾਰਨ ਇੱਕ ਔਰਤ ਦੀ ਮੌਤ ਹੋ ਗਈ ਅਤੇ ਪੰਜ ਵਿਅਕਤੀ ਜ਼ਖਮੀ ਹੋ ਗਏ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਦਰਸ਼ਨ ਸਿੰਘ ਵਾਸੀ ਪਿੰਡ ਮੁਸਤਫ਼ਾਬਾਦ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਭਤੀਜੀ ਦਾ ਵਿਆਹ ਸੀ, ਜਿੱਥੇ ਲੜਕੀ ਦਾ ਨਾਨਾ ਵਿਸਾਖਾ ਸਿੰਘ ਵਾਸੀ ਪਿੰਡ ਲਖਨਪੁਰ, ਜੋ ਕਿ ਹਲਵਾਈ ਦਾ ਕੰਮ ਵੀ ਜਾਣਦਾ ਸੀ, ਔਰਤਾਂ ਨਾਲ ਮਿਲ ਕੇ ਰਿਸ਼ਤੇਦਾਰਾਂ ਲਈ ਖਾਣਾ ਤਿਆਰ ਕਰ ਰਿਹਾ ਸੀ ਤਾਂ ਗੈਸ ਸਿਲੰਡਰ ਨੂੰ ਅੱਗ ਲੱਗ ਗਈ, ਜਿਸ ਵਿੱਚ ਹੋਏ ਜ਼ੋਰਦਾਰ ਧਮਾਕੇ ਕਾਰਨ ਗੁਰਦੀਸ਼ ਕੌਰ (50), ਰਜਿੰਦਰ ਕੌਰ (47), ਰਾਜ ਰਾਣੀ (65), ਕੁਲਜੀਤ ਕੌਰ (45), ਨਵਜੋਤ ਸਿੰਘ ਵਾਸੀ ਪਿੰਡ ਬਰਵਾਲੀ ਤੇ ਵਿਸਾਖਾ ਸਿੰਘ (70) ਬੁਰੀ ਤਰ੍ਹਾਂ ਝੁਲਸ ਗਏ।ਜ਼ਖਮੀਆਂ ਨੂੰ ਇਲਾਜ ਲਈ ਚੰਡੀਗੜ੍ਹ ਦੇ ਵੱਖ-ਵੱਖ ਹਸਪਤਾਲਾਂ 'ਚ ਲਿਜਾਇਆ ਗਿਆ, ਜਿੱਥੇ ਸੈਕਟਰ 32 ਹਸਪਤਾਲ 'ਚ ਗੁਰਦੀਸ਼ ਕੌਰ ਪਤਨੀ ਨਿਸ਼ਾਨ ਸਿੰਘ ਦੀ ਮੌਤ ਹੋ ਗਈ, ਜਦੋਂਕਿ ਬਾਕੀ ਜ਼ਖਮੀਆਂ ਦੀ ਹਾਲਤ ਵੀ ਗੰਭੀਰ ਦੱਸੀ ਜਾ ਰਹੀ ਹੈ।

ਪਿੰਡ ਵਾਸੀਆਂ ਜਰਨੈਲ ਸਿੰਘ ਤੇ ਜਗਦੀਪ ਸਿੰਘ ਆਦਿ ਨੇ ਦੱਸਿਆ ਕਿ ਅਵਤਾਰ ਸਿੰਘ ਦੇ ਘਰ ਵਿੱਚ ਵਿਆਹ ਹੋਣ ਕਰਕੇ ਔਰਤਾਂ ਇਕੱਠੀਆਂ ਹੋ ਕੇ ਰੋਟੀਆਂ ਬਣਾ ਰਹੀਆਂ ਸਨ, ਜਿਸ ਦੌਰਾਨ ਉਨ੍ਹਾਂ ਦੇ ਨਜ਼ਦੀਕ ਹੀ ਇੱਕ ਗੈਸ ਸਿਲੰਡਰ ਨੂੰ ਲੱਗੀ ਅੱਗ ਅਚਾਨਕ ਭੜਕ ਗਈ, ਜਿਸ ਕਾਰਨ ਉਕਤ ਔਰਤਾਂ ਸਣੇ ਛੇ ਵਿਅਕਤੀ ਗੰਭੀਰ ਜ਼ਖਮੀ ਹੋ ਗਏ ਤੇ ਘਰ ਦਾ ਕਾਫੀ ਸਾਮਾਨ ਵੀ ਨੁਕਸਾਨਿਆ ਗਿਆ, ਜਿਸ ਤੋਂ ਕੁਝ ਸਮਾਂ ਬਾਅਦ ਫਾਇਰ ਬ੍ਰਿਗੇਡ ਦੀ ਗੱਡੀ ਮੌਕੇ 'ਤੇ ਪਹੁੰਚੀ, ਪਰ ਉਦੋਂ ਤੱਕ ਅੱਗ 'ਤੇ ਕਾਬੂ ਪਾਇਆ ਜਾ ਚੁੱਕਾ ਸੀ।ਸੂਤਰਾਂ ਅਨੁਸਾਰ ਇੱਕ ਸਿਲੰਡਰ ਤੋਂ ਦੂਸਰੇ ਸਿਲੰਡਰ 'ਚ ਗੈਸ ਪਲਟੀ ਕੀਤੇ ਜਾਣ ਸਮੇਂ ਇਹ ਦੁਰਘਟਨਾ ਵਾਪਰੀ, ਪਰ ਇਸ ਗੱਲ ਦੀ ਪੁਸ਼ਟੀ ਨਹੀਂ ਹੋ ਸਕੀ।ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਐਕਸਚੇਂਜ ਅਧਿਕਾਰੀ ਨੇ ਸਿਮ ਅੱਪਡੇਟ ਕਰਨ ਦੇ ਹੀ 70 ਰੁਪਏ ਵਸੂਲੇ !

**ਬਠਿੰਡਾ (ਰਾਜੀਵ ਗੋਇਲ)**-ਬੀਤੀ ਸ਼ਾਮ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੀ ਬੀਐੱਸਐੱਨਐੱਲ. ਟੈਲੀਫੋਨ ਐਕਸਚੇਂਜ ਵਿੱਚ ਕੰਪਨੀ ਤਰਫੋਂ ਨੇੜਲੇ ਸੈਂਟਰ ਵਿੱਚ ਜਾ ਕੇ ਮੁਫਤ ਵਿੱਚ ਸਿਮ ਅੱਪਡੇਟ ਕਰਵਾਉਣ ਦੇ ਪ੍ਰਾਪਤ ਹੋਏ ਮੈਸੇਜ ਤੋਂ ਬਾਅਦ, ਐਕਸਚੇਂਜ ਦੇ ਇੱਕ ਅਧਿਕਾਰੀ ਵੱਲੋਂ ਸਿਮ ਅੱਪਡੇਟ ਕਰਵਾਉਣ ਗਏ ਇੱਕ ਨਾਬਾਲਗ ਬੱਚੇ ਪਾਸੋਂ 70 ਰੁਪਏ ਦੀ ਵਸੂਲੀ ਕਰ ਲਈ ਗਈ, ਜਦਕਿ ਕੰਪਨੀ ਵੱਲੋਂ ਇਹ ਸੇਵਾ ਬਿਲਕੁਲ ਮੁਫ਼ਤ ਹੈ। ਇੱਕ ਨਾਬਾਲਗ ਬੱਚਾ ਪਰਿਵਾਰਕ ਮੈਂਬਰ ਦਾ ਸਿਮ ਨੰਬਰ 9217900426 ਲੈ ਕੇ ਐਕਸਚੇਂਜ ਵਿੱਚ ਪਹੁੰਚਿਆ ਤਾਂ ਕਿਹਾ ਕਿ ਇਸ ਨੂੰ 4 ਜੀ ਵਿੱਚ ਅਪਡੇਟ ਕਰਵਾ ਦਿਓ, ਕਿਉਂਕਿ ਇਸ ਨੂੰ ਅੱਪਡੇਟ ਕਰਵਾਉਣ ਲਈ ਕੰਪਨੀ ਦਾ ਮੈਸੇਜ ਆਇਆ ਹੈ। ਉਕਤ ਸਿਮ ਤਬਦੀਲ ਕਰਨ ਵਾਲੇ ਅਧਿਕਾਰੀ ਵੱਲੋਂ ਉਕਤ ਬੱਚੇ ਪਾਸੋਂ 70 ਰੁਪਏ ਵਸੂਲ ਕਰ ਲਏ ਗਏ। ਉਪਰ ਦੱਸੇ ਪਾਸੇ ਜਦੋਂ ਸੰਬੰਧਤ ਐਕਸਚੇਂਜ ਦੇ ਉੱਚ ਅਧਿਕਾਰੀ ਦੇ ਕੰਨਾਂ ਤੱਕ ਇਹ ਗੱਲ ਪਹੁੰਚੀ ਤਾਂ ਬੱਚੇ ਦੇ ਬਾਪ ਨੂੰ ਫੋਨ ਕਰਕੇ ਕਿਹਾ ਗਿਆ ਕਿ 'ਸਾਡੇ ਬੰਦੇ ਤੋਂ ਇਹ ਵੱਡੀ ਗਲਤੀ ਹੋਈ ਹੈ' ਅਤੇ ਗਲਤੀ ਕਿਸੇ ਤੋਂ ਵੀ ਹੋ ਸਕਦੀ ਹੈ। ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਮੁਫਤ ਸਹੂਲਤਾਂ ਦੀ ਆੜ ਹੇਠ ਜੇਕਰ ਇਸੇ ਤਰ੍ਹਾਂ ਅਧਿਕਾਰੀਆਂ ਵੱਲੋਂ ਆਮ ਲੋਕਾਂ ਦੀ ਲੁੱਟ ਕੀਤੀ ਜਾਵੇਗੀ ਤਾਂ ਕਿਸ ਤਰ੍ਹਾਂ ਸਰਕਾਰੀ ਮਹਿਕਮਾ ਕਾਮਯਾਬ ਹੋਵੇਗਾ, ਇਹ ਇੱਕ ਸੋਚਣ ਵਾਲਾ ਵਿਸ਼ਾ ਹੈ ਤੇ ਉੱਚ ਅਧਿਕਾਰੀਆਂ ਨੂੰ ਇਸ ਤਰ੍ਹਾਂ ਲੋਕਾਂ ਦੀ ਲੁੱਟ ਕਰਨ ਵਾਲੇ ਅਧਿਕਾਰੀਆਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ।

# ਜ਼ਿਮਨੀ ਚੋਣਾਂ 'ਚ ਜਿੱਤ 'ਤੇ ਆਪ ਆਗੂਆਂ 'ਚ ਖੁਸ਼ੀ ਦੀ ਲਹਿਰ

■ ਚੇਅਰਮੈਨ ਦੀਪਕ ਅਰੋੜਾ ਨੇ ਮੁੱਖ ਮੰਤਰੀ ਨੂੰ ਦਿੱਤੀ ਵਧਾਈ



**ਬਾਘਾ ਪੁਰਾਣਾ (ਮਨੀ ਸਿਗਲਾ)**

20 ਨਵੰਬਰ ਨੂੰ ਸੂਬੇ ਦੇ ਚਾਰ ਹਲਕਿਆਂ ਵਿੱਚ ਹੋਈਆਂ ਜ਼ਿਮਨੀ ਚੋਣਾਂ ਦੇ 23 ਨਵੰਬਰ ਨੂੰ ਆਏ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੀ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਬਿਨਾਂ ਤਿੰਨ ਹਲਕਿਆਂ ਡੇਰਾ ਬਾਬਾ ਨਾਨਕ, ਗਿੱਦੜਬਾਹਾ ਤੇ ਚੱਬੇਵਾਲ ਵਿੱਚ ਹੋਈ ਆਮ ਆਦਮੀ ਪਾਰਟੀ ਦੀ ਜਿੱਤ ਨੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੁੜ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਦਾ ਮੁੱਢ ਬੰਨ੍ਹ ਦਿੱਤਾ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਨਗਰ ਸੁਧਾਰ ਟਰੱਸਟ ਮੋਗਾ ਦੇ ਚੇਅਰਮੈਨ ਦੀਪਕ ਅਰੋੜਾ ਨੇ ਹਲਕਾ ਬਾਘਾ ਪੁਰਾਣਾ ਦੇ ਅਧੀਨ ਪੈਂਦੇ ਕਸਬਾ ਸਮਾਲਸਰ ਵਿਖੇ ਵਰਕਰਾਂ ਦੇ ਇੱਕ ਇਕੱਠ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ 'ਤੇ ਖੁਸ਼ੀ ਪ੍ਰਗਟ ਕਰਦਿਆਂ ਕੀਤਾ।ਇਸ ਮੌਕੇ ਚੇਅਰਮੈਨ ਦੀਪਕ ਅਰੋੜਾ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੇ ਸੂਬਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦਾ ਕੀਤਾ ਗਿਆ ਬੇਅਥਾਅ ਵਿਕਾਸ ਤੇ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਗਰੰਟੀਆਂ ਨੂੰ ਇੱਕ ਇੱਕ ਕਰਕੇ ਸਰਕਾਰ ਬਣਦਿਆਂ ਸਾਰ ਪੂਰਾ ਕੀਤਾ ਗਿਆ, ਇਸ ਕਰਕੇ ਪੰਜਾਬ ਦੇ ਲੋਕ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਤੋਂ ਬਾਗੋ ਬਾਗ ਹਨ।ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਦਿਆਂ ਸਾਰ ਹੀ ਸੂਬੇ ਵਿੱਚ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਈ ਹੈ ਤੇ ਲੋਕਾਂ ਦੇ ਕੰਮ ਸਰਕਾਰੇ ਦਰਬਾਰੇ ਬਿਨਾਂ ਰਿਸ਼ਵਤ ਤੋਂ ਹੋ ਰਹੇ ਹਨ।ਆਖੀਰ ਵਿੱਚ ਉਨ੍ਹਾਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੂੰ ਜ਼ਿਮਨੀ ਚੋਣਾਂ ਵਿੱਚ ਹੋਈ ਪਾਰਟੀ ਦੀ ਜਿੱਤ 'ਤੇ ਵਧਾਈ ਦਿੱਤੀ।

ਇਸ ਮੌਕੇ ਉਨ੍ਹਾਂ ਨਾਲ ਸਰਪੰਚ ਜਸਵਿੰਦਰ ਸਿੰਘ ਰਾਜਾ ਮਲੋਕੇ, ਸੀਨੀਅਰ ਆਗੂ ਰਵੀ ਮੱਲ, ਸੀਨੀਅਰ ਆਗੂ ਕਪਤਾਨ ਸਿੰਘ, ਸੀਨੀਅਰ ਆਗੂ ਬਲਵਿੰਦਰ ਮਾਹਲਾ, ਸਰਪੰਚ ਕਾਕਾ ਢਿੱਲੋਂ, ਸਰਪੰਚ ਗੁਲਜੀਤ ਸਿੰਘ ਸਮਾਲਸਰ, ਸਰਪੰਚ ਗੁਰਵੀਰ ਡੇਮਰੂ, ਪਿੰਦਰ ਮੱਲਕੇ, ਨਵਪ੍ਰੀਤ ਪੰਜਗਰਾਈਂ ਖੁਰਦ, ਅਵਤਾਰ ਸੇਖਾ, ਤਲਵਿੰਦਰ ਸੇਖਾ, ਸਰਬਾ ਮੱਲਕੇ, ਮਨੀਸ਼ ਮਿੱਤਲ, ਮੰਦਰ ਮੁਹਾਰ, ਹੋਰ ਪੰਚ, ਸਰਪੰਚ ਤੇ ਆਗੂ ਹਾਜ਼ਰ ਸਨ।

## 'ਆਪ' ਪੰਜਾਬ ਦੀ ਖੁਸ਼ਹਾਲੀ ਲਈ ਦਿਨ-ਰਾਤ ਕੰਮ ਕਰ ਰਹੀ : ਡਾ. ਅਰੋੜਾ

*ਜ਼ਿਮਨੀ ਚੋਣਾਂ 'ਚ ਜਿੱਤ ਦੀ ਹਲਕਾ ਵਿਧਾਇਕ ਨੇ ਵਧਾਈ ਦਿੱਤੀ*



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਬਿਨਾਂ ਕਿਸੇ ਭੇਦਭਾਵ ਅਤੇ ਇਮਾਨਦਾਰੀ ਨਾਲ ਦਿਨ ਰਾਤ ਕੰਮ ਕਰ ਰਹੀ ਹੈ। ਮੋਗਾ ਹਲਕੇ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਨੇ ਜ਼ਿਮਨੀ ਚੋਣਾਂ 'ਚ ਤਿੰਨ ਸੀਟਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਰਿਕਾਰਡਤੋੜ ਤੇ ਸ਼ਾਨਦਾਰ ਜਿੱਤ 'ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਜੇਤੂ ਉਮੀਦਵਾਰਾਂ ਨੂੰ ਵਧਾਈ ਦੇਣ ਮੌਕੇ ਪ੍ਰਗਟ ਕੀਤੇ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਉਹ ਜ਼ਿਮਨੀ ਚੋਣਾਂ 'ਚ ਸ਼ਾਨਦਾਰ ਜਿੱਤ ਲਈ ਉਮੀਦਵਾਰਾਂ ਸਮੇਤ ਵੋਟਰਾਂ ਦਾ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਨਵੀਆਂ ਬੁਲੰਦੀਆਂ ਹਾਸਲ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚੋਣਾਂ ਵਿੱਚ ਕੀਤੇ ਵਾਅਦੇ ਪਹਿਲ ਦੇ ਆਧਾਰ 'ਤੇ ਪੂਰੇ ਕੀਤੇ ਜਾ ਰਹੇ ਹਨ।

# ਪੰਜਾਬੀ 'ਵਰਸਿਟੀ ਦੇ ਫ਼ੋਰੈਂਸਿਕ ਸਾਇੰਸ ਵਿਭਾਗ ਨੇ ਗੋਲਡਨ ਜੁਬਲੀ ਮਨਾਈ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਪੰਜਾਬੀ ਯੂਨੀਵਰਸਿਟੀ ਦੇ ਫ਼ੋਰੈਂਸਿਕ ਸਾਇੰਸ ਵਿਭਾਗ ਨੇ ਆਪਣੀ ਗੋਲਡਨ ਜੁਬਲੀ ਮਨਾਈ।

ਸੰਨ 1974 ਵਿੱਚ ਸਥਾਪਤ ਹੋਏ ਭਾਰਤ ਦੇ ਦੂਜੇ ਸਭ ਤੋਂ ਪੁਰਾਣੇ ਤੇ ਉੱਤਰੀ ਭਾਰਤ ਦੇ ਸਭ ਤੋਂ ਪੁਰਾਣੇ ਇਸ ਫ਼ੋਰੈਂਸਿਕ ਸਾਇੰਸ ਵਿਭਾਗ ਵੱਲੋਂ ਇਸ ਮੌਕੇ ਕਰਵਾਏ ਪ੍ਰੋਗਰਾਮ 'ਚ ਸਾਬਕਾ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਵੀ ਸ਼ਿਰਕਤ ਕੀਤੀ।ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਕਰਦਿਆਂ ਵਿਭਾਗ ਨੂੰ ਵਧਾਈ ਦਿੱਤੀ ਤੇ ਵਿਭਾਗ ਦੀਆਂ ਪ੍ਰਾਪਤੀਆਂ ਬਾਰੇ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਫ਼ੋਰੈਂਸਿਕ ਸਾਇੰਸ ਦਾ ਵਿਸ਼ਾ ਅੱਜ ਦੁਨੀਆ ਵਿੱਚ ਬਹੁਤ ਹੀ ਵਿਸ਼ੇਸ਼ ਅਹਿਮੀਅਤ ਰੱਖਦਾ ਹੈ, ਜੋ ਨਿਆ ਦੇ ਖੇਤਰ ਵਿੱਚ ਵਿਗਿਆਨਕ ਤੱਥਾਂ ਦੇ ਸਹਾਰੇ ਪੜਚੋਲ ਕਰ ਕੇ ਸੱਚ ਨੂੰ ਸਾਹਮਣੇ ਲਿਆਉਣ ਵਿੱਚ ਮਦਦਗਾਰ ਬਣਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਤ ਹੁੰਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਜਿੱਥੇ ਆਪਣੇ ਵਿਸ਼ੇ ਸਬੰਧੀ ਮਾਹਰ ਬਣਨ ਦੀ ਲੋੜ ਹੈ, ਉੱਥੇ ਹੀ ਨੈਤਿਕ ਤੌਰ 'ਤੇ ਸਮਰੱਥ ਸ਼ਖ਼ਸੀਅਤ ਸਿਰਜਣ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਉਹ ਜਿਸ ਵੀ ਖੇਤਰ ਵਿੱਚ ਕੰਮ ਕਰਨ, ਓਥੇ ਸੱਚ ਨੂੰ ਸਾਹਮਣੇ ਲਿਆਉਣ ਹਿੱਤ ਨਿਰਪੱਖ ਹੋ ਕੇ ਕੰਮ ਕਰ ਸਕਣ।ਵਿਭਾਗ ਮੁਖੀ ਪ੍ਰੋ. ਮੁਕੇਸ਼ ਠਾਕੁਰ ਨੇ ਵਿਭਾਗ ਦੀਆਂ ਪ੍ਰਾਪਤੀਆਂ ਬਾਰੇ ਬੋਲਦਿਆਂ ਦੱਸਿਆ ਕਿ ਸਿਰਫ ਇਕ ਕਮਰੇ ਤੋਂ ਸ਼ੁਰੂ ਹੋਇਆ ਇਹ ਵਿਭਾਗ ਹੁਣ ਆਪਣੇ ਵਿਦਿਆਰਥੀਆਂ ਤੇ ਖੋਜ ਕਾਰਜਾਂ ਲਈ ਦੁਨੀਆ ਭਰ ਵਿੱਚ ਜਾਣਿਆ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਇਹ ਗੱਲ ਮਾਣ ਕਰਨ ਵਾਲੀ ਹੈ ਕਿ ਵਿਭਾਗ ਦੇ ਤਕਰੀਬਨ 100 ਫੀਸਦੀ ਵਿਦਿਆਰਥੀ ਹੀ ਚੰਗੀਆਂ ਨੌਕਰੀਆਂ ਪ੍ਰਾਪਤ ਕਰਨ ਵਿੱਚ ਕਾਮਯਾਬ ਰਹੇ ਹਨ।ਇਸ ਮੌਕੇ ਵਿਭਾਗ ਦੇ ਸਥਾਪਨਾ ਸਮੇਂ ਤੋਂ ਲੈ ਕੇ ਹੁਣ ਤੱਕ ਵਿਭਾਗ ਨੂੰ ਅਹਿਮ ਯੋਗਦਾਨ ਦੇਣ ਵਾਲੇ ਚਾਰ ਅਧਿਆਪਕਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਨ੍ਹਾਂ ਸਨਮਾਨਤ ਸ਼ਖ਼ਸੀਅਤਾਂ ਵਿੱਚ ਵਿਭਾਗ ਦੇ ਪਹਿਲੇ ਮੁਖੀ ਪ੍ਰੋ. ਪੀ. ਕੇ. ਚੱਟੋਪਾਧਿਆਏ, ਪ੍ਰੋ. ਆਰ. ਕੇ. ਗਰਗ, ਪ੍ਰੋ. ਓ. ਪੀ. ਜਸੂਜਾ ਤੇ ਪ੍ਰੋ. ਰਾਕੇਸ਼ ਮੋਹਨ ਸ਼ਰਮਾ ਸ਼ਾਮਲ ਸਨ।ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਕੋਮਲ ਸੈਣੀ ਤੇ ਪ੍ਰੋ. ਰਾਜਿੰਦਰ ਸਿੰਘ ਵੱਲੋਂ ਕੀਤਾ ਗਿਆ।ਗੋਲਡਨ ਜੁਬਲੀ ਦੇ ਜਸ਼ਨ ਮਨਾਉਣ ਲਈ ਇੱਕ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਦਾ ਆਯੋਜਨ ਵੀ ਕੀਤਾ ਗਿਆ, ਜਿਸ ਦੌਰਾਨ ਵਿਭਾਗ ਦੇ ਮੌਜੂਦਾ ਤੇ ਸਾਬਕਾ ਵਿਦਿਆਰਥੀਆਂ ਨੇ ਵੱਖ-ਵੱਖ ਕਲਾਤਮਕ ਵੰਨਗੀਆਂ ਪੇਸ਼ ਕੀਤੀਆਂ ਤੇ ਆਪੋ ਆਪਣੇ ਬੈਚ ਦੀਆਂ ਸੁਨਹਿਰੀ ਯਾਦਾਂ ਵੀ ਸਾਂਝੀਆਂ ਕੀਤੀਆਂ।

## ਜ਼ਿਮਨੀ ਚੋਣਾਂ 'ਚ 'ਆਪ' ਦੀ ਜਿੱਤ ਲੋਕਪੱਖੀ ਨੀਤੀਆਂ 'ਤੇ ਮੋਹਰ : ਬਲਵਿੰਦਰ ਢਿੱਲੋਂ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪੰਜਾਬ ਵਿੱਚ ਹੋਈਆਂ ਚਾਰ ਵਿਧਾਨ ਸਭਾ ਦੀਆਂ ਜ਼ਿਮਨੀ ਚੋਣਾਂ ਵਿੱਚ ਤਿੰਨ ਸੀਟਾਂ 'ਤੇ ਆਪ ਉਮੀਦਵਾਰਾਂ ਦੀ ਵੱਡੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਲਾਕੇ ਦੇ ਨਾਮਵਰ ਆਪ ਆਗੂ ਬਲਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਇੱਕ ਵਾਰ ਫਿਰ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ 'ਤੇ ਵਿਸ਼ਵਾਸ ਪ੍ਰਗਟ ਕਰਦਿਆਂ ਉਨ੍ਹਾਂ ਦੀ ਅਣਥੱਕ ਮਿਹਨਤ ਤੇ ਪੰਜਾਬ ਲਈ ਆਪ ਸਰਕਾਰ ਦੀਆਂ ਲੋਕਪੱਖੀ ਨੀਤੀਆਂ 'ਤੇ ਮੋਹਰ ਲਗਾਈ ਹੈ।ਆਪ ਆਗੂ ਬਲਵਿੰਦਰ ਸਿੰਘ ਢਿੱਲੋਂ ਨੇ ਨਵਨਿਯੁਕਤ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਣਥੱਕ ਮਿਹਨਤ, ਪਾਰਟੀ ਨੂੰ ਸਮਰਪਤ ਭਾਵਨਾ ਦਾ ਪਾਰਟੀ ਨੇ ਮੁੱਲ ਪਾਇਆ ਹੈ, ਜਿਸ ਕਰਕੇ ਇਕੱਲੇ ਵਿਧਾਨ ਸਭਾ ਹਲਕਾ ਸੁਨਾਮ ਵਿੱਚ ਹੀ ਨਹੀਂ ਪੂਰੇ ਪੰਜਾਬ ਵਿੱਚ ਅਮਨ ਅਰੋੜਾ ਨੂੰ ਪ੍ਰਧਾਨ ਨਿਯੁਕਤ ਕਰਨ 'ਤੇ ਆਪ ਵਲੰਟੀਅਰਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

## ਕਿਸਾਨਾਂ 'ਤੇ ਲਾਠੀਚਾਰਜ ਤੇ ਗ੍ਰਿਫ਼ਤਾਰੀਆਂ ਦੀ ਡੀ ਟੀ ਐੱਫ ਵੱਲੋਂ ਨਿੰਦਾ

**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤ ਮਾਲਾ ਪ੍ਰੋਜੈਕਟ ਅਧੀਨ ਪੰਜਾਬ ਦੇ ਕਿਸਾਨਾਂ ਦੀ ਜਬਰੀ ਖੋਹੀ ਜਾ ਰਹੀ ਜ਼ਮੀਨ ਖ਼ਿਲਾਫ਼ ਸੰਘਰਸ਼ ਕਰ ਰਹੇ ਕਿਸਾਨਾਂ ਉੱਪਰ ਅੰਨ੍ਹੇਵਾਹ ਲਾਠੀਚਾਰਜ ਤੇ ਨਾਜਾਇਜ਼ ਗ੍ਰਿਫ਼ਤਾਰੀਆਂ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਦੀ ਅਗਵਾਈ ਵਿੱਚ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਦੱਸਿਆ ਕਿ ਬਠਿੰਡਾ ਜ਼ਿਲ੍ਹੇ ਦੇ ਦੋ ਪਿੰਡਾਂ ਦੁੱਨੇਵਾਲਾ ਤੇ ਸ਼ੇਰਗੜ੍ਹ ਵਿੱਚ ਪੰਜਾਬ ਸਰਕਾਰ ਵੱਲੋਂ ਜਬਰ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਤੜਕਸਾਰ ਸਵੇਰੇ ਚਾਰ ਵਜੇ ਪੁਲਸ ਪ੍ਰਸ਼ਾਸਨ ਵੱਲੋਂ ਪੀੜਤ ਕਿਸਾਨਾਂ ਦੀ ਨਾਜਾਇਜ਼ ਗ੍ਰਿਫ਼ਤਾਰੀ ਕੀਤੀ ਗਈ।ਇਸ ਤੋਂ ਬਾਅਦ ਖੇਤਾਂ ਵਿਚਲੀ ਕਣਕ ਉਜਾੜ ਕੇ ਕਬਜ਼ਾ ਕੀਤਾ ਗਿਆ।ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਦੋਸ਼ ਲਾਇਆ ਕਿ ਕੇਂਦਰ ਤੇ ਸੂਬਾ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੀ ਚਾਕਰੀ ਕਰਨ ਵਿੱਚ ਗਲਤਾਨ ਹਨ।ਉਨ੍ਹਾਂ ਕਿਹਾ ਕਿ ਕਿਸਾਨਾਂ ਤੋਂ ਜਬਰੀ ਜ਼ਮੀਨ ਖੋਹ ਕੇ ਆਪ ਸਰਕਾਰ ਵੱਲੋਂ ਆਪਣਾਂ ਲੋਕ ਵਿਰੋਧੀ ਖਾਸਾ ਜੱਗ ਜ਼ਾਹਰ ਕਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਕਾਰਪੋਰੇਟ ਘਰਾਣਿਆਂ ਲਈ ਬਣਾਈਆਂ ਜਾ ਰਹੀਆਂ ਮੁੱਲ ਦੀਆਂ ਸੜਕਾਂ 'ਤੇ ਕਿਸਾਨਾਂ ਦੇ ਟਰੈਕਟਰ ਜਾਂ ਲੋਕਾਂ ਦੇ ਛੋਟੇ ਸਾਧਨ ਨਹੀਂ ਚੱਲਣਗੇ, ਸਗੋਂ ਵੱਡੇ ਕਾਰੋਬਾਰੀਆਂ ਦੀਆਂ ਟ੍ਰਾਂਸਪੋਰਟਾਂ ਹੀ ਚੱਲਣਗੀਆਂ।ਡੀ ਟੀ ਐੱਫ਼ ਦੇ ਆਗੂਆਂ ਨੇ ਦੱਸਿਆ ਕਿ ਮੁਆਵਜ਼ਾ ਰਾਸ਼ੀ ਦੇਣ ਸਮੇਂ ਵੀ ਕਿਸਾਨਾਂ ਨਾਲ ਪੱਖ-ਪਾਤ ਕੀਤਾ ਜਾ ਰਿਹਾ ਹੈ।ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਮੰਗ ਕੀਤੀ ਕਿ ਕਿਸਾਨਾਂ 'ਤੇ ਲਾਠੀਚਾਰਜ ਕਰਨ ਵਾਲੇ ਪੁਲਸ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ, ਕਿਸਾਨਾਂ ਦੀ ਮਰਜ਼ੀ ਬਗੈਰ ਜ਼ਮੀਨ ਬਿਲਕੁੱਲ ਨਾ ਖੋਹੀ ਜਾਵੇ, ਕਿਸਾਨ ਆਗੂਆਂ 'ਤੇ ਜਬਰ ਤਸ਼ੱਦਦ ਬੰਦ ਕੀਤਾ ਜਾਵੇ। ਉਨ੍ਹਾਂ ਭਰਾਤਰੀ ਜਥੇਬੰਦੀਆਂ ਨੂੰ ਇਕੱਠੇ ਹੋ ਕੇ ਕਿਸਾਨ ਅੰਦੋਲਨ ਦਾ ਹਿੱਸਾ ਬਣਨ ਦੀ ਅਪੀਲ ਕੀਤੀ।ਇਸ ਮੌਕੇ ਨਵਜੋਸ਼ ਸਪੋਲੀਆ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਮ੍ਰਿਤਪਾਲ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਅਮਰਪ੍ਰੀਤ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਕਾਰੀਗਰ ਪੀ ਐੱਮ ਵਿਸ਼ਵਕਰਮਾ ਯੋਜਨਾ ਦਾ ਵੱਧ ਤੋਂ ਵੱਧ ਲਾਭ ਲੈਣ : ਡੀ ਸੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਭਾਰਤ ਸਰਕਾਰ ਦੇ ਪੀ ਐੱਮ ਵਿਸ਼ਵਕਰਮਾ ਯੋਜਨਾ ਤਹਿਤ ਜ਼ਿਲ੍ਹਾ ਫਰੀਦਕੋਟ ਵਿੱਚ ਗਠਿਤ ਜ਼ਿਲ੍ਹਾ ਇੰਪਲੀਮੈਂਟੇਸ਼ਨ ਕਮੇਟੀ ਦੀ ਪੰਜਵੀਂ ਮੀਟਿੰਗ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਉਨ੍ਹਾਂ ਫਰੀਦਕੋਟ ਦੇ ਸਮੂਹ ਕਾਰੀਗਰਾਂ ਨੂੰ ਪੀ ਐੱਮ ਵਿਸ਼ਵਕਰਮਾ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਲਈ ਅਪੀਲ ਕੀਤੀ।ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ 18 ਕਿੱਤੇ ਜਿਸ ਵਿੱਚ ਤਰਖਾਣ, ਲੋਹਾਰ, ਸੁਨਿਆਰਾ, ਮੋਚੀ, ਘੁਮਿਆਰ, ਧੋਬੀ, ਨਾਈ, ਮੂਰਤੀਕਾਰ, ਟੇਲਰ (ਦਰਜੀ), ਰਾਜ ਮਿਸਤਰੀ, ਸ਼ਸਤਰ ਬਣਾਉਣ ਵਾਲਾ, ਤਾਲਾ ਬਣਾਉਣ ਵਾਲਾ, ਕਿਸ਼ਤੀ ਬਣਾਉਣ ਵਾਲਾ, ਗੁੱਡੀ ਤੇ ਖਿਡੌਣਾ ਬਣਾਉਣ ਵਾਲਾ, ਹਮੀਰ ਅਤੇ ਟੂਲ ਕਿੱਟ ਬਣਾਉਣ ਵਾਲਾ, ਟੋਕਰੀ/ਚਟਾਈ ਬਣਾਉਣ ਵਾਲਾ, ਗਾਰਲੈਂਡਰ (ਮਾਲਾ ਬਣਾਉਣ ਵਾਲਾ), ਮੱਛੀ ਫੜਨ ਲਈ ਨੈੱਟ ਬਣਾਉਣ ਵਾਲਾ ਆਦਿ ਸ਼ਾਮਲ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਲਾਭਪਾਤਰੀਆਂ ਨੂੰ ਪ੍ਰਧਾਨ ਮੰਤਰੀ ਵਿਸ਼ਵਕਰਮਾ ਸਰਟੀਫਿਕੇਟ ਅਤੇ ਆਈ ਡੀ ਕਾਰਡ ਜਾਰੀ ਕੀਤਾ ਜਾਵੇਗਾ ਅਤੇ ਲਾਭਪਾਤਰੀ ਨੂੰ 15,000 ਰੁਪਏ ਦਾ ਟੂਲਕਿਟ ਪ੍ਰੋਤਸਾਹਨ, 500 ਰੁਪਏ ਪ੍ਰਤੀ ਦਿਨ ਦੇ ਵਜ਼ੀਫੇ ਨਾਲ ਮੁਢਲੀ ਹੁਨਰ ਸਿਖਲਾਈ 18 ਮਹੀਨਿਆਂ ਦੀ ਮੁੜ ਅਦਾਇਗੀ ਦੀ ਮਿਆਦ ਦੇ ਨਾਲ 1 ਲੱਖ ਰੁਪਏ ਤੱਕ ਦਾ ਕਰਜ਼ਾ, 500 ਰੁਪਏ ਪ੍ਰਤੀ ਦਿਨ ਦੇ ਵਜ਼ੀਫੇ ਨਾਲ ਐਡਵਾਂਸ ਹੁਨਰ ਸਿਖਲਾਈ ਅਤੇ 30 ਮਹੀਨਿਆਂ ਦੀ ਮੁੜ ਅਦਾਇਗੀ ਦੀ ਮਿਆਦ ਦੇ ਨਾਲ 2 ਲੱਖ ਰੁਪਏ ਤੱਕ ਦੇ ਕਰਜ਼ੇ ਦੀ ਕਿਸ਼ਤ ਪ੍ਰਾਪਤ ਕਰਨ ਯੋਗ ਹੋਵੇਗਾ।ਇਸ ਸਕੀਮ ਦਾ ਲਾਭ ਲੈਣ ਲਈ ਕਾਰੀਗਰ ਆਪਣੇ ਪਿੰਡਾਂ ਵਿਚ ਸਥਿਤ ਸੀ ਐੱਸ ਸੀ ਸੈਂਟਰਾਂ 'ਤੇ ਬਿਨਾਂ ਕਿਸੇ ਕੀਮਤ ਤੋਂ ਆਨਲਾਈਨ ਰਜਿਸਟਰੇਸ਼ਨ ਕਰਵਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਵਧੇਰੇ ਜਾਣਕਾਰੀ ਲਈ ਦਫ਼ਤਰ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਫ਼ਰੀਦਕੋਟ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਨਗਰ ਕੌਂਸਲ ਚੋਣਾਂ ਦੀਆਂ ਤਿਆਰੀਆਂ ਸੰਬੰਧੀ ਭਾਜਪਾ ਦੀ ਮੀਟਿੰਗ

**ਬਲਰਾਮ ਸ਼ਰਮਾ ਤੇ ਸੁਖਵਿੰਦਰ ਲਾਲ ਇੰਚਾਰਜ ਨਿਯੁਕਤ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭਾਰਤੀ ਜਨਤਾ ਪਾਰਟੀ ਮੰਡਲ ਮਾਛੀਵਾੜਾ ਸਾਹਿਬ ਦੀ ਇੱਕ ਮੀਟਿੰਗ ਮੰਡਲ ਪ੍ਰਧਾਨ ਅਸ਼ਵਨੀ ਸਿੰਗਲਾ ਤੇ ਮੰਡਲ ਪ੍ਰਧਾਨ ਸੁਖਵਿੰਦਰ ਲਾਲ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਚੀਮਾ ਤੇ ਮੁੱਖ ਮਹਿਮਾਨ ਵਜੋਂ ਜਨਰਲ ਸਕੱਤਰ ਪੰਜਾਬ ਅਨਿਲ ਸਰੀਨ ਸ਼ਾਮਲ ਹੋਏ। ਮੀਟਿੰਗ ਦੌਰਾਨ ਉਕਤ ਆਗੂਆਂ ਨੇ ਅਗਾਮੀ ਨਗਰ ਕੌਂਸਲ ਚੋਣਾਂ ਦੀ ਤਿਆਰੀਆਂ ਸਬੰਧੀ ਜਾਇਜ਼ਾ ਲਿਆ ਤੇ ਸੀਨੀਅਰ ਆਗੂਆਂ ਤੇ ਵਰਕਰਾਂ ਦੀਆਂ ਡਿਊਟੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਬਲਰਾਮ ਸ਼ਰਮਾ ਨੂੰ ਮਾਛੀਵਾੜਾ ਸਾਹਿਬ ਚੋਣਾਂ 'ਚ ਇੰਚਾਰਜ ਤੇ ਸੁਖਵਿੰਦਰ ਲਾਲ ਨੂੰ ਸਹਿ-ਇੰਚਾਰਜ ਲਾਇਆ ਗਿਆ, ਜਿਨ੍ਹਾਂ ਦਾ ਸਾਥ ਮੰਡਲ ਪ੍ਰਧਾਨ ਅਸ਼ਵਨੀ ਸਿੰਗਲਾ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੀਤ ਪ੍ਰਧਾਨ ਸੰਜੀਵ ਲੀਹਲ, ਡਾਕਟਰ ਸੰਜੀਵ ਗਰਗ, ਡਾਕਟਰ ਪ੍ਰਵੀਨ ਗੋਇਲ, ਸੈਕਰੇਟਰੀ ਵਿਕਾਸ ਮਿੱਤਲ, ਸੈਕਰੇਟਰੀ ਅਮਿਤ, ਸਤੀਸ਼ ਸਿੰਗਲਾ, ਪਵਨ ਸਿੰਗਲਾ, ਸੈਕਰੇਟਰੀ ਗੁਰਦੀਪ ਸਿੰਘ, ਰਮੇਸ਼ ਸਰਪੰਚ, ਬਲਬੀਰ ਸਿੰਘ ਐੱਸ ਸੀ ਵਿੰਗ, ਮਨੋਜ ਬਾਂਸਲ, ਕਪਿਲ ਦੇਵ, ਜਸਪਾਲ ਸਿੰਘ ਆਦਿ ਮੌਜੂਦ ਸਨ।

## ਡੀ ਸੀ ਵੱਲੋਂ 3 ਆਈਲਟਸ ਸੈਂਟਰਾਂ ਦੇ ਲਾਇਸੰਸ ਰੱਦ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਨਿਰਦੇਸ਼ ਜਾਰੀ ਕਰਦੇ ਹੋਏ 3 ਆਈਲਟਸ ਸੈਂਟਰਾਂ ਦੇ ਲਾਇਸੰਸ ਰੱਦ ਕੀਤੇ ਹਨ।ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਪੰਜਾਬ ਮਨੁੱਖੀ ਤਸ਼ਕਰੀ ਰੋਕੂ ਐਕਟ 2012 ਅਧੀਨ ਜਾਰੀ ਪੰਜਾਬ ਮਨੁੱਖੀ ਤਸ਼ਕਰੀ ਨਿਯਮ 2013 (ਸੋਧਿਆ ਨਾਮ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ) ਦੇ ਤਹਿਤ ਐੱਮ ਐੱਸ ਏਐੱਸਕੇ ਯੂਐੱਸ ਕੰਸਲਟੇਸ਼ਨਜ਼, ਐਮਸੀਵੀਜ਼ੈੱਡ-4-03431 ਕਮਲਾ ਨਹਿਰੂ ਮਾਰਕਿਟ, ਬੀਬੀ ਵਾਲਾ ਰੋਡ ਬਠਿੰਡਾ ਦੇ ਨਾਮ 'ਤੇ ਕੁਲਦੀਪ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਮਕਾਨ ਨੰਬਰ ਬੀ 15 ਐੱਨਐੱਫਐੱਲ ਟਾਊਨਸ਼ਿਪ ਬਠਿੰਡਾ ਤੇ ਸਰਬਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮਕਾਨ ਨੰਬਰ 15433 ਗਲੀ ਨੰਬਰ 1 ਹਜ਼ੂਰਾ ਕਪੂਰਾ ਕਲੌਨੀ ਬਠਿੰਡਾ ਨੂੰ ਕੰਸਲਟੈਂਸੀ ਦਾ ਲਾਇਸੰਸ ਨੰਬਰ 128/ਸੀਈਏ/ਸੀਸੀ 999 ਮਿਤੀ 15 ਅਗਸਤ 2020 ਨੂੰ ਜਾਰੀ ਕੀਤਾ ਗਿਆ ਸੀ, ਜਿਸ ਦੀ ਮਿਆਦ 14 ਅਗਸਤ 2025 ਤੱਕ ਹੈ।ਜਾਰੀ ਹੁਕਮ ਅਨੁਸਾਰ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਹੁਣ ਪਾਟਨਰਜ਼ ਵੱਲੋਂ ਲਿਖਤੀ ਦਰਖਾਸਤ ਪੇਸ਼ ਕੀਤੀ ਗਈ ਹੈ ਕਿ ਉਨ੍ਹਾਂ ਦਾ ਲਾਇਸੰਸ ਰੱਦ ਕਰ ਦਿੱਤਾ ਜਾਵੇ।ਪੰਜਾਬ ਟਰੈਵਲ ਪ੍ਰੋਫੈਸ਼ਨਲ ਰੈਗੂਲੇਸ਼ਨ ਐਕਟ ਤਹਿਤ ਬਣੇ ਰੂਲ ਦੇ ਸੈਕਸ਼ਨ 8 (1) ਵਿੱਚ ਉਪਬੰਧ ਕੀਤਾ ਗਿਆ ਹੈ ਕਿ ਟਰੈਵਲ ਏਜੰਟ ਆਪਣਾ ਲਾਇਸੈਂਸ ਜਾਰੀ ਹੋਣ ਤੋਂ ਬਾਅਦ ਕਿਸੇ ਵੀ ਸਮੇਂ ਸਮਰਥ ਅਥਰਟੀ ਨੂੰ ਦੋ ਮਹੀਨਿਆਂ ਦਾ ਨੋਟਿਸ ਦੇ ਕੇ ਸਪਰਦ ਕਰ ਸਕਦਾ ਹੈ ਤੇ ਨੋਟਿਸ ਦੀ ਮਿਆਦ ਖਤਮ ਹੋਣ 'ਤੇ ਲਾਇਸੰਸ ਨੂੰ ਰੱਦ ਕਰ ਦਿੱਤਾ ਗਿਆ ਮੰਨਿਆ ਜਾਵੇਗਾ।ਇਸ ਤੋਂ ਇਲਾਵਾ ਇਸ ਫਾਰਮ ਜਾਂ ਕੁਲਦੀਪ ਸਿੰਘ, ਸਰਬਜੀਤ ਸਿੰਘ ਖਿਲਾਫ ਕੋਈ ਸ਼ਿਕਾਇਤ ਹੋਵੇਗੀ ਤਾਂ ਉਹ ਖੁਦ ਇਸ ਦੇ ਜ਼ਿੰਮੇਵਾਰ ਹੋਣਗੇ।

## ਜ਼ਿਮਨੀ ਚੋਣਾਂ 'ਚ 'ਆਪ' ਉਮੀਦਵਾਰਾਂ ਦੀ ਜਿੱਤ ਦੀ ਖੁਸ਼ੀ 'ਚ ਵੰਡੇ ਲੱਡੂ

■ ਇਕ ਵਾਰ ਫਿਰ ਲੋਕਾਂ ਨੇ 'ਆਪ' ਦੀਆਂ ਨੀਤੀਆਂ ਦਾ ਦਿੱਤਾ ਸਾਥ : ਜਗਰੂਪ ਗਿੱਲ



**ਬਠਿੰਡਾ (ਰਾਜੀਵ ਗੋਇਲ)**-ਸੂਬੇ ਦੀਆਂ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਵੱਲੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਨ ਦੀ ਖੁਸ਼ੀ ਵਿੱਚ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤੇ ਪਾਰਟੀ ਦੇ ਬਠਿੰਡਾ ਦਿਹਾਤੀ ਪ੍ਰਧਾਨ ਜਤਿੰਦਰ ਭੱਲਾ ਤੇ ਸ਼ਹਿਰੀ ਪ੍ਰਧਾਨ ਸੁਰਿੰਦਰ ਬਿੱਟੂ ਦੀ ਅਗਵਾਈ ਹੇਠ ਲੱਡੂ ਵੰਡੇ ਗਏ।ਗੁਰਦੁਆਰਾ ਕਿਲ੍ਹਾ ਮੁਬਾਰਕ ਸਾਹਿਬ ਵਿੱਚ ਲੱਡੂ ਵੰਡਣ ਸਮੇਂ ਬਠਿੰਡਾ ਸ਼ਹਿਰੀ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਉਨ੍ਹਾਂ ਆਖਿਆ ਕਿ ਇਕ ਵਾਰ ਫੇਰ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ 'ਤੇ ਮੋਹਰ ਲਾਈ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਲਗਾਤਾਰ ਆਮ ਆਦਮੀ ਪਾਰਟੀ ਦਾ ਸਾਥ ਦਿੰਦੇ ਆ ਰਹੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਲੋਕ ਪੰਜਾਬ ਸਰਕਾਰ ਵੱਲੋਂ ਕੀਤੇ ਕੰਮਾਂ ਤੋਂ ਖੁਸ਼ ਹਨ।ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਭੱਲਾ ਨੇ ਕਿਹਾ ਕਿ ਜ਼ਿਮਨੀ ਚੋਣਾਂ ਤੋਂ ਬਾਅਦ ਆਉਣ ਵਾਲੀਆਂ ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਸ਼ਾਨਦਾਰ ਜਿੱਤ ਪ੍ਰਾਪਤ ਕਰੇਗੀ।ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੀਤੇ ਜਾ ਰਹੇ ਕੰਮਾਂ ਤੋਂ ਸੰਤੁਸ਼ਟ ਹਨ।ਉਨ੍ਹਾਂ ਤਿੰਨ ਵਿਧਾਨ ਸਭਾ ਹਲਕਿਆਂ ਤੋਂ ਜ਼ਿਮਨੀ ਚੋਣ ਵਿੱਚ ਜਿੱਤ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਨੂੰ ਵਧਾਈ ਦਿੱਤੀ।ਜ਼ਿਲ੍ਹਾ ਸ਼ਹਿਰੀ ਦੇ ਪ੍ਰਧਾਨ ਸੁਰਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਜ਼ਿਮਨੀ ਚੋਣਾਂ ਜਿੱਤਣ ਨਾਲ ਪਾਰਟੀ ਹੋਰ ਮਜ਼ਬੂਤ ਹੋਈ ਹੈ।ਇਸ ਮੌਕੇ ਚੇਅਰਮੈਨ ਨੀਲ ਗਰਗ, ਚੇਅਰਮੈਨ ਨਵਦੀਪ ਸਿੰਘ ਜੀਦਾ, ਬਰਜਿੰਦਰ ਸਿੰਘ ਬਰਾੜ, ਸੁਖਦੀਪ ਸਿੰਘ, ਅਮਰਦੀਪ ਸਿੰਘ ਰਾਜਨ, ਸੀਨੀਅਰ ਆਗੂ ਗੋਵਿੰਦਰ ਸਿੰਘ ਸਮੇਤ ਵੱਡੀ ਗਿਣਤੀ ਆਗੂ ਤੇ ਵਲੰਟੀਅਰ ਹਾਜ਼ਰ ਸਨ।

# ਸੇਂਟ ਥਰੇਸਾ ਕੌਨਵੈਂਟ ਸਕੂਲ 'ਚ ਸਾਲਾਨਾ ਸਪੋਰਟਸ ਮੀਟ ਕਰਵਾਈ

**ਮੰਡੀਕਰਨ ਬੋਰਡ ਦੀ ਚੇਅਰਮੈਨ ਹਰਚੰਦ ਸਿੰਘ ਬਰਸਟ ਮੁੱਖ ਮਹਿਮਾਨ ਵਜੋਂ ਪੁੱਜੇ**



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੇਂਟ ਥਰੇਸਾ ਕੌਨਵੈਂਟ ਸਕੂਲ ਸਮਾਣਾ ਵਿਖੇ ਸਾਲਾਨਾ ਸਪੋਰਟਸ ਮੀਟ ਕਰਵਾਈ ਗਈ, ਜਿਸ ਵਿੱਚ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਮੁੱਖ ਮਹਿਮਾਨ ਵਜੋਂ ਪਹੁੰਚੇ, ਜਿਨ੍ਹਾਂ ਨਾਲ ਸ਼ਾਮ ਲਾਲ ਦੱਤ, ਹਰਤੇਜ ਸਿੰਘ ਸੰਧੂ ਐਡਵੋਕੇਟ ਤਰਲੋਕ ਸਿੰਘ ਸੰਧੂ, ਮੈਡਮ ਸੋਨੀਆ ਜਾਂਗਰਾ ਹਾਜ਼ਰ ਸਨ।ਸਕੂਲ ਦੀ ਪ੍ਰਿੰਸੀਪਲ ਮੈਡਮ ਸੁਨੀਥਾ ਵੱਲੋਂ ਸ੍. ਹਰਚੰਦ ਸਿੰਘ ਬਰਸਟ ਨੂੰ ਫੁੱਲਾਂ ਦਾ ਬੁੱਕਾ ਦੇ ਕੇ ਸਵਾਗਤ ਕੀਤਾ ਗਿਆ।ਸਕੂਲ ਦੀ ਸਪੋਰਟਸ ਮੀਟ ਪ੍ਰਾਰਥਨਾ ਨਾਲ ਸ਼ੁਰੂ ਹੋਈ।ਪੱਤਰਕਾਰਾਂ ਵੱਲੋਂ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਸਕੂਲ ਨੂੰ ਆਉਣ ਵਾਲੀ ਸੜਕ ਜਲਦੀ ਹੀ ਪੱਕੀ ਕਰਵਾ ਦਿੱਤੀ ਜਾਵੇਗੀ। ਇਸ ਮੌਕੇ ਸਕੂਲੀ ਬੱਚਿਆਂ ਤੋਂ ਇਲਾਵਾ ਉਨ੍ਹਾਂ ਦੇ ਮਾਤਾ-ਪਿਤਾ ਵੀ ਇਸ ਸਪੋਰਟਸ ਮੀਟ ਵਿੱਚ ਹਾਜ਼ਰ ਸਨ।ਸਕੂਲ ਪ੍ਰਿੰਸੀਪਲ ਸਿਸਟਰ ਸੁਨੀਥਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।

ਇਸ ਮੌਕੇ ਬੱਚਿਆਂ ਦੀਆਂ ਵੱਖ ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਗਏ ਅਤੇ ਖੇਡਾਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਦਿਆਂ ਸ੍. ਬਰਸਟ ਨੇ ਕਿਹਾ ਕਿ ਬੱਚਿਆਂ ਨੂੰ ਜ਼ਿੰਦਗੀ ਵਿੱਚ ਕੁਝ ਕਰ ਗੁਜ਼ਰਨ ਲਈ ਸੁਪਨੇ ਦੇਖਣ ਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਸਖਤ ਮਿਹਨਤ ਕਰਨੀ ਚਾਹੀਦੀ ਹੈ।ਖੇਡਾਂ ਸਾਨੂੰ ਜਿੱਤ ਤੇ ਹਾਰ ਬਰਦਾਸ਼ਤ ਕਰਨਾ ਸਿਖਾਉਂਦੀਆਂ ਹਨ ਤੇ ਖੇਡਣ ਨਾਲ ਸਾਡਾ ਸਮਾਜਿਕ, ਸਰੀਰਕ ਅਤੇ ਮਾਨਸਿਕ ਵਿਕਾਸ ਹੰਦਾ ਹੈ।ਇਸ ਮੌਕੇ ਵਿਸ਼ੇਸ਼ ਮਹਿਮਾਨ ਸ੍ਰੀ ਸ਼ਾਮ ਲਾਲ ਦੱਤ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅਹਿਮ ਹਿੱਸਾ ਹਨ ਤੇ ਅਜਿਹੀਆਂ ਪ੍ਰਤੀਯੋਗਤਾਵਾਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹਨ।ਇਸ ਮੌਕੇ ਪ੍ਰਿੰਸੀਪਲ ਸਿਸਟਰ ਸੁਨੀਥਾ ਤੇ ਸ੍ਰਨੇ ਨੈਂਸੀ ਨੇ ਬੱਚਿਆਂ ਨੂੰ ਜੀਵਨ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਖੇਡਣ ਵਿੱਚ ਵੀ ਦਿਲਚਸਪੀ ਲੈਣੀ ਚਾਹੀਦੀ ਹੈ।

# ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਬੀਜੀ ਕਣਕ ਦਾ ਸਰਵੇਖਣ

■ ਕਿਸਾਨ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਮਾਹਰਾਂ ਦੀ ਰਾਏ ਅਨੁਸਾਰ ਹੀ ਕਰਨ : ਮੁੱਖ ਖੇਤੀਬਾੜੀ ਅਫ਼ਸਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਬੀਜੀ ਕਣਕ ਦਾ ਸਰਵੇਖਣ ਕੀਤਾ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਦੱਸਿਆ ਕਿ ਖੇਤੀਬਾੜੀ ਵਿਭਾਗ ਦੇ ਸਮੂਹ ਬਲਾਕਾਂ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਅ ਲਈ ਟੀਮਾਂ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਬਲਾਕ ਦੇ ਖੇਤੀਬਾੜੀ ਬਲਾਕ ਅਫ਼ਸਰ, ਖੇਤੀਬਾੜੀ ਵਿਕਾਸ ਅਫ਼ਸਰ, ਖੇਤੀਬਾੜੀ ਵਿਸਥਾਰ ਅਫ਼ਸਰ ਤੇ ਖੇਤੀਬਾੜੀ ਉਪ-ਨਿਰੀਖਣ ਖੇਤਾਂ ਵਿੱਚ ਜਾ ਕੇ ਬੀਜੀ ਕਣਕ ਦਾ ਸਰਵੇਖਣ ਕਰ ਰਹੇ ਹਨ।ਉਨ੍ਹਾ ਦੱਸਿਆ ਕਿ ਜ਼ਿਲ੍ਹੇ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਨਾ-ਮਾਤਰ ਹੀ ਹੈ, ਪਰ ਅਹਿਤਿਆਤ ਵਜੋਂ ਕਿਸਾਨ ਆਪਣੀ ਫ਼ਸਲ ਦਾ ਸਰਵੇਖਣ ਕਰਦੇ ਰਹਿਣ।ਉਨ੍ਹਾ ਕਿਹਾ ਕਿ ਜੇਕਰ ਕਿਸੇ ਕਿਸਾਨ ਨੂੰ ਆਪਣੇ ਖੇਤ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦਾ ਪਤਾ ਲੱਗੇ ਤਾਂ ਉਹ ਤੁਰੰਤ ਆਪਣੇ ਬਲਾਕ ਖੇਤੀਬਾੜੀ ਦਫ਼ਤਰ ਨਾਲ ਸੰਪਰਕ ਕਰੇ।

ਡਾ. ਜਸਵਿੰਦਰ ਸਿੰਘ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਣਕ ਦੀ ਫਸਲ ਨੂੰ ਗੁਲਾਬੀ ਸੁੰਡੀ ਤੋਂ ਬਚਾਉਣ ਲਈ ਹਮੇਸ਼ਾ ਬੀਜ ਨੂੰ ਕੀਟਨਾਸ਼ਕ ਜਿਵੇਂ ਕਿ 160 ਮਿ. ਲਿ. ਕਲੋਰੋਪਾਇਰੀਫਾਸ ਜਾਂ 80 ਮਿ. ਲਿ. ਇਮਿਡਾਕਲੋਪਰਿਡ ਤੇ ਹੈਪਸਾਕੋਨਾਜ਼ੋਲ ਪ੍ਰਤੀ 40 ਕਿਲੋ ਬੀਜ ਨਾਲ ਸੋਧ ਕੇ ਬਿਜਾਈ ਕੀਤੀ ਜਾਵੇ।ਜੇਕਰ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਫਿਪਰੋਨਿਲ ਜਾਂ ਇਕ ਲਿਟਰ ਕਲੋਰੋਪਾਇਰੀਫਾਸ 20 ਈ ਸ ਨੂੰ 20 ਕਿਲੋ ਸਿੱਲੀ ਮਿੱਟੀ ਵਿੱਚ ਰਲਾ ਕੇ ਛਿੱਟਾ ਦਿੱਤਾ ਜਾ ਸਕਦਾ ਹੈ ਜਾਂ ਇਸ ਦੇ ਬਦਲ ਵਜੋਂ 50 ਮਿ. ਲਿ. ਪ੍ਰਤੀ ਏਕੜ ਕੋਰਾਜ਼ਿਨ 18.5 ਐੱਸ ਸੀ (ਕਲੋਰਐਂਟਰਾਨਿਲੀਪਰੋਲ) ਨੂੰ 80-100 ਲੀਟਰ ਪਾਣੀ ਵਿੱਚ ਘੋਲ ਕੇ ਨੈਪਸੈਕ ਪੰਪ ਨਾਲ ਛਿੜਕਾਅ ਕੀਤਾ ਜਾ ਸਕਦਾ ਹੈ।ਉਨ੍ਹਾ ਕਿਹਾ ਕਿ ਕਿਸਾਨ ਖੇਤਾਂ ਵਿੱਚ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਮਾਹਰਾਂ ਦੀ ਰਾਏ ਅਨੁਸਾਰ ਹੀ ਕਰਨ।

## ਸਰਪੰਚ ਦਾ ਭਰਾ ਗੋਲੀਆਂ ਮਾਰ ਕੇ ਕਤਲ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਰੰਜਿਸ਼ ਦੇ ਚਲਦਿਆਂ ਇੱਕ ਵਿਅਕਤੀ ਦਾ ਕਤਲ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ। ਮਿਲੀ ਜਾਣਕਾਰੀ ਅਨੁਸਾਰ ਪੁਲਸ ਜ਼ਿਲਾ ਬਟਾਲਾ ਦੇ ਥਾਣਾ ਸੇਖਵਾਂ ਅਧੀਨ ਪੈਂਦੀ ਚੌਕੀ ਵਡਾਲਾ ਗ੍ਰੰਥੀਆਂ ਦੇ ਪਿੰਡ ਰਸੂਲਪੁਰ ਵਿਖੇ ਬੀਤੀ ਰਾਤ ਇਕ ਕਾਰ ਸਵਾਰ ਵਿਅਕਤੀ ਦੀ ਗੋਲੀਆਂ ਮਾਰ ਕੇ ਕਤਲ ਕਰਨ ਦਾ ਸਮਾਚਾਰ ਮਿਲਿਆ ਹੈ।ਇਸ ਸੰਬੰਧੀ ਮ੍ਰਿਤਕ ਬਲਬੀਰ ਸਿੰਘ ਸਾਬੀ (47) ਪੁੱਤਰ ਲਖਬੀਰ ਸਿੰਘ ਵਾਸੀ ਕਰਨਾਮਾ ਦੇ ਭਰਾ ਆਮ ਆਦਮੀ ਪਾਰਟੀ ਦੇ ਸਰਪੰਚ ਗੁਰਮੀਤ ਸਿੰਘ ਵਾਸੀ ਪਿੰਡ ਕਰਨਾਮਾ ਨੇ ਦੱਸਿਆ ਕਿ ਉਸ ਦਾ ਭਰਾ ਬਲਬੀਰ ਸਿੰਘ ਜੋ ਕਿ ਇਲੈਕਟਰੀਸ਼ੀਅਨ ਦਾ ਕੰਮ ਕਰਦਾ ਸੀ, ਕਿਸੇ ਕੰਮ ਵਾਸਤੇ ਬੀਤੀ ਰਾਤ ਕਾਰ ਉਤੇ ਪਿੰਡ ਦੁਨੀਆ ਸੰਧੂ ਵਿਖੇ ਜਾ ਰਿਹਾ ਸੀ ਕਿ ਪਿੰਡ ਰਸੂਲਪੁਰ ਨਜ਼ਦੀਕ ਉਸ ਦਾ ਗੋਲੀਆਂ ਮਾਰ ਕੇ ਕਿਸੇ ਨੇ ਕਤਲ ਕਰ ਦਿੱਤਾ ਹੈ।ਘਟਨਾ ਸਥਾਨ ਉਤੇ ਜਾਂਚ ਕਰ ਰਹੇ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਕਾਰ ਦੇ ਮੂਹਰੇ ਸ਼ੀਸ਼ੇ ਰਾਹੀਂ ਗੋਲੀ ਚੱਲੀ ਹੋਈ ਹੈ।ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਇਸ ਕੇਸ ਦੀ ਪੂਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਦੋਸ਼ੀ ਨੂੰ ਫੜ ਲਿਆ ਜਾਵੇਗਾ।ਉਧਰ ਦੂਜੇ ਪਾਸੇ ਜਦੋਂ ਇਸ ਮਾਮਲੇ ਸੰਬੰਧੀ ਪੁਲਸ ਥਾਣਾ ਸੇਖਵਾਂ ਦੇ ਐੱਸ ਐੱਚ ਓ ਗੁਰਮਿੰਦਰ ਸਿੰਘ ਢਿੱਲੋਂ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ।ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਜਲਦੀ ਹੀ ਗੋਲੀਆਂ ਮਾਰਨ ਵਾਲੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਉਧਰ ਦੂਜੇ ਪਾਸੇ ਘਟਨਾ ਸਥਾਨ 'ਤੇ ਪਹੁੰਚੇ ਡੀ ਐੱਸ ਪੀ ਸਿਟੀ ਬਟਾਲਾ ਸੰਜੀਵ ਕੁਮਾਰ ਦੇ ਵੱਲੋਂ ਵੀ ਪੁਲਸ ਟੀਮ ਸਮੇਤ ਮੌਕੇ 'ਤੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ ਗਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ।

## ਆਰ ਐੱਮ ਪੀ ਆਈ ਵੱਲੋਂ ਵਿਸ਼ਾਲ ਸਿਆਸੀ ਕਾਨਫਰੰਸ

### * ਭਾਜਪਾ ਦੇਸ਼ 'ਚੋਂ ਜਮਹੂਰੀਅਤ ਨੂੰ ਖ਼ਤਮ ਕਰਕੇ ਧਾਰਮਿਕ ਕੱਟੜਤਾ ਫੈਲਾ ਰਹੀ: ਪਾਸਲਾ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਵੱਲੋਂ ਬੱਸ ਸਟੈਂਡ ਭਿੱਖੀਵਿੰਡ 'ਚ ਵਿਸ਼ਾਲ ਰਾਜਨੀਤਕ ਕਾਨਫਰੰਸ ਕੀਤੀ ਗਈ।ਕਾਨਫਰੰਸ ਦੀ ਪ੍ਰਧਾਨਗੀ ਜਸਵੰਤ ਸਿੰਘ ਭਿੱਖੀਵਿੰਡ, ਧਰਮ ਸਿੰਘ ਪੱਟੀ, ਨੌਜਵਾਨ ਆਗੂ ਲਾਜਰ ਲਾਖਣਾ, ਗੁਰਦੇਵ ਸਿੰਘ ਮਨਿਹਾਲਾ ਵੱਲੋਂ ਕੀਤੀ ਗਈ।ਇਸ ਮੌਕੇ ਆਪਣੇ ਸੰਬੋਧਨ 'ਚ ਪਾਰਟੀ ਦੇ ਹਿੰਦ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਲਈ ਕਿਰਤੀ ਕਿਸਾਨਾਂ ਅਤੇ ਆਮ ਲੋਕਾਂ ਦਾ ਗਲਾ ਘੁੱਟ ਰਹੀ ਹੈ।ਪਾਸਲਾ ਨੇ ਕਿਹਾ ਕਿ ਭਾਜਪਾਈ ਧਰਮ ਦੇ ਨਾਂਅ 'ਤੇ ਲੋਕਾਂ ਨੂੰ ਲੜਾ ਰਹੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਦੇਸ਼ ਵਿੱਚੋਂ ਜਮਹੂਰੀਅਤ ਨੂੰ ਖ਼ਤਮ ਕਰਕੇ ਧਾਰਮਿਕ ਕੱਟੜਤਾ ਪੈਦਾ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਆਰਐੱਸਐੱਸ ਦੀ ਵਿਚਾਰਧਾਰਾ ਤਹਿਤ ਦੇਸ਼ ਵਿੱਚ ਮੰਨੂਵਾਦੀ ਵਿਵਸਥਾ ਲਾਗੂ ਕਰਨਾ ਚਾਹੁੰਦੀ ਹੈ।ਇਸ ਮੌਕੇ ਉਨ੍ਹਾਂ ਆਮ ਲੋਕਾਂ ਨੂੰ ਫ਼ਿਰਕੂਵਾਦ ਖ਼ਿਲਾਫ਼ ਖੱਬੀਆਂ ਤੇ ਜਮਹੂਰੀ ਧਿਰਾਂ ਦਾ ਸਾਥ ਦੇਣ ਦੀ ਅਪੀਲ ਕੀਤੀ।ਇਸ ਮੌਕੇ ਸੂਬਾਈ ਸਕੱਤਰ ਪ੍ਰਗਟ ਸਿੰਘ ਜਾਮਾਰਾਏ ਅਤੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਵਿਦਿਆਰਥੀਆਂ ਨਾਲ ਕੀਤੇ ਵੱਡੇ-ਵੱਡੇ ਵਾਅਦਿਆਂ ਨੂੰ ਭੁਲਾ ਕੇ ਸੱਤਾ ਦਾ ਅਨੰਦ ਮਾਣ ਰਹੇ ਹਨ।ਆਗੂਆਂ ਨੇ ਕਿਹਾ ਕਿ ਲਗਭਗ ਤਿੰਨ ਸਾਲਾਂ ਤੋਂ ਸੱਤਾ 'ਤੇ ਕਾਬਜ਼ ਆਮ ਆਦਮੀ ਪਾਰਟੀ ਦੀ ਸਰਕਾਰ ਚੋਣਾਂ ਦੌਰਾਨ ਕੀਤੇ ਵਾਅਦਿਆਂ ਜਿਨ੍ਹਾਂ ਵਿੱਚ ਹਰੇਕ ਪਰਿਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ ਦੇਣਾ, ਖੇਤ ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨਾਂ ਵਿੱਚੋਂ ਪੰਜ-ਪੰਜ ਮਰਲੇ ਦੇ ਪਲਾਟ ਅਲਾਟ ਕਰਨਾ, ਸੂਬੇ ਅੰਦਰੋਂ ਨਸ਼ੇ ਨੂੰ ਜੜ੍ਹੋਂ ਖ਼ਤਮ ਕਰਨਾ ਅਹਿਮ ਹਨ, 'ਚ ਅਸਫ਼ਲ ਸਾਬਤ ਹੋਈ ਹੈ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਸਾਹਬ ਲੋਕਾਂ ਨੂੰ ਚੁਟਕਲੇ ਸੁਣਾਉਣ ਦੀ ਬਜਾਏ ਸੂਬੇ ਦੇ ਅਹਿਮ ਮੁੱਦਿਆਂ ਵੱਲ ਧਿਆਨ ਦੇਣ।

ਉਨ੍ਹਾਂ ਕਿਰਤੀ ਲੋਕਾਂ ਨੂੰ ਆਰਐੱਮਪੀਆਈ ਵੱਲੋਂ ਸਰਕਾਰ ਖ਼ਿਲਾਫ਼ ਲੜੇ ਜਾ ਰਹੇ ਸੰਘਰਸ਼ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਹਰਜਿੰਦਰ ਸਿੰਘ ਚੂੰਘ, ਸਵਿੰਦਰ ਸਿੰਘ ਚੱਕ, ਗੁਰਬੀਰ ਭੱਟੀ ਰਾਜੋਕੇ, ਬਲਵਿੰਦਰ ਸਿੰਘ ਚੀਮਾ, ਸ਼ਾਮ ਲਾਲ, ਬਿੱਕਰ ਸਿੰਘ ਭਗਵਾਨਪੁਰਾ, ਗੁਰਲਾਲ ਸਿੰਘ ਅਲਗੋਂ, ਸੰਤੋਖ ਸਿੰਘ ਮੱਖੀ ਕਲਾ, ਮਨਦੀਪ ਸਿੰਘ ਕਲਸੀ, ਭਗਵੰਤ ਸਿੰਘ ਸੁਰਸਿੰਘ ਆਦਿ ਆਗੂ ਹਾਜ਼ਰ ਸਨ।

## 'ਸੰਪਰਕ' ਪ੍ਰੋਗਰਾਮ ਤਹਿਤ ਬੁਤਾਲਾ ਚੌਕੀ 'ਚ ਮੀਟਿੰਗ



ਬੁਤਾਲਾ (ਨਿਰਮਲ ਸਿੰਘ ਸੰਧੂ)-ਆਮ ਲੋਕਾਂ ਦੀ ਮਦਦ ਨਾਲ ਪੰਜਾਬ ਸੂਬੇ ਨੂੰ ਨਸ਼ਾ ਮੁਕਤ ਕੀਤਾ ਜਾ ਰਿਹਾ ਹੈ। ਇਨ੍ਹਾਂ ਸਤਰਾਂ ਦਾ ਪ੍ਰਗਟਾਵਾ ਡੀ. ਐੱਸ. ਪੀ. ਅਰੁਣ ਸ਼ਰਮਾ ਬਾਬਾ ਬਕਾਲਾ ਸਾਹਿਬ ਨੇ ਕਸਬਾ ਬੁਤਾਲਾ ਦੇ ਸਰਪੰਚਾਂ, ਪੰਚਾਂ ਅਤੇ ਪਿੰਡ ਦੇ ਮੋਹਤਬਰਾਂ ਨਾਲ ਨਸ਼ਿਆ ਦੇ ਖਿਲਾਫ਼ ਕੀਤੀ ਮੀਟਿੰਗ 'ਚ ਕੀਤਾ।ਅੱਜ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਪਿੰਡ ਲੈਵਲ ਦੇ ਅਧਾਰ ਤੇ ਹਰ ਪਿੰਡ ਦੇ ਸਰਪੰਚ ਨੂੰ ਨਸ਼ਿਆ ਖਿਲਾਫ਼ ਮੁਹਿੰਮ ਵਿੱਢਣ ਦੀ ਜ਼ਰੂਰਤ ਹੈ।ਉਨ੍ਹਾਂ ਨੇ ਕਿਹਾ ਕਿ ਜਿਹੜੇ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਨ੍ਹਾਂ ਲਈ ਪੰਜਾਬ ਪੁਲਸ ਹਾਜ਼ਰ ਹੈ।ਇਸ ਮੌਕੇ ਸਰਪੰਚ ਸੁਖਵਿੰਦਰ ਸਿੰਘ, ਗਿਆਨ ਸਿੰਘ ਮਾਣਾ, ਸਰਪੰਚ ਤੇਜਿੰਦਰ ਸਿੰਘ (ਰਾਜਪੁਰ), ਸਰਪੰਚ ਸੋਹਣ ਸਿੰਘ (ਐੱਮ.ਪੀ.), ਨਰੰਗਪੁਰ, ਸਾਬਕਾ ਸਰਪੰਚ ਯਾਦਵਿੰਦਰ ਸਿੰਘ ਸਾਬੀ, ਸਾਬਕਾ ਸਰਪੰਚ ਗੁਰਮੀਤ ਸਿੰਘ, ਸੂਬੇਦਾਰ ਨਿਰਵੈਲ ਸਿੰਘ, ਸੂਬੇਦਾਰ ਅਮਨਦੀਪ ਸਿੰਘ, ਚਰਨਜੀਤ ਸਿੰਘ (ਜੈਲਦਾਰ), ਰਵੇਲ ਸਿੰਘ, ਪ੍ਰਭਜੀਤ ਸਿੰਘ ਚਾਹਲ, ਗੁਰਪ੍ਰੀਤ ਸਿੰਘ ਗੋਪੀ, ਮਨਦੀਪ ਸਿੰਘ ਦੀਪਾ, ਹਰਪਾਲ ਸਿੰਘ, ਜੱਗਜੀਤ ਸਿੰਘ, ਮਾਸਟਰ ਅੰਮ੍ਰਿਤਪਾਲ ਸਿੰਘ ਆਦਿ ਹਾਜ਼ਰ ਸਨ।

## ਵੱਡੇ ਸੁਪਨੇ ਵੇਖੋ ਪਰ ਯਾਦ ਰੱਖੋ ਸੁਪਨਿਆਂ ਤੇ ਹਕੀਕਤ ਦੇ ਵਿਚਕਾਰ ਦਾ ਪੁਲ ਤੁਹਾਡਾ ਕਰਮ ਹੈ:ਰਾਮ ਗੋਵਿੰਦ




ਗੁਰਦਾਸਪੁਰ (ਜਨਕ ਮਹਾਜਨ)-ਉੱਤਰਾਖੰਡ ਦੇ ਹਲਦਵਾਨੀ ਤੋਂ ਆਏ ਸਮਾਜਿਕ ਵਿਸ਼ਿਆਂ ਦੇ ਅੰਤਰਰਾਸ਼ਟਰੀ ਪੱਧਰੀ ਵਿਦਵਾਨ ਰਾਮ ਗੋਵਿੰਦ ਦਾਸ ਨੇ ਆਰ.ਆਰ. ਬਾਵਾ ਡੀਏਵੀ ਗਰਲਜ਼ ਕਾਲਜ ਵਿਖੇ ਜੀਵਨ ਵਿੱਚ ਸਫਲਤਾ ਕਿਵੇਂ ਪ੍ਰਾਪਤ ਕਰੀਏ ਵਿਸ਼ੇ 'ਤੇ ਪ੍ਰੇਰਨਾਦਾਇਕ ਲੈਕਚਰ ਦਿੱਤਾ।ਉਨ੍ਹਾਂ ਨੇ ਵਿਦਿਆ ਦੀ ਮਹੱਤਤਾ ਉਤੇ ਰੌਸ਼ਨੀ ਪਾਉਂਦਿਆਂ ਵਿਦਿਆਰਥੀਆਂ ਨੂੰ ਸਿਖਲਾਈ ਅਤੇ ਹੁਨਰ ਵਿਕਾਸ ਨੂੰ ਤਰਜੀਹ ਦੇਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ, ਤੁਹਾਡੀ ਸਿੱਖਿਆ ਤੁਹਾਡਾ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ। ਇਹ ਤੁਹਾਨੂੰ ਸਮਾਜ ਵਿੱਚ ਮਹੱਤਵਪੂਰਨ ਯੋਗਦਾਨ ਦੇਣ ਅਤੇ ਆਪਣੇ ਨਿੱਜੀ ਮਕਸਦਾਂ ਨੂੰ ਹਾਸਲ ਕਰਨ ਲਈ ਯੋਗ ਬਣਾਉਂਦੀ ਹੈ।ਵਕਤਾ ਅਤੇ ਸਮਾਜ ਸੇਵਕ ਦੇ ਤੌਰ 'ਤੇ ਆਪਣੇ ਵਿਸ਼ਾਲ ਅਨੁਭਵ ਤੋਂ ਪ੍ਰੇਰਨਾ ਲੈਂਦਿਆਂ ਰਾਮ ਗੋਵਿੰਦ ਦਾਸ ਨੇ ਯੁਵਾ ਦਰਸ਼ਕਾਂ ਨਾਲ ਜੁੜਨ ਲਈ ਸਬੰਧਤ ਕਹਾਣੀਆਂ ਅਤੇ ਉਦਾਹਰਨਾਂ ਦੀ ਵਰਤੋਂ ਕੀਤੀ।ਉਨ੍ਹਾਂ ਨੇ ਸਮੇਂ ਦਾ ਸਹੀ ਪ੍ਰਬੰਧਨ ਅਤੇ ਨਿਸ਼ਾਨੇ 'ਤੇ ਧਿਆਨ ਕੇਂਦਰਿਤ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਉਨ੍ਹਾਂ ਕਿਹਾ ਕਿ ਵੱਡੇ ਸੁਪਨੇ ਵੇਖੋ ਪਰ ਯਾਦ ਰੱਖੋ, ਸੁਪਨਿਆਂ ਅਤੇ ਹਕੀਕਤ ਦੇ ਵਿਚਕਾਰ ਦਾ ਪੁਲ ਤੁਹਾਡਾ ਕਰਮ ਹੈ।ਸੈਸ਼ਨ ਵਿੱਚ ਇੰਟਰਐਕਟਿਵ ਪ੍ਰਸ਼ਨ-ਉੱਤਰ ਸੈਗਮੈਂਟ ਵੀ ਸ਼ਾਮਲ ਸੀ, ਜਿੱਥੇ ਵਿਦਿਆਰਥੀਆਂ ਨੇ ਖੁਦ 'ਤੇ ਸ਼ੱਕ ਨੂੰ ਦੂਰ ਕਰਨ, ਸਹਿਯੋਗੀ ਦਬਾਅ ਨੂੰ ਸੰਭਾਲਣ ਅਤੇ ਪ੍ਰੇਰਣਾ ਬਰਕਰਾਰ ਰੱਖਣ ਬਾਰੇ ਸਵਾਲ ਕੀਤੇ। ਕਾਲਜ ਦੀ ਪ੍ਰਿੰ. ਡਾ. ਏਕਤਾ ਖੋਸਲਾ ਨੇ ਕਿਹਾ ਕਿ ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਅਸਾਂ ਐਸੇ ਪ੍ਰਸਿੱਧ ਵਿਦਵਾਨ ਦੀ ਮੇਜ਼ਬਾਨੀ ਕੀਤੀ।

ਉਨ੍ਹਾਂ ਦੇ ਬਚਨਾਂ ਨੇ ਸਿਰਫ਼ ਸਾਡੇ ਵਿਦਿਆਰਥੀਆਂ ਨੂੰ ਪ੍ਰੇਰਨਾ ਹੀ ਨਹੀਂ ਦਿੱਤੀ, ਬਲਕਿ ਉਨ੍ਹਾਂ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਇੱਕ ਮਾਰਗ ਵੀ ਪ੍ਰਦਾਨ ਕੀਤਾ ਹੈ।ਇਸ ਮੌਕੇ ਵਿਕਰਮਜੀਤ ਸਿੰਘ ਐੱਸ. ਡੀ. ਐੱਮ. ਬਟਾਲਾ, ਪਰਮਿੰਦਰ ਸਿੰਘ ਸੈਣੀ ਸਮੇਤ ਵੱਖ ਵੱਖ ਸ਼ਖਸੀਅਤਾਂ ਅਤੇ ਵਿਦਿਆਰਥਣਾਂ ਮੌਜੂਦ ਸਨ।

## ਧਾਰਮਿਕ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਵੱਲੋਂ ਧਾਰਮਿਕ /ਵਿੱਦਿਅਕ ਮੁਕਾਬਲਿਆਂ ਵਿੱਚ ਹਿੱਸਾ ਲਿਆ।ਇਹ ਮੁਕਾਬਲੇ ਦੇਸ਼, ਧਰਮ ਅਤੇ ਕੌਮ ਲਈ ਲਾਸਾਨੀ ਕੁਰਬਾਨੀਆਂ ਕਰਨ ਵਾਲੇ ਸਮੂਹ ਸ਼ਹੀਦ ਸਿੰਘਾਂ ਨੂੰ ਸਮਰਪਿਤ, ਦਮਦਮੀ ਟਕਸਾਲ ਰਣਜੀਤ ਅਖਾੜਾ ਗੁਰਮਿਤ ਵਿਦਿਆਲਾ ਵੱਲੋਂ ਵਡਾਲਾ ਗ੍ਰੰਥੀਆਂ ਵਿਖੇ 22 ਨਵੰਬਰ ਨੂੰ ਕਰਵਾਏ ਗਏ ਜਿਸ ਵਿੱਚ ਸੋਲੋ ਸ਼ਬਦ ਗਾਇਨ ਵਿੱਚ ਹਰਪ੍ਰੀਤ ਕੌਰ ਅਤੇ ਗਰੁੱਪ ਸ਼ਬਦ ਗਾਇਨ ਵਿੱਚ ਕਾਲਜ ਦੇ ਵਿਦਿਆਰਥੀਆਂ ਵੱਲੋਂ ਪਹਿਲਾ ਸਥਾਨ ਹਾਸਿਲ ਕੀਤਾ ।ਇਸ ਮੌਕੇ ਕਾਲਜ ਦੇ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਆਪਣੇ ਸ਼ਾਨਮੱਤੇ ਵਿਰਸੇ ਨਾਲ ਜੁੜ ਕੇ ਇੱਕ ਸੁਹਿਰਦ ਅਤੇ ਖੁਸ਼ਹਾਲ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕੀਤਾ।ਇਸ ਸੁਨਹਿਰੇ ਅਵਸਰ 'ਤੇ ਕਾਲਜ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ, ਸਕੂਲ ਪ੍ਰਿੰ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ, ਸੁਖਦੇਵ ਸਿੰਘ, ਪ੍ਰੋਫੈਸਰ ਸਾਹਿਬਾਨ ਅਤੇ ਕਾਬਲ ਸਿੰਘ ਨੇ ਸਮੂਹ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

## ਮਾਣਯੋਗ ਕਮਿਸ਼ਨਰ ਜਲੰਧਰ ਡਵੀਜ਼ਨ ਵੱਲੋਂ ਵੋਟਰ ਸੁਧਾਈ ਲਈ ਲੱਗੇ ਸਪੈਸ਼ਲ ਕੈਂਪਾਂ ਦਾ ਦੌਰਾ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਮਾਣਯੋਗ ਕਮਿਸ਼ਨਰ ਜਲੰਧਰ ਡਵੀਜ਼ਨ ਪ੍ਰਦੀਪ ਸੱਭਰਵਾਲ ਗੁਰਦਾਸਪੁਰ ਪਹੁੰਚੇ ਜਿਨ੍ਹਾਂ ਦਾ ਡਿਪਟੀ ਕਮਿਸ਼ਨਰ ਗੁਰਦਾਸਪੁਰ ਉਮਾ ਸ਼ੰਕਰ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਥਾਨਕ ਪੀਡਬਲਿਊਡੀ ਰੈਸਟ ਹਾਊਸ ਵਿਖੇ ਭਰਵਾਂ ਅਤੇ ਨਿੱਘਾ ਸਵਾਗਤ ਕੀਤਾ ਗਿਆ।ਇਸ ਮੌਕੇ ਸੁਰਿੰਦਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜ), ਗੁਰਦਾਸਪੁਰ, ਕਰਮਜੀਤ ਸਿੰਘ ਐੱਸਡੀਐੱਮ ਗੁਰਦਾਸਪੁਰ, ਆਦਿਤਿਆ ਗੁਪਤਾ, ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਵੀ ਮੌਜੂਦ ਸਨ।ਮਾਣਯੋਗ ਕਮਿਸ਼ਨਰ ਜਲੰਧਰ ਡਵੀਜ਼ਨ ਪ੍ਰਦੀਪ ਸੱਭਰਵਾਲ ਵਲੋਂ ਗੁਰਦਾਸਪੁਰ, ਸ੍ਰੀ ਹਰਗੋਬਿੰਦਪੁਰ ਸਾਹਿਬ ਸਮੇਤ ਵੱਖ-ਵੱਖ ਪੋਲਿੰਗ ਸਟੇਸ਼ਨਾਂ ਵਿਖੇ ਵੋਟਰ ਸੁਧਾਈ ਲਈ ਲੱਗੇ ਸਪੈਸ਼ਲ ਕੈਂਪਾਂ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਵਲੋਂ ਬੀਐਲਓਜ਼ ਦੇ ਰਜਿਸਟਰ ਅਤੇ ਪ੍ਰਾਪਤ ਕੀਤੇ ਫਾਰਮਾਂ ਨੂੰ ਚੈਕ ਕੀਤਾ ਗਿਆ ਅਤੇ ਵੋਟਰ ਸੂਚੀ ਨੂੰ ਸਾਫ ਸੁਥਰੀ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ।ਇਸ ਮੌਕੇ ਮਾਣਯੋਗ ਕਮਿਸ਼ਨਰ ਜਲੰਧਰ ਡਵੀਜ਼ਨ ਪ੍ਰਦੀਪ ਸੱਭਰਵਾਲ ਵਲੋਂ ਗੁਰਦਾਸਪੁਰ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਨਗਰ ਕੌਂਸਲ ਗੁਰਦਾਸਪੁਰ ਵਿੱਚ ਬਣੇ ਪੋਲਿੰਗ ਸਟੇਸ਼ਨ ਅਤੇ ਸ੍ਰੀ ਹਰਗੋਬਿੰਦਪੁਰ ਸਾਹਿਬ ਵਿਖੇ ਹਰਚੋਵਾਲ ਅਤੇ ਕਿਸ਼ਨਕੋਟ ਪੋਲਿੰਗ ਬੂਥ ਦਾ ਜਾਇਜ਼ਾ ਲਿਆ ਗਿਆ। ਦੱਸਣਯੋਗ ਹੈ ਕਿ ਮਾਣਯੋਗ ਕਮਿਸ਼ਨਰ, ਜਲੰਧਰ ਡਵੀਜ਼ਨ, ਪ੍ਰਦੀਪ ਸੱਭਰਵਾਲ, ਗੁਰਦਾਸਪੁਰ ਵਿਖੇ ਡਿਪਟੀ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ ਅਤੇ ਐੱਸ.ਡੀ.ਐੱਮ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ।ਇਸ ਮੌਕੇ ਐੱਸ.ਡੀ.ਐੱਮ. ਕਲਾਨੌਰ ਮੈਡਮ ਜਯੋਤਸਨਾ ਸਿੰਘ ਡਿਪਟੀ ਡੀਈਓ ਲਖਵਿੰਦਰ ਸਿੰਘ, ਰਣਜੀਤ ਸਿੰਘ ਬੁੱਟਰ ਕਾਨੂੰਗੋ ਵੀ ਮੌਜੂਦ ਸਨ।

## ਥਾਣੇ ਦੇ ਬਾਹਰ ਬੰਬ ਨੁਮਾ ਵਸਤੂ ਮਿਲੀ, ਪ੍ਰਸ਼ਾਸਨ ਚੌਕਸ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਥਾਣਾ ਅਜਨਾਲਾ ਨੇੜੇ ਮਿਲੇ ਬੰਬ ਦੀ ਜਾਂਚ ਕਰਦੇ ਹੋਏ ਮਾਹਿਰ

ਪੰਜਾਬ ਦੇ ਅੰਮ੍ਰਿਤਸਰ ਦੇ ਅਜਨਾਲਾ ਥਾਣੇ ਦੇ ਬਾਹਰ ਬੰਬ ਵਰਗੀ ਸ਼ੱਕੀ ਵਸਤੂ ਮਿਲਣ ਤੋਂ ਬਾਅਦ ਇਲਾਕੇ ਵਿੱਚ ਹੜਕੰਪ ਮੱਚ ਗਿਆ ਹੈ।ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਥਾਣੇ ਦੇ ਬਾਹਰ ਇਲਾਕੇ ਨੂੰ ਪੂਰੀ ਤਰ੍ਹਾਂ ਨਾਲ ਸੀਲ ਕਰ ਦਿੱਤਾ ਅਤੇ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਅਤੇ ਸਥਿਤੀ ਦਾ ਜਾਇਜ਼ਾ ਲਿਆ।ਸ਼ੱਕੀ ਵਸਤੂ ਨੂੰ ਨਕਾਰਾ ਕਰਨ ਲਈ ਬੰਬ ਨਿਰੋਧਕ ਦਸਤੇ ਨੂੰ ਬੁਲਾਇਆ ਗਿਆ ਅਤੇ ਇਲਾਕੇ ਵਿਚ ਸੁਰੱਖਿਆ ਵਧਾ ਦਿੱਤੀ ਗਈ।ਪੁਲਸ ਵੱਲੋਂ ਘਟਨਾ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਜਾਰੀ ਹੈ।ਅਜੇ ਤੱਕ ਇਹ ਸਪੱਸ਼ਟ ਨਹੀਂ ਹੋਇਆ ਹੈ ਕਿ ਇਹ ਵਸਤੂ ਅਸਲ ਬੰਬ ਹੈ ਜਾਂ ਕਿਸੇ ਨੇ ਦਹਿਸ਼ਤ ਫੈਲਾਉਣ ਦੇ ਇਰਾਦੇ ਨਾਲ ਇਸ ਨੂੰ ਉਥੇ ਰੱਖਿਆ ਸੀ।ਮਾਮਲੇ ਦੀ ਅਜੇ ਜਾਂਚ ਚੱਲ ਰਹੀ ਹੈ ਅਤੇ ਵਿਸਥਾਰਪੂਰਵਕ ਜਾਣਕਾਰੀ ਮਿਲਣ ਤੋਂ ਬਾਅਦ ਹੀ ਸਥਿਤੀ ਸਪੱਸ਼ਟ ਹੋਵੇਗੀ।ਇਸ ਮੌਕੇ ਬੋਲਦਿਆਂ ਅਜਨਾਲਾ ਦੇ ਡੀਐੱਸਪੀ ਗੁਰਵਿੰਦਰ ਸਿੰਘ ਔਲਖ ਨੇ ਦੱਸਿਆ ਕਿ ਪੁਲਸ ਜਾਂਚ ਕਰ ਰਹੀ ਹੈ। ਇਸ ਮੌਕੇ ਪੰਜਾਬ ਦੇ ਕੈਬਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਵੀ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ ਗਿਆ। ਉਹਨਾਂ ਦੇ ਨਾਲ ਅਮਿਤ ਪੁਰੀ ਵਾਰਡ ਨੰਬਰ ਦੋ ਦੇ ਇੰਚਾਰਜ ਵੀ ਹਾਜ਼ਰ ਸਨ।

## ਜੁਗਿਆਲ-ਪਠਾਨਕੋਟ ਸੜਕ ਜਾਮ ਕਰਨ ਦੀ ਚਿਤਾਵਨੀ



ਪਠਾਨਕੋਟ (ਦਵਿੰਦਰ ਸਿੰਘ)-ਜਮਹੂਰੀ ਕਿਸਾਨ ਸਭਾ ਪਠਾਨਕੋਟ ਪੰਜਾਬ ਦੇ ਜ਼ਿਲ੍ਹਾ ਸਕੱਤਰ ਬਲਵੰਤ ਸਿੰਘ ਘੋਹ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪਿੰਡ ਘੋਹ ਤੋਂ ਦਰੰਗਖੜ ਸੜਕ ਦੀ ਹਾਲਤ ਬਹੁਤ ਮਾੜੀ ਹੋ ਚੁੱਕੀ ਹੈ ਅਤੇ ਹਰ ਰੋਜ਼ ਹਾਦਸੇ ਵਾਪਰਦੇ ਰਹਿੰਦੇ ਹਨ ਅਤੇ ਕਈ ਲੋਕ ਜ਼ਖਮੀ ਹੋ ਚੁੱਕੇ ਹਨ, ਪਰ ਨਾ ਹੀ ਪੰਜਾਬ ਸਰਕਾਰ ਇਸ ਪਾਸੇ ਧਿਆਨ ਦੇ ਰਹੀ ਹੈ ਅਤੇ ਨਾ ਹੀ ਪੰਜਾਬ ਮੰਡੀ ਬੋਰਡ ।ਬਲਵੰਤ ਸਿੰਘ ਘੋਹ ਨੇ ਕਿਹਾ ਕਿ ਜੇਕਰ ਇਸ ਸੜਕ ਦਾ ਕੰਮ 2 ਦਸੰਬਰ ਤੱਕ ਨਾ ਕੀਤਾ ਗਿਆ ਤਾਂ ਉਹ ਆਪਣੀ ਸਮੁੱਚੀ ਲੀਡਰਸ਼ਿਪ ਨਾਲ 3 ਦਸੰਬਰ ਨੂੰ ਜੁਗਿਆਲ-ਪਠਾਨਕੋਟ ਰੋਡ ਜਾਮ ਕਰਨਗੇ ਅਤੇ ਇਸ ਦੀ ਸਾਰੀ ਜ਼ਿੰਮੇਵਾਰੀ ਪਠਾਨਕੋਟ ਪ੍ਰਸ਼ਾਸ਼ਨ ਦੀ ਹੋਵੇਗੀ।

ਇਸ ਸੜਕ ਦੀ ਹਾਲਤ ਖਸਤਾ ਹੈ ਅਤੇ ਇਹ ਸੜਕ ਕਰੀਬ 14 ਕਿਲੋਮੀਟਰ ਲੰਬੀ ਹੈ ਅਤੇ ਕਰੀਬ 15 ਤੋਂ 20 ਪਿੰਡਾਂ ਨੂੰ ਜੋੜਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਆਮ ਲੋਕ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਭਰੋਸਾ ਦਿੱਤਾ ਗਿਆ ਸੀ ਕਿ ਬਰਸਾਤ ਤੋਂ ਬਾਅਦ ਇਸ ਸੜਕ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ ਪਰ ਕਰੀਬ 6 ਮਹੀਨੇ ਬੀਤ ਜਾਣ ਦੇ ਬਾਵਜੂਦ ਨਾ ਤਾਂ ਸਰਕਾਰ ਨੇ ਅਤੇ ਨਾ ਹੀ ਪੰਜਾਬ ਮੰਡੀ ਬੋਰਡ ਨੇ ਇਸ ਸੜਕ ਦੀ ਮੁਰੰਮਤ ਕੀਤੀ ਹੈ।ਇਸ ਮੌਕੇ ਵਿੱਕੀ, ਰਿੰਕੂ, ਪ੍ਰਧਾਨ ਲਵਲੀ, ਗੋਵਿੰਦ, ਗੋਸ਼ਾ, ਕਿਸ਼ਨ ਸਿੰਘ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।


## 'ਲਿਖ ਨੀ ਕਲਮੇਂ ਮੇਰੀਏ' ਕਾਵਿ-ਸੰਗ੍ਰਹਿ ਲੋਕ ਅਰਪਣ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਬੀਤੇ ਦਿਨੀਂ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਰੌਣਕਾਂ ਨਾਲ ਭਰੇ ਵਿਹੜੇ ਵਿੱਚ ਬੜੇ ਹੀ ਮੁਬਾਰਕ ਤੇ ਅਨਮੋਲ ਪਲਾਂ ਨਾਲ ਸਾਂਝ ਪਾਉਣ ਦਾ ਮੌਕਾ ਮਿਲਿਆ ਜਦੋਂ ਪਿਆਰੀ ਭੈਣ ਰਾਜਬੀਰ ਕੌਰ ਬੀਰ ਗਰੇਵਾਲ ਦੀ ਪਲੇਠੀ ਪੁਸਤਕ 'ਲਿਖ ਨੀ ਕਲਮੇਂ ਮੇਰੀਏ' (ਕਾਵਿ-ਸੰਗ੍ਰਹਿ) ਦਾ ਲੋਕ ਅਰਪਣ ਕੀਤਾ ਗਿਆ।ਪੁਸਤਕ ਮੇਲੇ ਦੇ ਠਾਠਾਂ ਮਾਰਦੇ ਇਕੱਠ ਵਿੱਚ ਖ਼ਾਲਸਾ ਕਾਲਜ ਦੇ ਮਾਣ-ਮੱਤੇ ਮੰਚ ਉਤੇ ਪੰਜਾਬੀ ਅਧਿਐਨ ਵਿਭਾਗ ਦੇ ਮੁਖੀ ਡਾ. ਆਤਮ ਰੰਧਾਵਾ ਦੀ ਯੋਗ ਅਗਵਾਈ ਵਿੱਚ ਬੜੀਆਂ ਹੀ ਮਾਣਯੋਗ ਹਸਤੀਆਂ ਡਾ. ਸਵਰਨਜੀਤ ਸਿੰਘ ਸਵੀ, ਡਾ. ਕੁਲਜੀਤ ਸਿੰਘ ਜੰਜੂਆ, ਡਾ. ਪਰਮਿੰਦਰ ਸਿੰਘ, ਗੁਰਤੇਜ ਕੁਹਾਰਵਾਲਾ, ਪ੍ਰੋ. ਬਲਜਿੰਦਰ ਸਿੰਘ, ਡਾਹੀਰਾ ਸਿੰਘ, ਡਾ. ਗੁਰਸ਼ਿੰਦਰ ਕੌਰ, ਪ੍ਰਿੰ. ਜਗਦੀਸ਼ ਸਿੰਘ, ਹਰਮੀਤ ਸਿਖਿਆਰਥੀ, ਤਰਸੇਮ ਸਿੰਘ, ਸ਼ਾਇਰ ਐਸ. ਪਰਸ਼ੋਤਮ, ਵਿਸ਼ਾਲ ਬਿਆਸ, ਪ੍ਰਿੰ. ਗਿਆਨ ਸਿੰਘ ਘਈ ਹੋਰਾਂ ਦੀ ਹਾਜ਼ਰੀ ਵਿੱਚ 'ਲਿਖ ਨੀ ਕਲਮੇਂ ਮੇਰੀਏ' ਪੁਸਤਕ ਨੂੰ ਰਿਲੀਜ਼ ਕੀਤਾ ਗਿਆ ਜੋ ਕਿ ਬਹੁਤ ਹੀ ਸੁਭਾਗਾ ਸਮਾਂ ਹੋ ਨਿਬੜਿਆ।

ਇਸ ਮੌਕੇ ਬੀਰ ਗਰੇਵਾਲ ਵੱਲੋਂ ਆਪਣੀ ਪੁਸਤਕ ਨਾਮਵਰ ਪੰਜਾਬੀ ਅਦਾਕਾਰ ਗੁਰਪ੍ਰੀਤ ਘੁੱਗੀ, ਨਾਮਵਰ ਅਦਾਕਾਰ ਹਰਦੀਪ ਗਿੱਲ, ਪ੍ਰਸਿੱਧ ਨਾਟਕਕਾਰ ਕੇਵਲ ਧਾਲੀਵਾਲ, ਡਾ. ਕੁਲਦੀਪ ਸਿੰਘ ਦੀਪ ਤੇ ਡਾ. ਪਰਮਿੰਦਰ ਸਿੰਘ ਨੂੰ ਭੇਟ ਕੀਤੀ ਗਈ।ਪੁਸਤਕ ਦੀ ਰੂਹ-ਨੁਮਾਈ ਮੌਕੇ ਮਝੈਲਾਂ ਦੀ ਸੱਥ ਦੇ ਪ੍ਰਧਾਨ ਡਾਕਟਰ ਗਗਨ ਅਤੇ ਉਨਾਂ ਦੇ ਸਾਥੀ ਟੀਮ ਮੈਂਬਰਾਂ ਵੱਲੋਂ ਰਾਜਬੀਰ ਕੌਰ ਗਰੇਵਾਲ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਉੱਘੇ ਸਾਹਿਤਕਾਰ ਹਰਮੀਤ ਆਰਟਿਸਟ, ਧਰਵਿੰਦਰ ਸਿੰਘ ਔਲਖ, ਇਕਵਾਕ ਸਿੰਘ ਪੱਟੀ, ਪ੍ਰਿੰ. ਸ਼ਰਨਜੀਤ ਕੌਰ, ਸੁਖਬੀਰ ਸਿੰਘ ਭੁੱਲਰ, ਨਵਜੋਤ ਕੌਰ ਭੁੱਲਰ, ਰਿਤੂ ਵਰਮਾ, ਮਨਦੀਪ ਸਿੰਘ ਬੋਪਾਰਾਏ, ਕੰਵਲਜੀਤ ਕੌਰ ਥਿੰਦ, ਆਕਾਸ਼ਦੀਪ ਸਿੰਘ, ਫਤਿਹ ਸਿੰਘ ਪੰਜਾਬੀ ਯਾਰਡ, ਗੁਰਸ਼ਬਦ ਕੌਰ ਗਰੇਵਾਲ ਰਾਜਵੀਰ ਸਿੰਘ, ਹਰਪ੍ਰੀਤ ਕੌਰ ਤੇ ਪੰਕਜ ਸਿੰਘ, ਡਾ. ਸਤਿੰਦਰ ਕਾਹਲੋਂ, ਸਾਹਿਬਾ ਜੀਟਨ, ਡਾ. ਪਰਦੀਪ, ਮੈਡਮ ਸਤਿੰਦਰ ਕਵਲ, ਮੈਡਮ ਨਵਜੋਤ ਕੌਰ ਬਾਜਵਾ ਵੀ ਹਾਜ਼ਰ ਸਨ।ਰਾਜਬੀਰ ਕੌਰ ਗਰੇਵਾਲ ਜਿੱਥੇ ਇੱਕ ਵਧੀਆ ਸਾਹਿਤਕਾਰ ਅਤੇ ਇੱਕ ਹੋਣਹਾਰ ਅਧਿਆਪਕਾ ਹਨ ਉਥੇ ਇੱਕ ਵਧੀਆ ਮੰਚ-ਸੰਚਾਲਕਾ ਵੀ ਹਨ।ਉਹਨਾਂ ਨੂੰ ਇਸ ਖ਼ੂਬਸੂਰਤ ਪੁਸਤਕ ਦੀਆਂ ਬਹੁਤ-ਬਹੁਤ ਮੁਬਾਰਕਾਂ ਅਤੇ ਆਉਣ ਵਾਲੇ ਸਮੇਂ ਲਈ ਢੇਰ ਸਾਰੀਆਂ ਸ਼ੁਭਕਾਮਨਾਵਾਂ।

## ਹੈਰੋਇਨ ਸਣੇ 2 ਨੌਜਵਾਨ ਕਾਬੂ; ਤੀਜਾ ਫਰਾਰ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੁਲਸ ਜ਼ਿਲਾ ਬਟਾਲਾ ਅਧੀਨ ਆਉਂਦੇ ਥਾਣਾ ਕਾਦੀਆਂ ਦੀ ਪੁਲਸ ਵਲੋਂ ਹੈਰੋਇਨ ਬਰਾਮਦ ਕਰਕੇ 2 ਨੌਜਵਾਨਾਂ ਨੂੰ ਮੌਕੇ ਤੋਂ ਕਾਬੂ ਕਰਨ ਦਾ ਸਮਾਚਾਰ ਮਿਲਿਆ ਹੈ।ਤੀਸਰਾ ਨੌਜਵਾਨ ਫਰਾਰ ਹੋਣ ਵਿਚ ਸਫਲ ਹੋ ਗਿਆ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਕਾਦੀਆਂ ਦੇ ਐੱਸਐੱਚਓ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਏ.ਐੱਸ. ਆਈ., ਸੁਰਜੀਤ ਸਿੰਘ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪਿੰਡ ਕਾਹਲਵਾਂ ਦੇ ਸਟੇਡੀਅਮ ਨੇੜੇ ਮੌਜੂਦ ਸੀ ਕਿ ਇਸੇ ਦੌਰਾਨ ਇਕ ਬੁਲਟਮੋਟਰਸਾਈਕਲ ਨੰ. ਪੀਬੀ.09ਏ.ਸੀ.7217 'ਤੇ ਸਵਾਰ ਹੋ ਕੇ ਆ ਰਹੇ ਤਿੰਨ ਨੌਜਵਾਨਾਂ ਨੂੰ ਚੈਕਿੰਗ ਲਈ ਰੁਕਣ ਦਾ ਇਸ਼ਾਰਾ ਕੀਤਾ ਤਾਂ ਇਕ ਨੌਜਵਾਨ ਬੁਲਟ ਤੋਂ ਉਤਰ ਕੇ ਭੱਜ ਗਿਆ, ਜਿਸ ਨਾਲ ਮੋਟਰਸਾਈਕਲ ਦਾ ਸੰਤੁਲਨ ਵਿਗੜਣ ਨਾਲ ਡਿੱਗ ਪਿਆ ਤੇ ਬਾਕੀ ਦੋਵੇਂ ਨੌਜਵਾਨ ਪੁਲਸ ਮੁਲਾਜ਼ਮਾਂ ਨੂੰ ਦੇਖ ਕੇ ਭੱਜਣ ਲੱਗੇ ਤਾਂ ਪੁਲਸ ਕਰਮਚਾਰੀਆਂ ਨੇ ਮੁਸਤੈਦੀ ਤੋਂ ਕੰਮ ਲੈਂਦਿਆਂ ਦੋਵਾਂ ਨੌਜਵਾਨਾਂ ਨੂੰ ਕਾਬੂ ਕਰ ਲਿਆ, ਜਿਨ੍ਹਾਂ ਨੇ ਕ੍ਰਮਵਾਰ ਆਪਣੇ ਨਾਮ ਜਤਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਕਾਹਲਵਾਂ ਦੱਸਿਆ ਅਤੇ ਇਸ ਕੋਲੋਂ ਪੁਲਸ ਨੇ 100 ਗ੍ਰਾਮ ਹੈਰੋਇਨ ਬਰਾਮਦ ਕੀਤੀ, ਜਦਕਿ ਦੂਜਾ ਨੌਜਵਾਨ ਜੋ ਕਿ ਮੋਟਰਸਾਈਕਲ ਚਲਾ ਰਿਹਾ ਸੀ, ਨੇ ਆਪਣਾ ਨਾਮ ਰੋਹਿਤ ਖੋਖਰ ਪੁੱਤਰ ਮੁਖਤਾਰ ਮਸੀਹ ਵਾਸੀ ਪਿੰਡ ਕਾਹਲਵਾਂ ਦੱਸਿਆ ਅਤੇ ਫਰਾਰ ਹੋਣ ਵਾਲੇ ਆਪਣੇ ਸਾਥੀ ਦਾ ਨਾਮ ਮਨਜਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਕਾਹਲਵਾਂ ਹੈ, ਜੋ ਕਿ ਉਕਤ ਨੌਜਵਾਨ ਜਤਿੰਦਰ ਸਿੰਘ ਦਾ ਭਰਾ ਹੈ।ਐੱਸਐੱਚਓ ਪਰਮਿੰਦਰ ਸਿੰਘ ਸਿੱਧੂ ਨੇ ਅੱਗੇ ਦੱਸਿਆ ਕਿ ਜਤਿੰਦਰ ਸਿੰਘ ਤੇ ਰੋਹਿਤ ਖੋਖਰ ਨੂੰ ਪੁਲਸ ਕਰਮਚਾਰੀਆਂ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਇਨ੍ਹਾਂ ਤਿੰਨਾਂ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਕਰ ਦਿੱਤਾ ਗਿਆ ਹੈ ਜਦਕਿ ਬੁਲਟਮੋਟਰਸਾਈਕਲ ਨੂੰ ਵੀ ਕਬਜ਼ੇ ਵਿਚ ਲੈ ਲਿਆ ਗਿਆ ਹੈ।

## ਕਿਸਾਨ ਅੰਦੋਲਨ ਦੀ ਚੌਥੀ ਵਰ੍ਹੇਗੰਢ ਮੌਕੇ ਭਰਵੀਂ ਸ਼ਮੂਲੀਅਤ ਦਾ ਸੱਦਾ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਸੂਬਾ ਜਨਰਲ ਸਕੱਤਰ ਗੁਰਮੇਲ ਸਿੰਘ ਮਾਛੀਕੇ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸੂਬੇ ਦੇ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਸੰਯੁਕਤ ਕਿਸਾਨ ਮੋਰਚੇ ਅਤੇ ਟਰੇਡ ਯੂਨੀਅਨਾਂ ਵੱਲੋਂ ਸਾਂਝੇ ਤੌਰ ਤੇ 26 ਨਵੰਬਰ ਨੂੰ ਮਹਾਨ ਕਿਸਾਨ ਅੰਦੋਲਨ ਦੀ ਚੌਥੀ ਵਰ੍ਹੇਗੰਢ ਮੌਕੇ ਉਲੀਕੇ ਪ੍ਰੋਗਰਾਮਾਂ ਵਿੱਚ ਵੱਧ ਤੋਂ ਵੱਧ ਸ਼ਾਮਲ ਹੋਣ ਦਾ ਸੱਦਾ ਦਿੱਤਾ।ਉਹਨਾਂ ਕਿਹਾ ਕਿ ਕਿਸਾਨ ਅੰਦੋਲਨ ਨੇ ਸੰਸਾਰ ਵਿੱਚ ਅਜਿਹਾ ਇਤਿਹਾਸ ਸਿਰਜਿਆ ਹੈ ਜਿਸਨੇ ਹਕੂਮਤ ਦੇ ਨਸ਼ੇ ਵਿੱਚ ਗੜੁੱਚ ਹਾਕਮਾਂ ਅਤੇ ਉਸਦੇ ਭਾਈਵਾਲਾਂ ਨੂੰ ਲੋਕ ਸੰਘਰਸ਼ ਅੱਗੇ ਝੁਕਦਿਆਂ ਤਿੰਨ ਖੇਤੀ ਕਾਨੂੰਨ ਰੱਦ ਕਰਨੇ ਪਏ।ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਲਗਾਤਾਰ ਚੱਲੇ 388 ਦਿਨ ਦੇ ਸੰਘਰਸ਼ ਦੌਰਾਨ ਸੈਂਕੜੇ ਕਿਸਾਨਾਂ ਅਤੇ ਕਿਰਤੀ ਲੋਕਾਂ ਨੇ ਸ਼ਹੀਦੀਆਂ ਦਿੱਤੀਆਂ ।ਸੰਘਰਸ਼ ਦੌਰਾਨ ਸਰਦੀ ਗਰਮੀ ਅਤੇ ਹਰ ਤਰ੍ਹਾਂ ਦੀਆਂ ਮੁਸ਼ਕਲਾਂ ਅਤੇ ਜਾਤਾਂ, ਧਰਮਾਂ ਦੇ ਨਾਮ ਤੇ ਫੁੱਟ ਪਾਊ ਪ੍ਰਚਾਰ ਨੂੰ ਨਕਾਰਦੇ ਹੋਏ ਹਰ ਵਰਗ ਦੇ ਲੋਕਾਂ ਨੇ ਸੰਘਰਸ਼ ਵਿੱਚ ਪਾਏ ਯੋਗਦਾਨ ਸਦਕਾ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਦੀ ਮਿਸਾਲੀ ਜਿੱਤ ਨੇ ਸਰਕਾਰ ਵੱਲੋਂ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਖਿਲਾਫ਼ ਇੱਕ ਨਵੇ ਯੁੱਧ ਦਾ ਅਗਾਜ਼ ਕੀਤਾ ਹੈ। ਸਰਕਾਰ ਵੱਲੋਂ ਪਬਲਿਕ ਅਦਾਰਿਆਂ ਦੇ ਨਿੱਜੀਕਰਨ ਕਰਕੇ ਲੋਕਾਂ ਨੂੰ ਸਿਹਤ, ਸਿੱਖਿਆ ਤੇ ਰੁਜਗਾਰ ਤੋ ਵਾਂਝਾ ਕੀਤਾ ਹੈ। ਖੇਤੀ ਖੇਤਰ ਨਾਲ ਸਬੰਧਤ ਰਹਿੰਦੀਆਂ ਮੰਗਾਂ ਐਮ ਐਸ ਪੀ , ਮੰਡੀਆ ਦਾ ਨਿੱਜੀਕਰਣ, ਕਿਸਾਨਾਂ, ਮਜ਼ਦੂਰਾਂ ਕਿਰਤੀ ਲੋਕਾਂ ਸਿਰ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਚੜੇ ਕਰਜੇ ਮਾਫ ਕਰਵਾਉਣ ਅਤੇ ਪਬਲਿਕ ਅਦਾਰਿਆਂ ਦੇ ਨਿੱਜੀਕਰਣ ਰੋਕਣ ਲਈ, ਸਰਕਾਰੀ ਨੌਕਰੀਆਂ ਬਹਾਲ ਕਰਵਾਉਣ ਲਈ ਅਤੇ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਕਾਨੂੰਨੀ ਮਾਨਤਾ ਲੈਣ ਲਈ ਸਾਂਝੇ ਸੰਘਰਸ਼ੀ ਮੰਚ ਦੀ ਅਹਿਮ ਜਰੂਰਤ ਹੈ ।ਮੈਡੀਕਲ ਪ੍ਰੈਕਟੀਸ਼ਨਰਾਂ ਵੱਲੋਂ ਅੰਦੋਲਨ ਦੌਰਾਨ ਪਾਏ ਵਡਮੁੱਲਾ ਯੋਗਦਾਨ ਵੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਅੰਕਿਤ ਹੈ।

ਇਸ ਲਈ ਚੱਲੇ ਕਿਸਾਨ ਸੰਘਰਸ਼ ਦੇ ਗੌਰਵਮਈ ਇਤਿਹਾਸ ਤੋਂ ਪ੍ਰੇਰਨਾ ਲੈਣ ਲਈ 26 ਨਵੰਬਰ ਦੇ ਉਲੀਕੇ ਪ੍ਰੋਗਰਾਮਾਂ ਵਿੱਚ ਜੋਸ਼ੋ-ਖਰੋਸ਼ ਨਾਲ ਸ਼ਮੂਲੀਅਤ ਕਰਨ ਦੀ ਪੁਰਜ਼ੋਰ ਅਪੀਲ ਹੈ।

## ਡਿੰਪੀ ਢਿੱਲੋਂ ਦੀ ਜਿੱਤ 'ਤੇ ਆਪ ਵਰਕਰਾਂ ਨੇ ਲੱਡੂ ਵੰਡੇ



ਮਲੋਟ (ਗੁਰਮੀਤ ਸਿੰਘ ਮੱਕੜ)-ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦੀ ਜਿੱਤ 'ਤੇ 'ਆਪ' ਵਰਕਰਾਂ ਨੇ ਮੇਨ ਬਾਜ਼ਾਰ ਵਿਚ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਮਲੋਟ ਦੇ ਮੇਨ ਬਾਜ਼ਾਰ ਵਿਚ ਐਡਵੋਕੇਟ ਜੀਵਨਜੋਤ ਸਿੰਘ ਬੇਦੀ, ਵਿਜੈ ਮਿੱਢਾ, ਗੁਰਚਰਨ ਗਰੋਵਰ, ਕਰਨ ਚਰਾਇਆ, ਯਾਦਵਿੰਦਰ ਸੋਹਣਾ, ਨਗਰ ਕੌਂਸਲਰ ਹਰਮੇਲ ਸਿੰਘ ਸੰਧੂ, ਜਗਨ ਨਾਥ ਸ਼ਰਮਾ, ਸੰਜੀਵ ਅਛਰੇਜਾ, ਜਗਮੀਤ ਬਰਾੜ, ਕਰਮਜੀਤ ਸ਼ਰਮਾ, ਆਸ਼ੂ ਚਾਨਣਾ, ਡਾ. ਜਸਵੰਤ, ਹਰਜਿੰਦਰ ਪ੍ਰਧਾਨ, ਸੋਨੂੰ ਪ੍ਰਧਾਨ, ਪ੍ਰਵੀਨ ਪ੍ਰਧਾਨ ਆਦਿ ਵੱਲੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਜਿੱਤ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਜਿੱਤ ਨੇ ਸਾਬਿਤ ਕਰ ਦਿੱਤਾ ਕਿ ਪੰਜਾਬ ਦੇ ਲੋਕ ਅੱਜ ਵੀ 'ਆਪ' ਪਾਰਟੀ ਦੇ ਨਾਲ ਹਨ।

## ਗੈਂਦ ਖੱਤਰੀ ਤੇ ਧੁੱਸਾ ਖੱਤਰੀ ਬਰਾਦਰੀ ਨੇ ਧਾਰਮਿਕ ਸਮਾਗਮ ਕਰਵਾਇਆ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਗੈਂਦ ਖੱਤਰੀ ਤੇ ਧੁੱਸਾ ਖੱਤਰੀ ਬਰਾਦਰੀ ਚੈਰੀਟੇਬਲ ਟਰੱਸਟ ਵੱਲੋਂ ਅੱਜ ਡੇਰਾ ਬਾਬਾ ਨਾਨਕ ਦੇ ਪਿੰਡ ਚੰਦੂ ਨੰਗਲ ਪੁਰਾਤਨ ਸ਼ਿਵਾਲਾ ਮੰਦਿਰ ਵਿਖੇ ਆਪਣੇ ਜਠੇਰਿਆਂ ਦੀ ਯਾਦ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਗੁਰਦਾਸਪੁਰ, ਅੰਮ੍ਰਿਤਸਰ, ਪਠਾਨਕੋਟ ਤੇ ਜੰਮੂ ਤੋਂ ਵੱਡੀ ਗਿਣਤੀ ਵਿੱਚ ਗੈਂਦ ਅਤੇ ਧੁੱਸਾ ਪਰਿਵਾਰਾਂ ਦੀਆਂ ਸੰਗਤਾਂ ਹਾਜ਼ਰ ਹੋਈਆਂ।ਇਸ ਮੌਕੇ ਤਿਲਕ ਰਾਜ ਵਾਲੀਆ ਸ਼੍ਰੀ ਰਾਮ ਸ਼ਰਨਮ ਅੰਮ੍ਰਿਤਸਰ ਵਾਲਿਆਂ ਵੱਲੋਂ ਸਤਿਸੰਗ ਕਰਕੇ ਆਪਣੇ ਪ੍ਰਵਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਉਹਨਾਂ ਕਿਹਾ ਕਿ ਸਾਨੂੰ ਸ਼੍ਰੀ ਰਾਮ ਜੀ ਵੱਲੋਂ ਦਰਸਾਏ ਮਾਰਗ ਤੇ ਚੱਲਦਿਆਂ ਹੋਇਆਂ ਪ੍ਰਭੂ ਭਗਤੀ ਤੇ ਰਾਮ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ।ਉਹਨਾਂ ਕਿਹਾ ਕਿ ਪ੍ਰਭੂ ਦਾ ਨਾਮ ਹੀ ਸਭ ਤੋਂ ਉਤਮ ਹੈ, ਜੋ ਸਾਡਾ ਮਨੁੱਖਾ ਜਨਮ ਸਫਲ ਕਰ ਸਕਦਾ ਹੈ ।

ਉਹਨਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਪ੍ਰਭੂ ਦੇ ਨਾਮ ਨੂੰ ਸਭ ਤੋਂ ਉੱਚਾ ਕਿਹਾ ਹੈ।ਇਸ ਕਰਕੇ ਸਾਨੂੰ ਆਪਣੇ ਕਾਰੋਬਾਰ ਦੇ ਨਾਲ ਨਾਲ ਪ੍ਰਭੂ ਭਗਤੀ ਵਿੱਚ ਲੀਨ ਹੋਣਾ ਚਾਹੀਦਾ ਹੈ ।ਇਸ ਮੌਕੇ ਗੀਤਾ ਅੰਜਲੀ ਗੈਂਦ ਵੱਲੋਂ ਆਪਣੀ ਮਹਿਲਾ ਕੀਰਤਨ ਮੰਡਲੀ ਨਾਲ ਸ੍ਰੀ ਰਾਮ ਜੀ ਦੀ ਸ਼ੋਭਾ ਦਾ ਗੁਣਗਾਨ ਕਰਕੇ ਸੰਗਤਾਂ ਨੂੰ ਮੰਤਰ ਮੁਕਦ ਕੀਤਾ ਗਿਆ।ਅਖੀਰ ਵਿੱਚ ਗੈਂਦ ਟਰੱਸਟ ਦੇ ਪ੍ਰਧਾਨ ਕਮਲ ਕੁਮਾਰ ਗੈਂਦ ਤੇ ਪ੍ਰਬੰਧਕਾਂ ਵੱਲੋਂ ਤਿਲਕ ਰਾਜ ਵਾਲੀਆ ਨੂੰ ਦੁਸ਼ਾਲਾ ਤੇ ਸਨਮਾਨ ਚਿੰਨ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਗਤਾਂ ਲਈ ਲੰਗਰ ਦਾ ਅਤੁੱਟ ਭੰਡਾਰਾ ਵੀ ਚਲਾਇਆ ਗਿਆ।ਇਸ ਮੌਕੇ ਕਮਲ ਕੁਮਾਰ ਗੈਂਦ, ਰਜੀਵ ਕੁਮਾਰ ਗੈਂਦ, ਵਿਨੋਦ ਕੁਮਾਰ ਅੰਮ੍ਰਿਤਸਰ, ਨਰਿੰਦਰਜੀਤ ਪਠਾਨਕੋਟ, ਸੇਵਕ ਕੁਮਾਰ ਡੇਰਾ ਬਾਬਾ ਨਾਨਕ, ਗੁਰਦਿਆਲ ਗੈਂਦ, ਯਾਦਵ ਗੈਂਦ ਗੁਰਦਾਸਪੁਰ, ਮਾਸਟਰ ਪੰਨਾ ਲਾਲ ਗੈਂਦ, ਈਸ਼ਵਰ ਪ੍ਰਸਾਦ ਗੁਪਤਾ, ਰਾਮ ਗੈਂਦ, ਸ਼ਾਮ ਗੈਂਦ, ਕਿਸ਼ਨ ਕੁਮਾਰ ਗੈਂਦ, ਅਕਸ਼ੇ ਗੈਂਦ, ਮਨੀ ਗੈਂਦ, ਓਮ ਪ੍ਰਕਾਸ਼ ਗੈਂਦ, ਰਜਿੰਦਰ ਗੈਂਦ, ਸੁਭਾਸ਼ ਗੈਂਦ, ਕਵਿਤਾ ਗੈਂਦ, ਕਿਰਨ ਗੈਂਦ, ਪ੍ਰਭਾ ਗੈਂਦ, ਸੁਨੀਤਾ ਗੈਂਦ, ਸੁਰੇਸ਼ ਗੈਂਦ, ਨੀਰੂ ਗੈਂਦ, ਕੇਸ਼ਵ ਗੈਂਦ, ਸੌਰਵ ਗੈਂਦ ਤੇ ਸਾਹਿਲ ਗੈਂਦ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਲੋਕ ਸੇਵਾ ਸੁਸਾਇਟੀ ਨੇ ਲਗਾਇਆ 57ਵਾਂ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਅਪਰੇਸ਼ਨ ਕੈਂਪ



ਜਗਰਾਉਂ (ਅਮਿਤ ਖੰਨਾ)-ਸਵਰਗਵਾਸੀ ਸੂਰਜ ਪ੍ਰਕਾਸ਼ ਢੰਡਾ ਦੀ ਯਾਦ ਵਿੱਚ ਆਸ਼ੂ ਢੰਡਾ ਕੈਨੇਡਾ ਦੇ ਸਹਿਯੋਗ ਨਾਲ ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ 57ਵਾਂ ਅੱਖਾਂ ਦਾ ਮੁਫ਼ਤ ਚੈੱਕਅਪ ਤੇ ਅਪਰੇਸ਼ਨ ਕੈਂਪ ਲੰਮਿਆਂ ਵਾਲਾ ਬਾਗ ਨੇੜੇ ਡੀਏਵੀ ਕਾਲਜ ਜਗਰਾਉਂ ਵਿਖੇ ਲਗਾਇਆ ਗਿਆ।ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਮਨੋਹਰ ਸਿੰਘ ਟੱਕਰ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਢੰਡਾ ਪਰਿਵਾਰ ਦੇ ਸਹਿਯੋਗ ਨਾਲ ਲਗਾਏ 57ਵੇਂ ਅੱਖਾਂ ਦੇ ਚਿੱਟੇ ਮੋਤੀਏ ਦੇ ਅਪਰੇਸ਼ਨ ਤੇ ਚੈੱਕਅਪ ਕੈਂਪ ਦਾ ਉਦਘਾਟਨ ਆਸ਼ੂ ਢੰਡਾ ਕੈਨੇਡਾ ਨੇ ਆਪਣੇ ਕਰ ਕਮਲਾਂ ਨਾਲ ਕਰਦਿਆਂ ਸੁਸਾਇਟੀ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ।ਉਨ੍ਹਾਂ ਦੱਸਿਆ ਕਿ ਕੈਂਪ ਵਿਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਵੱਲੋਂ 167 ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਕਰ ਕੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ।ਉਨ੍ਹਾਂ ਦੱਸਿਆ ਕਿ ਕੈਂਪ ਵਿਚ ਅਪਰੇਸ਼ਨ ਲਈ ਚੁਣੇ ਗਏ 53 ਮਰੀਜ਼ਾਂ ਨੂੰ ਅੱਜ ਹੀ ਸ਼ੰਕਰਾ ਹਸਪਤਾਲ ਭੇਜ ਦਿੱਤਾ ਗਿਆ ਤਾਂ ਕਿ ਉਨ੍ਹਾਂ ਦੇ ਅਪਰੇਸ਼ਨ ਕੱਲ ਤੇ ਪਰਸੋਂ ਹੋ ਸਕਣ।ਉਨ੍ਹਾਂ ਦੱਸਿਆ ਕਿ ਕੈਂਪ ਸਿਰਫ਼ ਚਿੱਟੇ ਮੋਤੀਏ ਵਾਲੇ ਮਰੀਜ਼ ਹੀ ਚੈੱਕ ਕੀਤੇ ਗਏ ਹਨ। ਉਨ੍ਹਾਂ ਦੱਸਿਆ ਅੱਖਾਂ ਦਾ ਕੈਂਪ ਹਰ ਮਹੀਨੇ ਦੇ ਅਖੀਰਲੇ ਐਤਵਾਰ ਲਗਾਇਆ ਜਾਂਦਾ ਹੈ। ਇਸ ਮੌਕੇ ਸਰਪ੍ਰਸਤ ਰਜਿੰਦਰ ਜੈਨ, ਸੁਸਾਇਟੀ ਦੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਸੀਨੀਅਰ ਵਾਈਸ ਪ੍ਰਧਾਨ ਰਜਿੰਦਰ ਜੈਨ ਕਾਕਾ, ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ, ਕੈਪਟਨ ਨਰੇਸ਼ ਵਰਮਾ, ਗੋਪਾਲ ਗੁਪਤਾ, ਡਾਕਟਰ ਭਾਰਤ ਭੂਸ਼ਣ ਬਾਂਸਲ, ਵਿਜੇ ਗਰਗ ਆਦਿ ਹਾਜ਼ਰ ਸਨ।

## ਅਕਾਲੀ ਦਲ ਦੇ ਵਰਕਰਾਂ ਵੱਲੋਂ ਹਰਮੀਤ ਸਿੰਘ ਸੰਧੂ ਦੇ ਅਸਤੀਫੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਤਰਨ ਤਾਰਨ ਹਲਕੇ ਦੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇਣ ਤੋਂ ਬਾਅਦ ਹਲਕੇ ਦੇ ਅਕਾਲੀ ਖੇਮਿਆਂ ਵਿੱਚ ਵੱਡੀ ਹਲਚਲ ਸ਼ੁਰੂ ਹੋ ਗਈ ਹੈ ਜਿਸ ਨੂੰ ਲੈ ਕੇ ਇਲਾਕਾ ਝਬਾਲ ਦੇ ਅਕਾਲੀ ਵਰਕਰਾਂ ਦਾ ਭਾਰੀ ਇਕੱਠ ਸਾਬਕਾ ਚੇਅਰਮੈਨ ਗੁਰਬੀਰ ਸਿੰਘ ਝਬਾਲ ਦੇ ਗ੍ਰਹਿ ਵਿਖੇ ਹੋਇਆ ਜਿਸ ਵਿੱਚ ਬੋਲਦਿਆਂ ਚੇਅਰਮੈਨ ਹਰਵੰਤ ਸਿੰਘ ਝਬਾਲ, ਸਾਬਕਾ ਸਰਪੰਚ ਹਰਦਿਆਲ ਸਿੰਘ ਝਬਾਲ, ਦਲਜੀਤ ਸਿੰਘ ਐਮਾ, ਸਾਬਕਾ ਸਰਪੰਚ ਅਜਮੇਰ ਸਿੰਘ ਕਾਕਾ ਛਾਪਾ, ਸੁਬੇਗ ਸਿੰਘ ਝਬਾਲ, ਯੂਥ ਆਗੂ ਹਰਜੀਤ ਸਿੰਘ ਝਬਾਲ ਅਤੇ ਚੇਅਰਮੈਨ ਗੁਰਬੀਰ ਸਿੰਘ ਝਬਾਲ ਨੇ ਕਿਹਾ ਕਿ ਅਸੀਂ ਸ਼੍ਰੋਮਣੀ ਅਕਾਲੀ ਦੇ ਪੱਕੇ ਵਫ਼ਾਦਾਰ ਸਿਪਾਹੀ ਹਾਂ ਅਤੇ ਅਕਾਲੀ ਦਲ ਨਾਲ ਚਟਾਨ ਵਾਂਗ ਖੜੇ ਹਾਂ ।ਉਹਨਾਂ ਸ਼੍ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਨੂੰ ਅਪੀਲ ਕੀਤੀ ਕਿ ਜਿਹੜੀਆਂ ਵੱਡੀਆਂ ਗਲਤੀਆਂ ਸ਼੍ਰੋਮਣੀ ਅਕਾਲੀ ਦਲ ਕੋਲੋਂ ਹੋਈਆਂ ਜਿਸ ਨਾਲ ਸਿੱਖ ਕੌਮ ਦਾ ਭਾਰੀ ਨੁਕਸਾਨ ਹੋਇਆ। ਉਸ ਨੂੰ ਅਕਾਲੀ ਦਲ ਸੁਧਾਰੇ ਕਿਉਂਕਿ ਅਕਾਲੀ ਦਲ ਦਾ ਜੀਵਤ ਰਹਿਣਾ ਪੰਜਾਬ ਲਈ ਬੇਹੱਦ ਜ਼ਰੂਰੀ ਹੈ।ਇਕੱਤਰ ਵਰਕਰਾਂ ਨੇ ਹਰਮੀਤ ਸਿੰਘ ਸੰਧੂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਸਤੀਫੇ ਤੇ ਮੁੜ ਵਿਚਾਰ ਕਰਕੇ ਅਸਤੀਫੇ ਨੂੰ ਵਾਪਸ ਲਵੇ ਜਿਸ ਤੇ ਹਾਈ ਕਮਾਂਡ ਵੀ ਵਿਚਾਰ ਕਰੇ।ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਨਿਰਮਾਣ ਵਿੱਚ ਝਬਾਲ ਵਾਸੀਆਂ ਦਾ ਅਹਿਮ ਯੋਗਦਾਨ ਰਿਹਾ ਅਤੇ ਪਹਿਲੇ ਪ੍ਰਧਾਨ ਵੀ ਸਰਮੁੱਖ ਸਿੰਘ ਝਬਾਲ ਬਣੇ ਸਨ। ਇਸ ਲਈ ਅਸੀਂ ਸ਼੍ਰੋਮਣੀ ਅਕਾਲੀ ਦਲ ਲਈ ਹਰ ਕੁਰਬਾਨੀ ਲਈ ਤਿਆਰ ਹਾਂ ਅਤੇ ਜਲਦ ਹੀ ਸਮੁੱਚੇ ਹਲਕੇ ਦੇ ਅਕਾਲੀ ਵਰਕਰਾਂ ਦਾ ਇਕੱਠ ਬੁਲਾ ਕੇ ਅਗਲੇ ਪ੍ਰੋਗਰਾਮ ਦਾ ਫੈਸਲਾ ਕਰਾਂਗੇ।ਇਸ ਸਮੇਂ ਮੀਟਿੰਗ ਵਿੱਚ ਅਮਰਿੰਦਰ ਮਾਣਕ ਸਿੰਘ ਝਬਾਲ, ਸਾਬਕਾ ਸਰਪੰਚ ਪਰੀਤਇੰਦਰ ਸਿੰਘ ਝਬਾਲ, ਗੁਰਿੰਦਰ ਸਿੰਘ ਬਾਬਾ ਲੰਗਾਹ, ਸਰਪੰਚ ਵਰਿੰਦਰਜੀਤ ਸਿੰਘ ਹੀਰਾਪੁਰ, ਮਨਜੀਤ ਸਿੰਘ ਝਬਾਲ ਖੁਰਦ, ਪ੍ਰਗਟ ਸਿੰਘ ਬਘੇਲ ਸਿੰਘ ਵਾਲਾ, ਤੇਜਿੰਦਰ ਸਿੰਘ ਰੂਬੀ, ਸੁਰਜਨ ਸਿੰਘ, ਅਮਰਜੀਤ ਸਿੰਘ, ਸਾਬਕਾ ਸਰਪੰਚ ਬਲਵਿੰਦਰ ਸਿੰਘ ਬਾਬਾ ਲੰਗਾਹ, ਜਗਵੰਤ ਸਿੰਘ ਝਬਾਲ, ਸਰਬਜੀਤ ਸਿੰਘ ਝਬਾਲ, ਦਿਲਬਾਗ ਸਿੰਘ ਝਬਾਲ, ਬਲਦੇਵ ਸਿੰਘ, ਸਾਬਕਾ ਸਰਪੰਚ ਜਸਬੀਰ ਸਿੰਘ ਸਵਰਗਾਪੁਰੀ ਆਦਿ ਹਾਜ਼ਰ ਸਨ।

## ਪੰਥਕ ਸਕੂਲਾਂ ਨੂੰ ਗੁਜਰਾਤੀ ਸੁਸਾਇਟੀ ਨੂੰ ਦੇਣ ਦੀ ਖੇਡ ਪਿੱਛੇ ਦਿੱਲੀ ਕਮੇਟੀ ਪ੍ਰਬੰਧਕਾਂ ਦੀ ਲੁਕਵੀਂ ਮੰਸ਼ਾ: ਜੀ ਕੇ



ਨਵੀਂ ਦਿੱਲੀ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਪ੍ਰਬੰਧਕੀ ਅਤੇ ਢਾਂਚਾਗਤ ਸਹੂਲਤਾਂ ਨੂੰ ਦਿੱਲੀ ਪਬਲਿਕ ਸਕੂਲ ਇੰਟਰਨੈਸ਼ਨਲ ਸੋਸਾਇਟੀ ਨੂੰ ਦੇਣ ਦੀਆਂ ਛਪੀਆਂ ਖ਼ਬਰਾਂ ਉਤੇ ਅਕਾਲੀ ਆਗੂਆਂ ਵੱਲੋਂ ਮੀਡੀਆ ਨੂੰ ਸੰਬੋਧਿਤ ਕੀਤਾ ਗਿਆ।ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਮੈਂਬਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਇਸ ਮਾਮਲੇ 'ਚ ਦਿੱਲੀ ਕਮੇਟੀ ਪ੍ਰਬੰਧਕਾਂ ਦੀ ਕਥਿਤ ਬਦਨੀਅਤ ਅਤੇ ਬੇਪਰਵਾਹੀ ਦਾ ਹਵਾਲਾ ਦਿੱਤਾ।ਜੀਕੇ ਨੇ ਦਾਅਵਾ ਕੀਤਾ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀ ਸਾਂਝ ਦਿੱਲੀ ਪਬਲਿਕ ਸਕੂਲ ਇੰਟਰਨੈਸ਼ਨਲ ਸੋਸਾਇਟੀ ਨਾਲ ਕਰਨ ਦੀ ਲੁਕਵੀਂ ਮੰਸ਼ਾ ਤਹਿਤ ਸਕੂਲ ਸਟਾਫ ਤੇ ਉਨ੍ਹਾਂ ਦੇ ਵਕੀਲਾਂ ਦੇ ਹਵਾਲੇ ਤੋਂ ਪੰਥਕ ਸਕੂਲਾਂ ਨੂੰ ਦਿੱਲੀ ਪਬਲਿਕ ਸਕੂਲ ਇੰਟਰਨੈਸ਼ਨਲ ਸੋਸਾਇਟੀ ਨੂੰ ਦੇਣ ਦਾ ਸੁਆਗਤ ਕਰਦੇ ਬਿਆਨ ਅਖ਼ਬਾਰਾਂ 'ਚ ਛਪਵਾਏ ਗਏ ਸਨ।ਪਰ ਜਦੋਂ ਸੰਗਤਾਂ ਨੇ ਇਸ ਸਾਂਝ ਦੇ ਖਿਲਾਫ ਨਾਰਾਜ਼ਗੀ ਜ਼ਾਹਿਰ ਕੀਤੀ ਤਾਂ ਅੱਜ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਇਸ ਮਸਲੇ ਉਤੇ ਸਕੂਲ ਸਟਾਫ ਨੂੰ ਕਾਰਨ ਦੱਸੋ ਨੋਟਿਸ ਦੇਣ ਅਤੇ ਵਕੀਲਾਂ ਦੇ ਖਿਲਾਫ ਪੁਲਿਸ ਨੂੰ ਸ਼ਿਕਾਇਤ ਦੇਣ ਦੀ ਗੱਲ ਕਰ ਰਹੇ ਹਨ।ਜੀਕੇ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਦਿੱਲੀ ਪਬਲਿਕ ਸਕੂਲ ਇੰਟਰਨੈਸ਼ਨਲ ਸੋਸਾਇਟੀ ਦਾ ਮਾਲਕ ਗੁਜਰਾਤ ਦੇ ਅੰਕਲੇਸ਼ਵਰ ਦਾ ਰਹਿਣ ਵਾਲਾ ਵਿਜੈ ਕੁਮਾਰ ਉਤਮ ਭਾਈ ਪਵਾਰ ਹੈ।ਇਸ ਲਈ ਕਾਲਕਾ ਇਹ ਦੱਸਣ ਕਿ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਉਨ੍ਹਾਂ ਦੇ ਖਾਸ ਸਟਾਫ ਮੈਂਬਰਾਂ ਤੇ ਕਾਲਕਾ ਦੇ ਦਫ਼ਤਰ ਦੇ ਗੁਜਰਾਤ ਕਨੈਕਸ਼ਨ ਦਾ ਤੱਥ ਕੀ ਹੈ? ਕਿਉਂਕਿ ਪੰਥਕ ਸਕੂਲਾਂ ਨੂੰ ਲੈਣ ਦੀ ਗੁਜਰਾਤੀ ਸੁਸਾਇਟੀ ਵੱਲੋਂ ਆਈ ਪੇਸ਼ਕਸ਼ ਦਾ ਸੁਆਗਤ ਕਰਨ ਵਾਲੇ ਉਕਤ ਸਟਾਫ ਮੈਂਬਰਾਂ ਨੂੰ ਤੁਸੀਂ ਪਿੱਛੇ ਤਰੱਕੀਆਂ ਨਾਲ ਨਿਵਾਜਿਆ ਸੀ।ਹੁਣ ਗੁਜਰਾਤੀ ਸੁਸਾਇਟੀ ਵੱਲੋਂ ਤੁਹਾਡੇ ਦਫ਼ਤਰ ਨੂੰ ਭੇਜੀ ਗਈ ਕਥਿਤ ਪੇਸ਼ਕਸ਼ ਦੀ ਈਮੇਲ ਤੁਹਾਡੇ ਖਾਸ ਸਟਾਫ ਮੈਂਬਰਾਂ ਤੱਕ ਸੁਆਗਤ ਲਈ ਕਿਵੇਂ ਪੁੱਜੀ? ਜੀਕੇ ਨੇ ਖੁਲਾਸਾ ਕੀਤਾ ਕਿ ਇਹ ਗੁਜਰਾਤੀ ਸੁਸਾਇਟੀ ਅਸਲੀ ਦਿੱਲੀ ਪਬਲਿਕ ਸਕੂਲ ਵਾਲੀ ਸੁਸਾਇਟੀ ਨਹੀਂ ਹੈ, ਸਗੋਂ ਇਨ੍ਹਾਂ ਦੋਵਾਂ ਸੁਸਾਇਟੀਆਂ ਵਿਚਾਲੇ ਟ੍ਰੇਡਮਾਰਕ ਅਤੇ ਲੋਗੋ ਦੀ ਕਾਨੂੰਨੀ ਲੜਾਈ ਚੱਲ ਰਹੀ ਹੈ।ਜੀਕੇ ਨੇ 12 ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੀ ਆਰਥਿਕ ਸਿਹਤ ਬਾਰੇ ਸੇਠੀ ਅਤੇ ਮੇਹਰਾ ਚਾਰਟਰਡ ਅਕਾਊਂਟੈਂਟਸ ਦੀ ਦਿੱਲੀ ਹਾਈਕੋਰਟ ਦੇ ਆਦੇਸ਼ ਉਤੇ ਆਈ ਫੋਰੈਂਸਿਕ ਆਡਿਟ ਰਿਪੋਰਟ ਦਾ ਵੇਰਵਾ ਜਾਰੀ ਕਰਦਿਆਂ ਇਸ ਰਿਪੋਰਟ ਨੂੰ ਤੱਥਾਂ ਰਹਿਤ ਦੱਸਿਆ।ਜੀਕੇ ਨੇ ਕਿਹਾ ਕਿ ਦਿੱਲੀ ਹਾਈਕੋਰਟ ਨੇ ਸਾਰੇ 12 ਸਕੂਲਾਂ, ਸੋਸਾਇਟੀ ਅਤੇ ਖਾਤਿਆਂ ਦੇ ਬੀਤੇ ਤਿੰਨ ਸਾਲ ਦਾ ਫੋਰੈਂਸਿਕ ਆਡਿਟ ਕਰਨ ਦਾ ਹੁਕਮ ਦਿੱਤਾ ਸੀ।ਪਰ ਇਸ ਕਥਿਤ ਫੋਰੈਂਸਿਕ ਆਡਿਟ 'ਚ ਖਾਤਿਆਂ ਦਾ ਆਡਿਟ ਕਰਨ ਦੀ ਥਾਂ 12 ਸਕੂਲਾਂ ਅਤੇ ਸੋਸਾਇਟੀ ਦੇ ਪੁਰਾਣੇ ਆਡਿਟਾਂ ਦਾ ਆਡਿਟ ਕੀਤਾ ਗਿਆ ਹੈ।ਇਹ ਕਥਿਤ ਫੋਰੈਂਸਿਕ ਆਡਿਟ ਸਕੂਲਾਂ ਦੀ ਮਾੜੀ ਮਾਲੀ ਹਾਲਤ ਬਾਰੇ ਤਾਂ ਦੱਸਦਾ ਹੈ ਪਰ ਉਨ੍ਹਾਂ ਮਾੜੇ ਹਾਲਾਤ ਦੇ ਕਾਰਨ ਅਤੇ ਉਪਾਅ ਬਾਰੇ ਜਾਣਕਾਰੀ ਨਹੀਂ ਦਿੰਦਾ। ਨਾਲ ਹੀ ਦਿੱਲੀ ਕਮੇਟੀ ਦੇ ਖਾਤਿਆਂ ਦਾ ਫੋਰੈਂਸਿਕ ਆਡਿਟ ਵੀ ਨਹੀਂ ਕੀਤਾ ਗਿਆ ਹੈ।ਇਹ ਆਡਿਟ ਰਿਪੋਰਟ ਇਕ ਪਾਸੇ ਦਿੱਲੀ ਕਮੇਟੀ ਵੱਲੋਂ ਦਿੱਤੇ ਗਏ ਪੈਸੇ ਨੂੰ ਗ੍ਰਾਂਟਾਂ ਦੇ ਤੌਰ ਉਤੇ ਵਿਖਾ ਰਹੀ ਹੈ ਅਤੇ ਕਰਜ਼ੇ ਦੇ ਤੌਰ ਉਤੇ ਵੀ ਵਿਖਾ ਰਹੀ ਹੈ। ਜਦਕਿ ਗ੍ਰਾਂਟਾਂ ਦੀ ਵਾਪਸੀ ਨਹੀਂ ਹੁੰਦੀ।ਜੇਕਰ ਇਹ ਸਕੂਲਾਂ ਨੂੰ ਦਿੱਤਿਆਂ ਗਈਆਂ ਗ੍ਰਾਂਟਾਂ ਹਨ ਤਾਂ ਫਿਰ ਇਹ ਕਰਜ਼ਾ ਕਿਵੇਂ ਹੋ ਸਕਦਾ ਹੈ? ਜੇਕਰ ਇਹ ਕਰਜ਼ਾ ਹੈ ਤਾਂ ਫਿਰ ਗ੍ਰਾਂਟਾਂ ਕਿਵੇਂ ਹਨ? ਜੀਕੇ ਨੇ ਇਸ ਕਥਿਤ ਫੋਰੈਂਸਿਕ ਆਡਿਟ ਰਿਪੋਰਟ ਦਾ ਹਵਾਲਾ ਦਿੰਦੇ ਦਸਿਆ ਕਿ ਕਈ ਸਕੂਲਾਂ ਦੀ ਫੀਸ ਪ੍ਰਾਪਤੀ ਤੇ ਮੁਕਾਬਲੇ ਸਟਾਫ ਦੀਆਂ ਤਨਖਾਹਾਂ ਉਤੇ 100 ਤੋਂ 373 ਫੀਸਦੀ ਵੱਧ ਅਨੁਪਾਤ ਸਾਹਮਣੇ ਆਇਆ ਹੈ।ਇਸ 1 ਰੁਪਏ ਦੀ ਆਮਦਨ ਉਤੇ 3.75 ਰੁਪਏ ਦੀ ਸਟਾਫ ਤਨਖਾਹ ਵਾਲੇ ਸਕੂਲਾਂ 'ਚ ਕਾਲਕਾ ਜੀ ਸਕੂਲ ਦਾ ਹੋਣਾ ਇਹ ਸਾਬਤ ਕਰਦਾ ਹੈ ਕਿ ਪ੍ਰਧਾਨ ਸਾਬ ਨੇ ਆਪਣੇ ਇਲਾਕੇ ਦੀਆਂ ਵੋਟਾਂ ਲੈਣ ਲਈ ਕਾਲਕਾ ਜੀ ਸਕੂਲ ਨੂੰ ਘਾਟੇ ਦਾ ਕਾਰਖਾਨਾ ਬਣਾ ਦਿੱਤਾ ਹੈ।ਇਸ ਮੌਕੇ ਦਿੱਲੀ ਕਮੇਟੀ ਮੈਂਬਰ ਕਰਤਾਰ ਸਿੰਘ ਵਿੱਕੀ ਚਾਵਲਾ, ਜਤਿੰਦਰ ਸਿੰਘ ਸੋਨੂੰ ਅਤੇ ਅਕਾਲੀ ਦਲ ਦੇ ਸਾਬਕਾ ਕੌਮੀ ਬੁਲਾਰੇ ਡਾਕਟਰ ਪਰਮਿੰਦਰ ਪਾਲ ਸਿੰਘ ਨੇ ਵੀ ਮੀਡੀਆ ਨਾਲ ਕੁਝ ਤਕਨੀਕੀ ਨੁਕਤਿਆਂ ਦੀ ਸਾਂਝ ਕੀਤੀ।ਇਸ ਮੌਕੇ ਦਿੱਲੀ ਕਮੇਟੀ ਮੈਂਬਰ ਪਰਮਜੀਤ ਸਿੰਘ ਰਾਣਾ, ਮਹਿੰਦਰ ਸਿੰਘ, ਸਾਬਕਾ ਕਮੇਟੀ ਮੈਂਬਰ ਹਰਜਿੰਦਰ ਸਿੰਘ, ਅਕਾਲੀ ਆਗੂ ਵਿਕਰਮ ਸਿੰਘ, ਬਾਬੂ ਸਿੰਘ ਦੁਖੀਆ, ਬਖਸ਼ਿਸ਼ ਸਿੰਘ, ਹਰਵਿੰਦਰ ਸਿੰਘ ਅਤੇ ਗੁਰਜੀਤ ਸਿੰਘ ਆਦਿਕ ਮੌਜੂਦ ਸਨ।

## ਸਿੱਖਿਆ ਪ੍ਰੋਜੈਕਟ ਵੱਲੋਂ ਕਿਸ਼ੋਰੀ ਅਵਸਥਾ ਦੇ ਬੱਚਿਆਂ ਲਈ ਵਿਸ਼ੇਸ਼ ਸੈਮੀਨਾਰ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਾਓਸਿਸ ਆਫ ਅੰਮ੍ਰਿਤਸਰ ਚਰਚ ਆਫ ਨੌਰਥ ਇੰਡੀਆ ਵੱਲੋਂ ਸਰਹੱਦੀ ਖੇਤਰ ਵਿਚ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਚਲਾਏ ਜਾ ਰਹੇ ਸਿੱਖਿਆ ਪ੍ਰੋਜੈਕਟ ਵੱਲੋਂ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਸ਼ਾਹਪੁਰ ਜਾਜਨ ਵਿਖੇ ਕਿਸ਼ੋਰੀ ਅਵਸਥਾ ਦੇ ਬੱਚਿਆ ਲਈ ਵਿਸ਼ੇਸ਼ ਸੈਮੀਨਾਰ ਲਗਾਇਆ।ਇਸ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸਿਵਲ ਹਸਪਤਾਲ ਡੇਰਾ ਬਾਬਾ ਨਾਨਕ ਦੇ ਮੈਡੀਕਲ ਅਫ਼ਸਰ ਡਾ. ਜਤਿੰਦਰ ਸਿੰਘ ਨੇ ਵਿਸਥਾਰ ਨਾਲ ਬੱਚਿਆ ਨੂੰ ਕਿਸ਼ੋਰੀ ਉਮਰ ਦੇ ਬੱਚਿਆਂ ਨੂੰ ਸਰੀਰਕ, ਮਾਨਸਿਕ, ਵਿਵਹਾਰਿਕ ਬਦਲਾਅ ਬਾਰੇ ਦੱਸਿਆ ਅਤੇ ਇਸ ਤੋ ਬਚਦਿਆਂ ਹੋਇਆ ਜ਼ਿੰਦਗੀ ਦੇ ਟੀਚਿਆਂ ਨੂੰ ਹਾਸਲ ਕਰਨ ਬਾਰੇ ਸਮਝਾਇਆ।ਇਸ ਸਮੇਂ ਸਹਾਇਕ ਕੋਆਰਡੀਨੇਟਰ ਡਿੰਪਲ ਕੁਮਾਰ ਨੇ ਕਿਹਾ ਕਿ ਸਿੱਖਿਆਂ ਪ੍ਰੋਜੈਕਟ ਵੱਲੋਂ ਕਰੀਬ 20 ਪਿੰਡਾਂ ਵਿਚ ਸਿੱਖਿਆ ਸੈਂਟਰ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿਚ ਕਰੀਬ 1600 ਵਿਦਿਆਰਥੀਆਂ ਨੂੰ ਫ੍ਰੀ ਸਿੱਖਿਆ ਦਿੱਤੀ ਜਾ ਰਹੀ ਹੈ। ਇਸ ਮੌਕੇ ਪਾਦਰੀ ਪਤਰਸ ਮਸੀਹ, ਸੋਸ਼ਲ ਵਰਕਰ ਮੈਡਮ ਕੈਥਲੀਨ, ਮੈਡਮ ਮਨਪ੍ਰੀਤ, ਮੈਡਮ ਰਮਨ, ਮੈਡਮ ਸ਼ਮ੍ਹਾ ਪਬਾਰੈਲੀ, ਮੈਡਮ ਤਾਨਿਆ, ਮੈਡਮ ਆਸ਼ਿਸ਼ ਆਦਿ ਹਾਜ਼ਰ ਸਨ ।

25-NovPAGE-11-Majha-2024.qxd 11/24/2024 10:56 PM Page 2



# ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ ਸਾਲਾਨਾ ਜੋੜ ਮੇਲੇ ਨੂੰ ਸਮਰਪਤ ਭਿੱਖੀਵਿੰਡ ਤੋਂ ਵਿਸ਼ੇਸ਼ ਸਪਲੀਮੈਂਟ



## ਸ਼ਹੀਦ ਬਾਬਾ ਸ਼ਾਮ ਸਿੰਘ ਜੀ ਨਾਰਲਾ

ਸਾਖੀ ਸਿੰਘ ਸੁ ਸਯਾਮ ਕੀ ਜੋ ਸਰਦਾਰਨ ਭਯੋ ਸਰਦਾਰ

ਆਪ ਸਭ ਸੰਗਤਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਸ਼ਹੀਦ ਬਾਬਾ ਸ਼ਾਮ ਸਿੰਘ ਜੀ ਨਾਰਲਾ (18ਵੀਂ ਸਦੀ ਦੇ ਮਹਾਨ ਜਰਨੈਲ ਕਰੌੜੀਆਂ ਮਿਸਲ ਵਾਲੇ) ਜੀ ਦਾ

## ਸਾਲਾਨਾ 334ਵਾਂ ਜਨਮ ਦਿਹਾੜਾ

ਹਰ ਸਾਲ ਦੀ ਤਰ੍ਹਾਂ ਮਿਤੀ 25 ਨਵੰਬਰ, 2024 ਦਿਨ ਸੋਮਵਾਰ (10 ਮੱਘਰ) ਪਿੰਡ ਨਾਰਲਾ ਵਿਖੇ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ।

### ਸੰਖੇਪ ਇਤਿਹਾਸ

ਜਥੇਦਾਰ ਸ. ਸ਼ਾਮ ਸਿੰਘ ਜੀ ਨਾਰਲਾ ਦਾ ਜਨਮ ਪਿੰਡ ਨਾਰਲਾ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਸਾਹਿਬ ਨੇੜੇ ਭਿੱਖੀਵਿੰਡ ਵਿਖੇ 1690 ਈਸਵੀ ਵਿੱਚ ਸ. ਮਾਲੀ ਸਿੰਘ ਸੰਧੂ ਜੱਟ ਦੇ ਘਰ ਹੋਇਆ। ਸੰਨ 1700 'ਚ ਦਸਮੇਸ਼ ਪਿਤਾ ਜੀ ਦੇ ਦਰਸ਼ਨ ਆਪ ਜੀ ਨੇ ਆਪਣੇ ਪਿਤਾ ਨਾਲ ਸ੍ਰੀ ਆਨੰਦਪੁਰ ਸਾਹਿਬ ਵਿਖੇ ਕੀਤੇ। ਜਦੋਂ ਜਵਾਨ ਹੋਏ ਤਾਂ ਬਾਬਾ ਬੰਦਾ ਸਿੰਘ ਬਹਾਦਰ ਦੇ ਜਰਨੈਲ ਸ. ਮਸਤਾਨ ਸਿੰਘ ਦੇ ਜਥੇ ਵਿੱਚ ਸ਼ਾਮਲ ਹੋ ਕੇ ਦੇਸ਼ ਅਤੇ ਕੌਮ ਦੀ ਸੇਵਾ ਕੀਤੀ ਅਤੇ ਸ. ਮਸਤਾਨ ਸਿੰਘ ਦੀ ਸ਼ਹੀਦੀ ਪਿੱਛੋਂ ਜਥੇ ਦੀ ਕਮਾਨ ਸੰਭਾਲੀ। ਮੱਸੇ ਰੰਗੜ ਦਾ ਸਿਰ ਵੱਢ ਕੇ ਬੁੱਢੇ ਜੋਹੜ ਰਾਜਸਥਾਨ ਵਿੱਚ ਬਾਬਾ ਸ਼ਾਮ ਸਿੰਘ ਜੀ ਦੇ ਜਥੇ ਦੇ ਸੂਰਬੀਰਾਂ ਸ. ਸੁੱਖਾ ਅਤੇ ਮਹਿਤਾਬ ਸਿੰਘ ਜੀ ਨੇ ਖੜਿਆ ਸੀ।

### ਗੁਰਮਤਿ ਦੇ ਅਸੂਲ

ਅਕਾਲ ਖੁਰਖ ਦਾ ਹੁਕਮ ਹੈ ਫੋਟੋਆਂ ਨੂੰ ਮੱਥਾ ਨਹੀਂ ਟੇਕਣਾ, ਕੋਈ ਜੋਤ ਨਹੀਂ ਜਗਾਉਣੀ, ਨਾ ਕਿਸੇ ਕਬਰ 'ਤੇ ਮੱਥਾ ਟੇਕਣਾ ਅਤੇ ਨਾ ਹੀ ਤੇਲ ਪਾਉਣਾ, ਬਾਹਰੋਂ ਕਿਸੇ ਕੋਲੋਂ ਪ੍ਰਸਾਦ ਨਹੀਂ ਲੈਣਾ, ਸ਼ੇਖ ਫੱਤੇ ਖੀਰ ਨਹੀਂ ਖੜਨੀ, ਖੀਰ ਸਿਰਫ਼ ਗੁਰਦੁਆਰਾ ਸਾਹਿਬ ਹੀ ਲੈ ਕੇ ਜਾਣੀ ਹੈ, ਕਿਸੇ ਪਾਖੰਡੀ ਸਾਧੂ ਸੰਤ ਦੇ ਪੈਰੀਂ ਜਾਂ ਗੋਡੀਂ ਹੱਥ ਨਹੀਂ ਲਾਉਣਾ ਅਤੇ ਨਾ ਹੀ ਸ਼ਬਦ ਧਾਗਾ ਲੈਣਾ ਹੈ, ਸ਼ਬਦ ਸਿਰਫ਼ ਤੇ ਸਿਰਫ਼ ਗੁਰੂ ਸਾਹਿਬ ਹੈ, ਪਾਖੰਡੀ ਸਾਧਾਂ ਦੀਆਂ ਮਨ ਮਤਾਂ ਤੋਂ ਬਚਣਾ, ਮੱਥਾ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਟੇਕਣਾ ਅਤੇ ਭਰੋਸਾ ਸਿਰਫ਼ ਅਕਾਲ ਪੁਰਖ 'ਤੇ ਰੱਖਣਾ ਹੈ। ਇਹ ਹੀ ਗੁਰਮਤਿ ਅਤੇ ਸਿੱਖੀ ਦੇ ਅਸੂਲ ਹਨ।

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸਾਬਕਾ ਸੈਨਿਕਾਂ ਲਈ ਈ ਸੀ ਐੱਚ ਐੱਸ ਸੇਵਾ ਅਧੀਨ

ਰਾਣਾ ਹਸਪਤਾਲ ਖਾਲੜਾ

ਵਿਖੇ ਇਲਾਜ ਕਰਵਾਉਣ ਲਈ ਮਿਲੋ






ਮੋਬਾ. 98550-88415

ਐਮ ਡੀ ਰਣਜੀਤ ਸਿੰਘ ਰਾਣਾ



ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ



ਸਰਵਣ ਸਿੰਘ ਧੁੰਨ
ਹਲਕਾ ਵਿਧਾਇਕ ਖੇਮਕਰਨ

ਹਰਦਿਆਲ ਸਿੰਘ
ਸਰਪੰਚ ਮਾੜੀ ਕੰਬੋਕੇ

## ਧੰਨਵਾਦ



ਮੈਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾਂ ਹਾਂ, ਜਿਨ੍ਹਾਂ ਨੇ ਮੈਨੂੰ ਸਪਲੀਮੈਂਟ ਦੇ ਕੇ ਮੇਰਾ ਸਾਥ ਦਿੱਤਾ ਤੇ ਭਰਵਾਂ ਸਹਿਯੋਗ ਦਿੱਤਾ। ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਨੋਂ ਨਹੀਂ ਰਹਿ ਸਕਦਾ, ਜਿਨ੍ਹਾਂ ਨੇ ਇਸ ਮੌਕੇ ਟਾਲ-ਮਟੋਲ ਕਰਕੇ ਆਪਣਾ ਤੇ ਮੇਰਾ ਟਾਇਮ ਖਰਾਬ ਕੀਤਾ ਤੇ ਅੰਤ ਸਮੇਂ ਫੋਨ ਚੁੱਕਣੇ ਹੀ ਬੰਦ ਕਰ ਦਿੱਤੇ। ਮੈਨੂੰ ਉਨ੍ਹਾਂ 'ਤੇ ਕੋਈ ਗਿਲਾ ਨਹੀਂ ਹੈ, ਸਗੋਂ ਪੂਰੀ ਆਸ ਹੈ ਕਿ ਉਹ ਅਗਲੇ ਸਪਲੀਮੈਂਟ ਵਿੱਚ ਮੈਨੂੰ ਸਹਿਯੋਗ ਜ਼ਰੂਰ ਦੇਣਗੇ।

ਪੱਤਰਕਾਰ ਲਖਵਿੰਦਰ ਸਿੰਘ ਗੋਲਣ
ਪ੍ਰਧਾਨ ਪ੍ਰੈਸ ਫੀਲਡ ਜਰਨਲਿਸਟ ਐਸੋਸੀਏਸ਼ਨ ਹਲਕਾ ਖੇਮਕਰਨ
98147-70122,70094-77561
golannrimpal9@gmail.com



ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਸੈਕਰਡ ਸੋਲਜ਼ ਸਕੂਲ, ਕਾਲੇ
ਚੇਅਰਮੈਨ ਕੰਧਾਲ ਸਿੰਘ ਬਾਠ
ਮੋਬਾ. 98725-35001

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ



ਪ੍ਰਿਤਪਾਲ ਸਿੰਘ
ਜ਼ਿਲ੍ਹਾ ਇੰਚਾਰਜ 'ਨਵਾਂ ਜ਼ਮਾਨਾ' ਤਰਨ ਤਾਰਨ
ਮੋਬਾ. 98143-68268



ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਬਾਬਾ ਸਤਨਾਮ ਸਿੰਘ ਜੀ
ਮੁੱਖ ਸੇਵਾਦਾਰ
ਗੁਰਦੁਆਰਾ ਧੰਨ ਧੰਨ ਬਾਬਾ ਸ਼ਾਮ ਸਿੰਘ ਜੀ, ਪਿੰਡ ਨਾਰਲਾ



ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਜੀ ਦੇ 334ਵੇਂ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

ਬਾਬਾ ਮੌਜ ਦਾਸ ਜੀ
ਕੰਬੋਕੇ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਰਣਧੀਰ ਸਿੰਘ
ਵੈਟਰਨਰੀ ਅਫ਼ਸਰ

ਮਨਜੀਤ ਸਿੰਘ
ਐਸ ਡੀ ਓ ਪੰਜਾਬ ਮੰਡੀ ਬੋਰਡ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਰਿਪਲ ਗੋਲਣ
ਪੱਤਰਕਾਰ

ਕੰਵਲਜੀਤ ਸਿੰਘ
ਪੱਤਰਕਾਰ, ਬੇਗੇਪੁਰ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸਵ. ਬਾਬਾ ਬਾਜ਼ ਸਿੰਘ
ਅਲਗੋਂ ਕਲਾਂ

ਬਾਬਾ ਗੁਰਸੇਵਕ ਸਿੰਘ
ਲਾਡੀ

ਰਾਹੁਲ
ਡਿਪਟੀ ਕਮਿਸ਼ਨਰ, ਤਰਨ ਤਾਰਨ

ਅਭਿਮਨਿਉ ਰਾਣਾ
ਐਸ ਐਸ ਪੀ, ਤਰਨ ਤਾਰਨ

ਪ੍ਰੀਤਇੰਦਰ ਸਿੰਘ
ਡੀ ਐਸ ਪੀ, ਭਿੱਖੀਵਿੰਡ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਲਖਵਿੰਦਰ ਸਿੰਘ ਕਲੇਰ
ਡੀ ਐਸ ਪੀ, ਅਟਾਰੀ

ਜਸਪਾਲ ਸਿੰਘ
ਐਸ ਐਚ ਓ, ਥਾਣਾ ਕੱਚਾ ਪੱਕਾ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਜਗਮੋਹਨ ਸਿੰਘ
ਸਰਪੰਚ, ਕਲਸੀਆਂ ਖੁਰਦ

ਜਰਨੈਲ ਸਿੰਘ ਨਾਰਲਾ
ਸਾਬਕਾ ਸਰਪੰਚ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਜੀ ਦੇ 334ਵੇਂ ਸਾਲਾਨਾ ਜੋੜ ਮੇਲੇ ਦੀਆਂ ਸਮੂਹ ਸਾਧ ਸੰਗਤਾਂ ਨੂੰ ਲੱਖ-ਲੱਖ ਵਧਾਈਆਂ

KALGIDHAR PUBLIC SCHOOL, BHIKHIWIND
REQUIRES STAFF FOR THE FOLLOWING SUBJECTS

MATHEMATICS,
ENGLISH, SCIENCE,
B.Sc. Non-Medical,
M.A. English,
B.Sc. Medical



ਚੇਅਰਮੈਨ ਬੁੱਢਾ ਸਿੰਘ

Salary No Bar For Competent Candidate
Fluent in English and Computer Savvy
Will Be Preferred.
Come Join our Team
Contact : 98153-73247

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ



ਡਾ. ਨੀਰਜ ਮਲਹੋਤਰਾ
ਆਨੰਦ ਹਸਪਤਾਲ, ਅੰਮ੍ਰਿਤਸਰ ਰੋਡ ਭਿੱਖੀਵਿੰਡ
ਮੋਬਾ. 99884-54579

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਮਿਲਖਾ ਸਿੰਘ
ਸਾਬਕਾ ਸਰਪੰਚ, ਅਮੀਸ਼ਾਹ

ਜਗਰੂਪ ਸਿੰਘ ਮੱਖੀਵਾਲੇ

ਗੁਰਪ੍ਰੀਤ ਸਿੰਘ

ਨਿਸ਼ਾਨ ਸਿੰਘ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਜੀ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸਰਵਣ ਸਿੰਘ ਧੁੰਨ
ਹਲਕਾ ਵਿਧਾਇਕ, ਖੇਮਕਰਨ

ਗੁਰਜੀਤ ਸਿੰਘ ਜੰਡ
ਸਰਪੰਚ, ਖਾਲੜਾ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਅਰਜਨ ਸਿੰਘ ਧੁੰਨ

ਅਵਤਾਰ ਸਿੰਘ ਮੱਖੀਵਾਲੇ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸੁਖਪਾਲ ਸਿੰਘ ਭੁੱਲਰ
ਸਾਬਕਾ ਵਿਧਾਇਕ ਖੇਮਕਰਨ

ਰਾਜ ਕੁਮਾਰ
ਸੀਨੀ. ਕਾਂਗਰਸੀ ਆਗੂ, ਅਲਗੋਂ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਗਾਇਕ ਸੁਰਜੀਤ ਸਿੰਘ ਭੁੱਲਰ

ਗੁਰਪ੍ਰੀਤ ਸਿੰਘ
ਪਰਸਨਲ ਸੈਕਟਰੀ, ਸੁਰਜੀਤ ਭੁੱਲਰ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸੁਖਪਾਲ ਸਿੰਘ ਭੁੱਲਰ
ਸਾਬਕਾ ਵਿਧਾਇਕ, ਕਾਂਗਰਸ
ਹਲਕਾ ਖੇਮਕਰਨ

ਸੁਬੇਗ ਸਿੰਘ
ਸੀਨੀ. ਕਾਂਗਰਸੀ ਆਗੂ, ਨਾਰਲੀ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਗੁਰਚਰਨਜੀਤ ਸਿੰਘ (ਰਜਿਸਟਰਾਰ)
ਜੀ ਐਨ ਡੀ ਯੂ, ਕਾਲਜ ਚੂੰਘ

ਪ੍ਰਿੰਸੀਪਲ ਕਿੰਦਰਜੀਤ ਕੌਰ
ਜੀ ਐਨ ਡੀ ਯੂ, ਕਾਲਜ ਚੂੰਘ



ਸ਼ਹੀਦ ਭਗਤ ਸਿੰਘ ਪਬਲਿਕ ਸਕੂਲ ਭਿੱਖੀਵਿੰਡ (ਤਰਨ ਤਾਰਨ)

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਹਰਦਿਆਲ ਸਿੰਘ
ਪੱਤਰਕਾਰ, ਅਲਗੋਂ ਕੋਠੀ

ਪੰਜਾਬ ਸਿੰਘ ਕੰਬੋਕੇ
ਬੀ ਕੇ ਯੂ (ਅੰਬਾਵਤਾ) ਜ਼ਿਲ੍ਹਾ ਪ੍ਰਧਾਨ ਤਰਨ ਤਾਰਨ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਗੁਰਬੀਰ ਸਿੰਘ ਨਾਰਲੀ | ਡਾ. ਹਰਪ੍ਰਭਜੀਤ ਸਿੰਘ | ਡਾ. ਅਮਰਜੀਤ ਸਿੰਘ (ਭਿੱਖੀਵਿੰਡ) | ਸੁਰਜੀਤ ਸਿੰਘ ਆੜ੍ਹਤੀਆ, ਮੁਗਲਚੱਕ | ਤਿਲਕ ਰਾਜ, ਸਿੱਧਵਾਂ ਆੜ੍ਹਤੀਆ | ਨੰਬਰਦਾਰ ਕੁਲਵਿੰਦਰ ਸਿੰਘ ਕੰਬੋਕੇ | ਸਰਬਸੁਖਰਾਜ ਸਿੰਘ (ਨਾਰਲਾ)

ਰੋਹਿਤ ਟਰੇਡਿੰਗ ਕੰਪਨੀ, ਖਾਲੜਾ | ਹਰਨੰਦ ਸਿੰਘ ਨਾਰਲਾ | ਸੰਨੀ ਅਰੋੜਾ, ਖਾਲੜਾ | ਜਸਬੀਰ ਸਿੰਘ ਖਾਲਸਾ | ਰਣਜੀਤ ਸਿੰਘ ਸਾਬਕਾ ਸਰਪੰਚ | ਅਵਤਾਰ ਸਿੰਘ ਨਾਰਲਾ | ਸੁਰਿੰਦਰ ਸਿੰਘ ਵਾਂ ਪੱਤਰਕਾਰ

ਧੰਨ ਧੰਨ ਬਾਬਾ ਸ਼ਾਮ ਸਿੰਘ ਜੀ ਨਾਰਲਾ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ

ਸਰਵਣ ਸਿੰਘ ਧੁੰਨ
ਹਲਕਾ ਵਿਧਾਇਕ ਖੇਮਕਰਨ

ਗੁਰਵਿੰਦਰ ਸਿੰਘ ਮੱਦਰ
ਸਰਪੰਚ

ਧੰਨ ਧੰਨ ਬਾਬਾ ਸ਼ਾਮ ਸਿੰਘ ਨਾਰਲਾ ਜੀ ਦੇ 334ਵੇਂ ਸਾਲਾਨਾ ਜੋੜ ਮੇਲੇ 'ਤੇ ਭਿੱਖੀਵਿੰਡ ਤੋਂ ਸਪਲੀਮੈਂਟ ਕੱਢਣ 'ਤੇ ਪੱਤਰਕਾਰ ਲਖਵਿੰਦਰ ਸਿੰਘ ਗੋਲਣ ਨੂੰ ਲੱਖ-ਲੱਖ ਮੁਬਾਰਕਾਂ



ਸਿਮਰਨ ਹਸਪਤਾਲ ਭਿੱਖੀਵਿੰਡ
ਐਮ ਡੀ ਗੁਰਮੇਜ ਸਿੰਘ ਵੀਰਮ